# ਚਿਰਾਗ

ਅਕਤੂਬਰ-ਦਸੰਬਰ 2010

**October-December 2010**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਪਾਕਿਸਤਾਨੀ ਚਿਤਰਕਾਰ
ਦੀ ਨਜ਼ਰ ਵਿੱਚ
**ਬਾਬਾ ਨਾਨਕ**

20 ਰੁਪਏ | 74 | ਅਕਤੂਬਰ-ਦਸੰਬਰ 2010

# ਹਿਰਾਗ



ਪਾਕਿਸਤਾਨੀ ਚਿਤਰਕਾਰ
ਦੀ ਨਜ਼ਰ ਵਿੱਚ
**ਬਾਬਾ ਨਾਨਕ**

20 ਰੁਪਏ | 74 | ਅਕਤੂਬਰ-ਦਸੰਬਰ 2010

# ਚਿਰਾਗ਼ ਤਿਮਾਹੀ

**ਅਕਤੂਬਰ-ਦਸੰਬਰ 2010**

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ, ਯੂ.ਐਸ.ਏ., ਨਵਤੇਜ ਸਿੰਘ (ਕੈਨੇਡਾ)


## ਤਤਕਰਾ


| | |
|---|---|
| ਸੰਪਾਦਕੀ ਟਿੱਪਣੀ | ਅਕਾਦਮੀ ਚੋਣਾਂ ਤੇ ਜਮਾਤੀ ਸੋਝੀ |
| ਇਸ ਵਾਰ ਦਾ ਵਿਸ਼ੇਸ਼ ਕਵੀ | ਮਦਨ ਵੀਰਾ ਦੀਆਂ ਪੰਜ ਕਵਿਤਾਵਾਂ |
| ਨਜ਼ਮਾਂ | ਅਰਸ਼ ਬਿੰਦੂ, ਨ.ਸ.ਰਤਨ, |
| ਵਤਨੋਂ ਦੂਰ | ਹਰਕੰਵਲਜੀਤ ਸਾਹਿਲ, ਵਰਿੰਦਰ ਪ੍ਰੀਹਾਰ |
| ਕਹਾਣੀ | ਟੋਪਚੂ (ਉਦੈ ਪ੍ਰਕਾਸ਼), ਹੁੰਮਸ (ਖਾਲਿਦ ਫਰਹਾਦ ਧਾਰੀਵਾਲ) |
| ਵਿਚਾਰ ਚਰਚਾ | ਇਤਿਹਾਸ ਤੇ ਸਮਕਾਲ ਦਾ ਅੰਤਰ-ਮੁਖੀ ਨਿਰਣਾ (ਡਾ. ਪ੍ਰੇਮ ਸਿੰਘ), ਇਨਕਲਾਬੀ ਵਿਰਾਸਤ ਦਾ ਦਸਤਾਵੇਜ਼ – 'ਗਦਰ ਲਹਿਰ ਦੇ ਅਣਫੋਲੇ ਵਰਕੇ (ਡਾ. ਭੀਮ ਇੰਦਰ ਸਿੰਘ), ਪੰਜਾਬੀ ਸੂਫੀ ਕਵਿਤਾ ਦੀ ਧੁਨੀ (ਡਾ. ਸੁਖਦੇਵ ਸਿੰਘ) |
| ਗ਼ਜ਼ਲਾਂ | ਅਮਰ ਸੂਫ਼ੀ, ਮਹਿੰਦਰ ਦੀਪ ਗਰੇਵਾਲ, ਤ੍ਰੈਲੋਚਨ ਲੋਚੀ, ਹਮਾਯੋਂ ਪ੍ਰਵੇਜ਼ ਸ਼ਾਹਿਦ, ਹਰਸ਼ਰਨ ਸ਼ਰੀਫ, ਸੋਮਦੱਤ ਦਿਲਗੀਰ, ਪ੍ਰੀਤਮ ਪੰਧੇਰ, |
| ਪੁਸਤਕ ਪੜਚੋਲ | ਪਾਟਦੀ ਧੁੰਦ – ਇੱਕ ਜਾਇਜ਼ਾ (ਸੁਰਜੀਤ ਗਿੱਲ), ਯੁੱਗ ਅੰਤ – ਅੰਤ ਨਹੀਂ (ਹਰਿੰਦਰ ਬਰਾੜ), ਕਿਰਦੀ ਮਿੱਟੀ (ਦਰਸ਼ਨ ਬੁਲੰਦਵੀ), ਫਾਸ਼ੀਵਾਦ ਨੂੰ ਵੰਗਾਰ (ਡਾ. ਤੇਜਿੰਦਰ ਵਿਰਲੀ) |
| ਪੁਸਤਕ ਪ੍ਰਾਪਤੀ | ❖❖❖ |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242
Website : www.punjabilokyan.com



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

Email : kjskurukshetra@yahoo.com

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

**ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।**



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 282 -ਦੌਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 31 ਅਕਤੂਬਰ, 2010


ਸੰਪਾਦਕੀ ਟਿੱਪਣੀ

# ਅਕਾਦਮੀ ਚੋਣਾਂ ਤੇ ਜਮਾਤੀ ਸੋਝੀ

ਪਿੱਛੇ ਜਿਹੇ ਪੰਜਾਬੀ ਸਾਹਿਤ ਨਾਲ ਸਰੋਕਾਰ ਰੱਖਣ ਵਾਲੀ ਸਾਹਿਤਕ ਜਥੇਬੰਦੀ ਪੰਜਾਬੀ ਸਾਹਿਤ ਅਕਾਦਮੀ (ਲੁ.) ਦੀਆਂ ਚੋਣਾਂ ਹੋ ਕੇ ਹਟੀਆਂ ਹਨ। ਚੋਣਾਂ ਅੱਗੇ ਵੀ ਹੁੰਦੀਆਂ ਰਹੀਆਂ ਹਨ। ਇਸਦੇ ਨਾਲ ਹੀ ਪੰਜਾਬੀ ਲੇਖਕਾਂ ਦੀ ਪੁਰਾਣੀ ਜਥੇਬੰਦੀ ਕੇਂਦਰੀ ਲੇਖਕ ਸਭਾ ਦੀਆਂ ਵੀ ਚੋਣਾਂ ਹੋ ਕੇ ਹਟੀਆਂ ਹਨ। ਜਥੇਬੰਦੀਆਂ ਦੀਆਂ ਚੋਣਾਂ ਕੋਈ ਨਵੀਂ ਗੱਲ ਨਹੀਂ ਹੈ। ਇਸ ਵੇਲੇ ਪਹਿਲਾਂ ਨਾਲੋਂ ਵੱਖਰੀਆਂ ਗੱਲਾਂ ਇਹ ਹੋਈਆਂ ਹਨ ਕਿ ਇੱਥੇ ਲੇਖਕਾਂ ਨੇ ਪਹਿਲੀ ਵਾਰ ਸਾਹਿਤ ਅਕਾਦਮੀ ਦੀ ਚੋਣ ਵਿਚ ਆਪਣੀ ਜਮਾਤੀ ਸੂਝ ਦਾ ਪ੍ਰਗਟਾਵਾ ਕੀਤਾ ਹੈ। ਪੁਰਾਣੇ ਅਸੂਲ ਤੇ ਆਦਰਸ਼ ਕਿਸੇ ਖੱਲ ਖੂੰਜੇ ਸੁੱਟ ਕੇ ਕੇਵਲ ਕਬਜ਼ਾ ਕਰਨ ਦੀ ਲਾਲਸਾ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਸਾਹਿਤ ਅਕਾਦਮੀ ਕਦੇ ਮੱਧ ਵਰਗ ਨੇ ਸਾਹਿਤ 'ਤੇ ਆਪਣਾ ਗਲਬਾ ਕਾਇਮ ਰੱਖਣ ਲਈ ਬਣਾਈ ਸੀ। ਲੰਮਾ ਸਮਾਂ ਇਹ ਜਥੇਬੰਦੀ ਉੱਚ ਮੱਧ ਵਰਗ ਤੇ ਆਈ.ਏ. ਅਫਸਰਾਂ ਦੇ ਕਬਜ਼ੇ ਹੇਠ ਰਹੀ। ਉਹ ਅੰਦਰੋਂ-ਅੰਦਰੀਂ ਅਹੁਦੇਦਾਰੀਆਂ ਵੰਡ ਲੈਂਦੇ ਅਤੇ ਆਪਣੇ ਵਿਚੋਂ ਹੀ "ਸਨਮਾਨ ਯੋਗ" ਸਾਹਿਤਕਾਰ ਚੁਣ ਲੈਂਦੇ ਤੇ ਬਾਹਰ ਰੌਲਾ ਘੱਟ ਹੀ ਸੁਣਨ ਦਿੰਦੇ। ਸਮਾਂ ਬਦਲਿਆ, ਸਮਾਜ ਦੀ ਜਮਾਤੀ ਬਣਤਰ ਵਿਚ ਤਬਦੀਲੀਆਂ ਆਈਆਂ। ਨਿਮਨ ਵਰਗ ਚੋਂ ਉੱਠਿਆ ਇਕ ਤਬਕਾ ਜਿਹੜਾ ਆਪਣੀ ਮਿਹਨਤ ਨਾਲ ਮੱਧ ਵਰਗ ਵਿਚ ਸ਼ਾਮਿਲ ਹੋ ਗਿਆ। ਪਹਿਲਾਂ ਪਹਿਲ ਤਾਂ ਨਵੇਂ ਮੱਧ ਵਰਗੀ ਨੇੜੇ ਨਾ ਲੱਗਣ ਦਿੱਤੇ, ਪਰੰਤੂ ਸਮਾਂ ਪਾ ਕੇ ਪੁਰਾਣੇ ਮੱਧ ਵਰਗੀ ਤੇ ਅਫ਼ਸਰ ਬੁੱਢੇ ਹੁੰਦੇ ਗਏ ਤੇ ਕਮਜ਼ੋਰ ਹੋ ਗਏ। ਇਸ 'ਤੇ ਨਿਮਨ ਮੱਧ ਵਰਗ 'ਚੋਂ ਆਏ ਲੇਖਕਾਂ ਤੇ ਪ੍ਰੋਫੈਸਰਾਂ ਨੇ ਜਨਤਕ ਅਪੀਲ ਦੇ ਸਹਾਰੇ ਜਥੇਬੰਦੀ 'ਤੇ ਕਬਜ਼ਾ ਕਰ ਲਿਆ। ਪੁਰਾਣੇ ਅਫ਼ਸਰ ਲੇਖਕ ਸਟੇਜ ਤੋਂ ਦੂਰ ਹੁੰਦੇ-ਹੁੰਦੇ ਅਲੋਪ ਹੋ ਗਏ। ਨਵੀਂ ਕਾਬਜ਼ ਲੀਡਰਸ਼ਿਪ ਨੇ ਉਹੀ ਦਾਅ-ਪੇਚ ਵਰਤੇ ਜਿਹੜੇ ਕਦੇ ਸਰਮਾਇਦਾਰੀ ਜਾਗੀਰਦਾਰੀ ਵਿਰੁੱਧ ਲੜਨ ਸਮੇਂ ਵਰਤਦੀ ਰਹੀ ਸੀ। ਅਕਾਦਮੀ ਦੇ ਬੂਹੇ ਖੁੱਲ ਗਏ। ਉੱਥੇ ਮੱਧ ਵਰਗ ਤੇ ਨਿਮਨ ਵਰਗ ਦੇ ਲੇਖਕ ਅਕਾਦਮੀ ਵਿਚ ਦਾਖਲ ਕਰਕੇ, ਵੋਟਾਂ ਵਧਾ ਕੇ ਆਪਣੀ ਗੱਦੀ ਨੂੰ ਕਾਇਮ ਰੱਖਣ ਜੋਗੀ ਸ਼ਕਤੀ ਤੇ ਲੋਕ ਹਿਮਾਇਤ ਪ੍ਰਾਪਤ ਕਰ ਲਈ। ਮੁੜ ਅਕਾਦਮੀ ਦੀ ਲੀਡਰਸ਼ਿਪ ਦੇ ਕਬਜ਼ੇ ਲਈ ਘਮਸਾਨ ਚੱਲਿਆ ਜਿਸ ਵਿਚ ਕੁਝ ਨਿਮਨ ਮੱਧ ਵਰਗੀ ਤੇ ਲੇਖਕ ਕਾਬਜ਼ ਹੋ ਗਏ। ਇਹ ਜਮਾਤੀ ਵਰਤਾਰੇ ਦਾ ਪ੍ਰਗਟਾਵਾ ਪੂਰੀ ਤਰ੍ਹਾਂ ਚੇਤਨਾ ਨਾਲ ਨਹੀਂ ਕੀਤਾ ਬਲਕਿ ਸਹਿਜ ਭਾਵ ਹੋ ਗਿਆ। ਸਮਾਂ ਬੀਤਣ ਨਾਲ ਅਕਾਦਮੀ ਦੀ ਕਾਬਜ਼ ਲੀਡਰਸ਼ਿਪ ਇਹ ਸਮਝ ਗਈ ਕਿ ਅਕਾਦਮੀ ਤੇ ਕਬਜ਼ਾ ਕੇਵਲ ਫੋਕੀ ਚੌਧਰ ਦਾ ਹੀ ਪ੍ਰਗਟਾਵਾ ਨਹੀਂ ਬਲਕਿ ਮੁੱਛਾਂ ਤਰ ਕਰਨ ਵਾਲਾ ਵੀ ਕਾਫ਼ੀ ਕੁੱਝ ਹੈ। ਇਸ ਸੋਚ ਦੇ ਸੁੱਝਦਿਆਂ ਹੀ ਅਕਾਦਮੀ ਦੇ ਚੌਧਰੀਆਂ ਨੇ ਅੰਨੇ ਦੇ ਸ਼ੀਰਨੀ ਵੰਡਣ ਵਾਲਾ ਕੰਮ ਸ਼ੁਰੂ ਕਰ ਲਿਆ। ਮਿਲਣ ਵਾਲੇ ਮਾਨ-ਸਨਮਾਨ ਆਪੋ ਵਿਚ ਵੰਡਣ ਲੱਗ ਪਏ। ਆਮ ਲੇਖਕਾਂ ਵਿਚ ਇਸਦੀ ਗੰਭੀਰ ਚਰਚਾ ਹੋਈ ਪਰੰਤੂ ਜਿਵੇਂ ਗੱਦੀ 'ਤੇ ਬੈਠੇ ਹਾਕਮ ਕਿਸੇ ਗੱਲ

ਦੀ ਪ੍ਰਵਾਹ ਨਹੀਂ ਕਰਦੇ, ਇਸ ਤਰ੍ਹਾਂ ਇਸ ਲੀਡਰਸ਼ਿਪ ਨੇ ਕੀਤਾ। ਹੁਣ ਸਾਹਿਤ ਅਕਾਦਮੀ ਵੱਲ ਪੰਹੁਚ ਕੇਵਲ ਸਾਹਿਤ ਦੀ ਸੇਵਾ ਤੋਂ ਅਗਾਂਹ ਟੱਪ ਕੇ 'ਕੁਝ' ਮਿਲਣ ਤੱਕ ਪੁੱਜ ਗਈ। ਇਸ ਵਾਰ ਮੱਧ ਵਰਗ ਨੇ ਪੂਰੀ ਤਰ੍ਹਾਂ ਚੇਤੰਨ ਹੋ ਕੇ ਇਹ ਚੋਣਾਂ ਲੜੀਆਂ ਤੇ ਨਿੱਜ ਨੂੰ ਕੁਝ ਪ੍ਰਾਪਤ ਹੋ ਸਕਣ ਵਾਲੇ ਧੜੇ ਦੀ ਹਮਾਇਤ ਕੀਤੀ। ਇਸ ਤਰ੍ਹਾਂ ਬਾਹਰੀ 'ਵਕਾਰੀ' ਦਿੱਖ ਵਾਲੀ ਜਥੇਬੰਦੀ ਤੇ ਕਬਜ਼ਾ ਕਰ ਲਿਆ। ਦੋਨਾਂ ਧਿਰਾਂ ਵਿਚ ਪੂਰਨ ਜਮਾਤੀ ਕਤਾਰਬੰਦੀ ਹੋ ਗਈ। ਨਵਾਂ ਉੱਠ ਰਿਹਾ ਮੱਧ ਵਰਗ ਪੂਰੀ ਤਰ੍ਹਾਂ 'ਕੁਝ ਕਹਾਉਣ' ਦੀ ਲਾਲਸਾ ਪਿੱਛੇ ਇੱਕ ਮੁੱਠ ਹੋ ਗਿਆ ਤੇ ਪੰਜਾਬੀ ਸਾਹਿਤ ਅਕਾਦਮੀ ਤੇ ਪੂਰੀ ਤਰ੍ਹਾਂ ਮੱਧ ਵਰਗੀ ਨਾ ਹੋਣ 'ਤੇ ਵੀ ਮੱਧ ਵਰਗੀ ਹੋਣ ਦੀ ਲਾਲਸਾ ਰੱਖਣ ਵਾਲੇ ਵਿਅਕਤੀਆਂ ਨੇ ਵੀ ਇਹ ਚੋਣ ਲੜੀ। ਸਰਮਾਇਦਾਰੀ ਸਮਾਜ ਵਾਂਗ ਕੋਈ ਵੀ ਹੀਲਾ ਵਰਤ ਕੇ ਸੱਤਾ ਵਿਚ ਹਿੱਸੇਦਾਰ ਹੋ ਗਏ। ਹੁਣ ਅੱਗੇ ਤੋਂ ਪੰਜਾਬੀ ਜ਼ੁਬਾਨ ਤੇ ਸਾਹਿਤ ਦੀ ਸੇਵਾ ਦੇ ਨਾਹਰੇ ਪਹਿਲਾਂ ਨਾਲੋਂ ਵੀ ਖੋਖਲੇ ਹੋ ਗਏ ਹਨ। ਸਾਹਿਤ ਅਕਾਦਮੀ ਦਾ ਸਾਰਾ ਕੰਮ ਇਸੇ ਦ੍ਰਿਸ਼ਟੀ ਨਾਲ ਚੱਲੇਗਾ। ਇਸ ਵਾਰ ਮੱਧ ਵਰਗੀ ਲੇਖਕਾਂ ਨੇ ਜਿਹੜਾ ਪਹਿਲਾਂ "ਅੱਗੇ ਵਧੂ" ਹੋਣ ਦਾ ਤਗ਼ਮਾ ਹਿੱਕ 'ਤੇ ਲਾਇਆ ਸੀ ਉਹ ਜੇਬ ਵਿਚ ਪਾ ਲਿਆ ਤੇ ਨੰਗੀ-ਚਿੱਟੀ ਮੱਧ ਵਰਗੀ ਜਮਾਤ ਦਾ ਕਿਰਦਾਰ ਬੜੀ ਢੀਠਤਾਈ ਨਾਲ ਨਿਭਾਇਆ ਹੈ। ਸਾਡੀ ਸੋਚ ਅਨੁਸਾਰ ਇਹ ਸਾਰਾ ਕੁਝ ਕੋਈ ਅਲੋਕਾਰ ਨਹੀਂ ਵਾਪਰਿਆ। ਹੁਣ ਜਦੋਂ ਮੱਧ ਵਰਗੀ ਜਮਾਤਾਂ ਆਪਣੇ ਹਿੱਤਾਂ ਲਈ ਨੰਗੇ ਚਿੱਟੇ ਤੌਰ 'ਤੇ ਪ੍ਰਗਟ ਹੋ ਗਈਆਂ ਹਨ, ਸਮੇਂ ਦੇ ਵਿਕਾਸ ਨਾਲ ਇਹ ਹੋਣਾ ਹੀ ਸੀ। ਮਜ਼ਦੂਰ ਜਮਾਤ ਦੇ ਹੱਕ ਵਿਚ ਖੜਨ ਤੇ ਲਿਖਣ ਵਾਲੇ ਜਿਹੜੇ ਪਹਿਲਾਂ ਜਮਾਤੀ ਕਿਰਦਾਰ ਨੂੰ ਨਹੀਂ ਸਮਝਦੇ ਸਨ, ਹੁਣ ਜਮਾਤੀ ਲੱਛਣਾਂ ਨੂੰ ਹੋਰ ਵੀ ਚੰਗੀ ਤਰ੍ਹਾਂ ਸਮਝਣ ਲੱਗ ਜਾਣਗੇ। ਆਪਣੀਆਂ ਲਿਖਤਾਂ ਵਿਚ ਹੋਰ ਵੀ ਜਮਾਤੀ ਨਿਰਣੇ ਪ੍ਰਤੱਖ ਕਰਨਗੇ।

ਕੇਂਦਰੀ ਲੇਖਕ ਸਭਾ ਵਿਚ ਵੀ ਪਿਛਲੇ ਸਮੇਂ ਇਹੀ ਹੁੰਦੀ ਆ ਰਿਹਾ ਹੈ। ਚੋਣਾਂ ਲੜਨ ਵਾਲੀਆਂ ਧਿਰਾਂ ਆਪਣੇ ਕਿਰਦਾਰ ਨੂੰ ਬਹੁਤਾ ਪ੍ਰਤੱਖ ਕਰਨੋਂ ਸੰਕੋਚ ਕਰਦੀਆਂ ਸਨ। ਇਸ ਵਾਰ ਪਾਸੇ ਹੀ ਬਦਲ ਗਏ ਹਨ। ਹੁਣ ਕਿਸੇ ਨਾਹਰੇ 'ਤੇ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ ਬਲਕਿ ਸਾਹਿਤ ਸਭਾ 'ਤੇ ਕਬਜ਼ੇ ਲਈ ਜਿਹੜੀ ਵੀ ਤਿਗੜਮਬਾਜ਼ੀ ਦੀ ਲੋੜ ਹੋਵੇਗੀ, ਉਹ ਲੜਾ ਕੇ ਜਿੱਤਿਆ ਕਰਨਗੇ। ਇਸ ਵਾਰ ਇੱਕ ਗੱਲ ਹੋਰ ਵਾਪਰੀ ਹੈ ਕਿ ਮਾਰਕਸਵਾਦ ਦੀ ਵਿਆਖਿਆ ਸਿੱਖੀ ਦੀ ਪੁੱਠ ਦੇ ਕੇ ਪ੍ਰਚਾਰਨ ਵਾਲੇ ਤੇ ਆਪਣੇ ਆਪਨੂੰ ਇਨਕਲਾਬੀ ਦੱਸਣ ਵਾਲੇ ਲੋਕ ਵੀ ਸਾਰਾ ਕੁਝ ਛਿੱਕੇ ਟੰਗ ਕੇ, ਸਾਰਾ ਕੁਝ ਭੁੱਲਕੇ, ਚੱਲ ਰਹੀ ਖਿੱਚੋਤਾਣ ਵਿਚ ਧੂੜ ਵਿਚ ਟੱਟੂ ਰਲਾਉਣ ਵਾਂਗ ਵਿਚੇ ਰਲ ਗਏ। ਅਸੀਂ ਜਿਹੜੇ ਇਸ ਸਾਰੇ ਕੁਝ ਦੇ ਉਲਟ, ਲੋਕ ਪੱਖੀ ਸਾਹਿਤ ਰਚਣ ਦੇ ਦਾਅਵੇਦਾਰ ਹਾਂ, ਨੂੰ ਵੀ ਆਤਮਚਿੰਤਨ ਕਰਨਾ ਚਾਹੀਦਾ ਹੈ। ਗਲਾਮੇ ਵਿਚ ਮੂੰਹ ਪਾ ਕੇ ਨਿਰਣਾ ਕਰਨਾ ਚਾਹੀਦਾ ਹੈ ਕਿ ਅਸੀਂ ਕਿਤੇ ਇਸ ਸਾਰੀ ਗੜਬੜ ਚੌਥ ਵਿਚ ਕਿਸੇ ਆਦਰਸ਼ ਲਈ ਲੜਨ ਦੀ ਥਾਂ ਕਿਤੇ ਸਵੈ-ਆਦਰਸ਼ ਲਈ ਤਾਂ ਨਹੀਂ ਲੜ ਰਹੇ? ਇਹ ਚਰਚਾ ਹਾਲੀਂ ਮੁੱਕੀ ਨਹੀਂ, ਸਾਡੇ ਵਲੋਂ ਲਗਾਤਾਰ ਜਾਰੀ ਰਹੇਗੀ। ●

- **ਸੰਪਾਦਕੀ ਮੰਡਲ**



<u>**ਇਸ ਵਾਰ ਦਾ ਵਿਸ਼ੇਸ਼ ਕਵੀ**</u>

# ਪੰਜ ਕਵਿਤਾਵਾਂ

**ਮਦਨ ਵੀਰਾ**

## 1. ਆਪਣੀ ਕਥਾ

ਪਿੰਡ ਦੇ ਥੜ੍ਹੇ 'ਤੇ ਵਿਹਲੇ ਬੈਠੇ
ਝੁਰੜੀਆਂ ਵਿੱਚ ਗੁਆਚੇ ਚਿਹਰੇ
ਨਰਕ-ਸੁਰਗ ਦੀ ਚਰਚਾ ਕਰਦੇ
ਡਰ-ਡਰ ਜਿਊਂਦੇ
ਹਰ-ਹਰ ਕਰਦੇ............
ਤੇਰੀ ਕਥਾ ਮੁਥਾਜ ਨਹੀਂ ਹੈ
ਇਹ ਲੋਕਾਂ ਦੀ ............

ਤੇਰੀ ਕਥਾ ਨਾ ਮੰਗਦੀ
ਉਹਨਾਂ ਦਾ ਹੁੰਗਾਰਾ
ਜਿਹਨਾਂ ਦੇ ਨੈਣਾਂ 'ਚੋਂ ਸੁੱਕ ਗਈ
ਤੇਹ ਦੀ ਕੂਲ੍ਹ
ਤੇ ਪੱਥਰ ਚਿੱਤ 'ਚੋਂ ਨਹੀਂ ਵਹਿਣੀ
ਮੋਹ ਦੀ ਜਲ-ਧਾਰਾ............

ਉਨ੍ਹਾਂ ਲਈ ਵੀ ਕਥਾ ਨਾ ਤੇਰੀ
ਜਿਹਨਾਂ ਦੇ ਬੇਜਾਨ ਹੱਥਾਂ ਵਿੱਚ
ਨਿੱਘ ਨਹੀਂ ਹੈ-ਤਾਪ ਨਹੀਂ ਹੈ
ਨੀਂਦ ਵਿਗੁੱਤੇ, ਸੁੱਤੇ-ਸੁੱਤੇ
ਸੁਪਨਿਆਂ ਵਿੱਚ ਪਦ-ਚਾਪ ਨਹੀਂ ਹੈ ...

ਉਹਨਾਂ ਲਈ ਵੀ ਬੋਲ ਨਾ ਤੇਰੇ
ਢੋਅ-ਢੁਆਈ ਦੇ ਕਾਲ-ਚੱਕਰ ਨੇ
ਘੇਰੇ ਜਿਹੜੇ
ਢੀਠ ਸਿਰੇ ਦੇ
ਮਾਲ-ਗੁਦਾਮਾਂ ਵਰਗੇ ਘਰਾਂ ਨੂੰ
ਦਸਾਂ ਨੌਹਾਂ ਦੀ ਬਰਕਤ ਮੰਨਣ
ਤੋੜ ਡੱਖਾ ਦੋਹਰਾ ਨਾ ਕਰਦੇ
ਕੱਖ ਨਾ ਭੰਨਣ ............

ਬਸ ਤੈਨੂੰ ਤਾਂ ਤੜਫ ਰਹੇ ਹਨ
ਤਾਂਘ ਰਹੇ ਨੇ
ਤਪਦੀ ਮਿੱਟੀ ਦੇ ਵਣਜਾਰੇ
ਜਿਹਨਾਂ ਨੇ ਅਜੇ ਖੰਭ ਖੋਲ੍ਹਣੇ

ਸੁਪਨਾ ਜਿਹਨਾਂ ਦਾ
ਮਨ-ਮਰਜ਼ੀ ਦੀ ਘੜਨੀ ਧਰਤੀ
'ਤੇ ਅੰਬਰ ਤੱਕ ਪਰ ਤੋਲ੍ਹਣੇ
ਉਹ ਜਿਹਨਾ ਨੇ
ਚੌਥੀ ਕੂਟ ਦੀ ਟੋਹ ਲਾਉਣੀ ਹੈ
ਆਪਣੀ ਕਥਾ
ਤੂੰ ਉਹਨਾਂ ਦੇ ਕੰਨੀ ਪਾਉਣੀ ਹੈ ........

## 2. ਜੁਗਨੂੰ

ਅਸੀਂ ਜੁਗਨੂੰ ਹਾਂ
ਰਾਤਾਂ ਕਾਲੀਆਂ 'ਚ ਜਗਮਗਾਉਣਾ
ਟਿਮਟਮਾਉਣਾ ਜਾਣਦੇ ਹਾਂ
ਭੇਦ ਭਰੀਆਂ ਕਾਲਖਾਂ
ਤੇ ਸਾਜ਼ਿਸ਼ਾਂ ਨੂੰ ਸਮਝਦੇ ਹਾਂ
ਹੁਣ ਪਛਾਣਦੇ ਹਾਂ.............

ਅਸੀਂ ਤਾਂ ਖਾਬ ਹਾਂ
ਸੱਚ ਕਰਨਾ-ਸੱਚ ਹੋਣਾ
ਸੋਚਦੇ ਹਾਂ-ਜਾਣਦੇ ਹਾਂ
ਮੰਜ਼ਿਲਾਂ ਦੀ ਪੈੜ ਹੁਣ
ਪਹਿਚਾਣਦੇ ਹਾਂ.............

ਸਮੇਂ ਦੇ ਨਕਸ਼ ਹਾਂ
ਅਤੇ [illegible] ਦੀ ਹੈ ਸੂਝ ਸਾਨੂੰ ਵੀ
ਸਤਹ ਦੇ ਭੇਦ ਗੁੱਝੇ ਜਾਣ ਗਏ ਹਾਂ
ਦਿੱਲੀ ਤੇ ਬਿੱਲੀ ਦੀ ਮਕਰ-ਮਾਇਆ
ਜਾਣਦੇ ਹਾਂ.............

ਅਸੀਂ ਤਾਂ ਬੋਲ ਹਾਂ
ਗੜ੍ਹਕ ਹਾਂ-ਬੜ੍ਹਕ ਹਾਂ
ਕਦਮ ਦੋ ਘੱਟ ਤੁਰਾਂਗੇ
ਪਰ ਮੜ੍ਹਕ ਦੇ ਨਾਲ ਤੁਰਨਾ
ਜਾਣਦੇ ਹਾਂ.............

ਪੱਥਰ 'ਤੇ ਹਰਫ ਹਾਂ
ਸਫਰ ਹਾਂ-ਪੈੜ ਹਾਂ
ਨਜ਼ਰ 'ਤੇ ਨੂਰ ਹਾਂ
ਗਰੂਰ ਕਰਨਾ ਜਾਣਦੇ ਹਾਂ.............

## ਫ਼ਰਕ-3

ਦੇਸ਼ ਮੇਰਾ ਹੀ ਹੈ
ਮੈਂ ਮਿੱਟੀ ਨੂੰ ਵੀ ਮਾਂ ਕਹਿੰਦਾ ਹਾਂ
ਪਰ ਆਪਣੇ ਕਰ-ਪੈਰਾਂ ਤੋਂ ਬਿਨਾਂ
ਕੁਝ ਨਹੀਂ ਹੈ ਮੇਰਾ
ਉਹ ਰਾਸ
ਜੋ ਵਿਰਸੇ 'ਚੋਂ ਮਿਲੀ
ਮੇਰੀ ਨਿਮਨ ਜਾਤ ਹੈ
ਇਹ ਹੀ ਮੇਰੀ ਕੁੱਲ ਪੂੰਜੀ
ਮੇਰੀ ਬਖਸ਼ਿਸ਼ ਮੇਰੀ ਸੁਗਾਤ ਹੈ
ਕਾਸ਼ ਕਿ ਮੇਰੇ ਵਾਰਿਸ
ਮੇਰੀ ਵਿਰਾਸਤ ਨੂੰ
ਨਕਾਰ ਦੇਣ
ਵਿਸਾਰ ਦੇਣ.......
ਪਰ ਇਹ ਯਾਦ ਰੱਖਣ
ਕਿ ਹੱਕ-ਨਿਆਂ ਤੋਂ ਵਿਯੋਗੇ
ਬਰਦੇ 'ਤੇ ਬੰਦੇ 'ਚ
ਫ਼ਰਕ ਹੁੰਦਾ ਹੈ
ਜੇ ਬੰਦਾ ਸੁਰਗ ਹੁੰਦਾ ਹੈ
ਤਾਂ ਬਰਦਾ ਨਰਕ ਹੁੰਦਾ ਹੈ .......

## ਅੱਗ ਦੀ ਭਾਸ਼ਾ-4

ਮੇਰੇ ਆੜੀਓ
ਮੈਨੂੰ ਬਿਲਕੁੱਲ ਇਲਮ ਨਹੀਂ ਹੈ
ਮੇਰੇ ਯਾਰੋ

ਮੈਂ ਸੱਚ-ਮੁੱਚ ਨਹੀਂ ਜਾਣਦਾ
ਕਿ ਮਸਜਿਦ ਦੀ ਥਾਂ ਕਦੇ ਮੰਦਰ ਸੀ
ਜਾਂ ਮੰਦਰ ਦੀ ਥਾਂ ਕਦੇ ਮਸਜਿਦ ਹੋਵੇਗੀ
ਮੈਂ ਤਾਂ ਅਜੇ ਵੀ ਨਹੀਂ ਜਾਣ ਸਕਿਆ
ਆਰਤੀ ਤੇ ਆਇਤ ਦਾ ਫ਼ਰਕ
ਨਹੀਂ ਜਾਣ ਸਕਿਆ ਇਸ ਭੇਦ ਨੂੰ
ਇਸ ਰਹੱਸ ਨੂੰ — ਨਹੀਂ ਸਮਝ ਸਕਿਆ
ਨਹੀਂ ਪਛਾਣ ਸਕਿਆ.......

ਪਰ ਹੁਣ ਜਦੋਂ ਨਫ਼ਰਤ ਦਾ ਲਾਵਾ
ਝੁਲਸ ਰਿਹਾ ਹੈ—ਭਸਮ ਕਰ ਰਿਹਾ ਹੈ
ਕੂਲੇ 'ਤੇ ਲਵੇ ਸੁਪਨਿਆਂ ਦੀ ਜ਼ਰਖੇਜ਼
ਜ਼ਮੀਨ
ਮਿੱਟੀ ਦੀ ਕਸਮ ਖਾਣ ਵਾਲੇ
ਆਮ ਲੋਕਾਂ ਦੇ ਮਨਾਂ 'ਚ
ਜੰਮ ਰਹੀ ਹੈ ਧੂੜ ਅਤੇ ਧੁੰਦ
ਤੇ ਕਿਸੇ ਕੁਰਸੀ ਦੀ ਢੋਹ ਪਿੱਛੇ
ਬੁਣੀ ਜਾ ਰਹੀ ਹੈ ਸਾਜਿਸ਼ ਦੀ ਬੁਣਤੀ
ਮਹੀਨ
ਤੜਪ-ਤਿੜਕ ਰਹੀ ਹੈ ਪੁਸ਼ਤਾਂ ਦੀ ਸਾਂਝ
ਬੇਵਸੀ ਵਿੱਚ ਡੋਲ ਸਿਸਕ ਰਿਹਾ ਹੈ
ਸਦੀਆਂ ਦਾ ਯਕੀਨ.......

ਤਾਂ ਇਹ ਜਾਣ ਗਿਆ ਹਾਂ
ਕਿ ਰਾਮ ਫਿਰ ਬਨਵਾਸ ਤੇ ਹੈ
ਤੇ ਜਲਾਵਤਨ ਅੱਲਾ ਦੀ ਵਾਪਸੀ ਵੀ

ਫੋਕੇ ਧਰਵਾਸ 'ਤੇ ਹੈ.......
ਖਬਰ ਇਹ ਵੀ ਹੈ
ਕਿ ਰਾਮ ਸੇਵਕ ਸ੍ਰੀ ਰਾਮ ਨੂੰ
ਥਾਂ-ਥਾਂ 'ਤੇ ਟੋਲ ਰਹੇ ਨੇ
ਅੱਲਾ ਦੇ ਬੰਦੇ ਵੀ ਨੁੱਕਰਾਂ ਫੋਲ ਰਹੇ ਨੇ



ਡਰੇ ਘਾਬਰੇ ਲੋਕੀਂ
ਖੈਰ-ਸੁੱਖ ਦੀਆਂ ਖਬਰਾਂ ਨੂੰ ਤਰਸਦੇ ਨੇ
ਤੇ ਲਹੂ-ਭਿੱਜੇ ਅਖ਼ਬਾਰਾਂ ਦੇ ਅੱਖਰ
ਅੱਗ ਦੀ ਭਾਸ਼ਾ ਬੋਲ ਰਹੇ ਨੇ .......

## ਯੂਸਫ਼-5

(ਕਸ਼ਮੀਰ ਬਾਰੇ ਸੋਚਦਿਆਂ-1)

ਗਲੀ 'ਚੋਂ ਆਉਂਦੀ ਹੈ ਅਵਾਜ਼
ਕਸ਼ਮੀਰੀ ਸ਼ਾਲਾਂ ਦੀ
ਗਰਮ ਲੋਈਆਂ ਦੀ
ਪਰ ਇਸ ਅਵਾਜ਼ ਵਿੱਚ
ਯੂਸਫ਼ ਦੇ ਟੁਣਕਦੇ ਟਹਿਕਦੇ
ਖਿੜਦੇ ਮਹਿਕਦੇ
ਬੋਲਾਂ ਦੀ ਧੜਕਦੀ ਗੂੰਜ ਨਹੀਂ
ਮੜ੍ਹਕਦੀ ਲੈਅ ਨਹੀਂ .......

ਲੰਘ ਗਈ ਹੈ ਲੋਹੜੀ
'ਤੇ ਮਾਘੀ ਵੀ
ਲੰਘ ਗਿਆ ਹੈ
ਲੱਕੜਹਾਰਿਆਂ ਦਾ ਉਹ ਕਾਫ਼ਲਾ ਵੀ
ਜੋ ਯੂਸਫ਼ ਦਾ ਭੇਤੀ ਸੀ
ਪਰ ਕਿਸੇ ਨੂੰ ਖਬਰ ਨਹੀਂ ਹੈ
ਯੂਸਫ਼ ਦੀ

ਘਰ 'ਚ ਪਏ ਨੇ
ਉਸ ਤੋਂ ਖਰੀਦੇ ਗਰਮ ਸ਼ਾਲ
ਨਿੱਘੇ ਨਿੱਘੇ ਦਸਤਾਨੇ
ਤੇ ਸਜਾਵਟੀ ਨਿੱਕ-ਸੁੱਕ
ਪਰ ਉਹ ਕਿੱਥੇ ਹੈ?

ਕਿੱਥੇ ਹੈ?

ਜਿਸ ਨੂੰ ਮਜ਼ਾਕ ਨਾਲ-ਟਾਂਚ ਨਾਲ
ਮੈਂ ਕਿੱਸਿਆਂ ਦਾ ਰਾਜਕੁਮਾਰ ਕਹਿੰਦਾ ਸੀ
'ਸ਼ਹਿਜ਼ਾਦਾ' ਆਖ 'ਵਾਜ਼ ਮਾਰਦਾ ਸੀ
ਕਿੱਥੇ ਹੈ—ਕਿੱਥੇ ਹੈ?
ਉਹ ਯੂਸਫ਼-ਜਿਸਦੀ ਦਸਤਕ ਨੂੰ
ਤੇਹ ਨਾਲ ਉਡੀਕਦੇ ਨੇ ਮੇਰੇ ਦਰ
ਚਾਅ ਨਾਲ ਉਡੀਕਦਾ ਹੈ
ਮੇਰਾ ਘਰ

ਉਹ ਜੋ ਮੇਰੀ ਧੀ ਦੇ ਸਿਰ ਉੱਤੇ
ਹੱਥ ਧਰ ਆਖਦਾ ਸੀ
'ਮੈਨੂੰ ਅੰਕਲ ਨਹੀਂ—ਮਾਮੂ ਕਹਿ"
ਜਿਸ ਮੇਰੇ ਪੁੱਤਰ ਦੀ ਕਾਮਯਾਬੀ ਲਈ
ਚਰਾਰ ਸਰੀਫ਼ ਦੁਆ ਕੀਤੀ ਸੀ
ਜਿਸ ਮੇਰੇ ਅੱਧ-ਸਿਰ ਦਰਦ ਲਈ
ਦਰਦ-ਨਿਵਾਰਕ ਬੂਟੀ ਖੋਜ ਲਿਆਉਣੀ
ਸੀ
ਜਿਸ ਦੇ ਐਨਕ-ਤੋੜ ਦੇਸੀ ਦਾਰੂ ਨੇ
ਮੇਰੇ ਗਵਾਂਢੀ ਭਾਈ ਅਮਰ ਸਿੰਘ ਦੀ
ਐਨਕ ਲਾਹੁਣੀ ਸੀ .......

ਮੇਰੀ ਨੀਂਦ ਉਡਾ ਰਹੀਆਂ ਨੇ
ਅਖ਼ਬਾਰਾਂ ਦੀਆਂ ਲਹੂ-ਲਿੱਬੜੀਆਂ ਖ਼ਬਰਾਂ
ਲਾਸ਼ਾਂ 'ਚ ਬਦਲ ਰਹੀਆਂ ਤਸਵੀਰਾਂ
ਝੂਠੇ-ਸੱਚੇ ਨਿੱਤ ਹੁੰਦੇ
ਪੁਲਸ ਮੁਕਾਬਲਿਆਂ ਤੋਂ
ਮੇਰੀ ਪਤਨੀ ਤ੍ਰਹਿਕਦੀ ਹੈ

ਟੀ.ਵੀ. 'ਤੇ ਜੰਨਤ ਦਾ ਹਾਲ ਦੇਖ
ਮੇਰੀ ਧੀ ਸਹਿਮਦੀ ਹੈ
ਮੇਰਾ ਬੇਟਾ ਜਦੋਂ ਡੱਲ ਦੇ ਪਾਣੀਆਂ 'ਚੋਂ
ਤਾਰਿਆਂ ਦਾ ਅਕਸ ਤਲਾਸ਼ਦਾ ਹੈ
ਤਾਂ ਉਸ ਨੂੰ ਝਾਉਲਾ ਪੈਂਦਾ
ਯੂਸਫ਼ ਦੀ ਲਾਸ਼ ਦਾ ਹੈ.......

82, ਸ਼ਾਲੀਮਾਰ ਨਗਰ, ਜੋਧਾਮੱਲ ਰੋਡ,
ਹੁਸ਼ਿਆਰਪੁਰ 094176-83769

## ਸੂਈਆਂ

- ਹਰਕੰਵਲਜੀਤ ਸਾਹਿਲ

ਘੜੀ ਨਾ ਹੁੰਦੀ
ਜ਼ਿੰਦਗੀ ਦੀ ਆਪਣੀ ਹੀ ਚਾਲ ਹੋਣੀ ਸੀ

ਘੜੀ ਦੀਆਂ ਸੂਈਆਂ
ਬੇ ਕਿਰਕੀ ਕਰਦੀਆਂ ਹਨ—
ਸਾਵੀਂ ਪੱਧਰੀ
ਚਾਲ ਨੂੰ ਥਿੜਕਾਉਂਦੀਆਂ
ਠਿੱਬੀ ਲਾਉਂਦੀਆਂ ਹਨ—

ਸਿਰ ਦੇ ਵਾਲ ਨੋਚਦੀਆਂ,
ਦਿਲ 'ਚ ਕਾਹਲ ਦਾ
ਧੁੜਕੂ ਚਲਾਉਂਦੀਆਂ,
ਮੈਨੂੰ, ਮੇਰੀ ਹੀ ਜ਼ਿੰਦਗੀ 'ਚੋਂ ਬੇਦਖ਼ਲ ਕਰ,
ਲਗਾਮਾਂ ਬਣ
ਪਸ਼ੂਆਂ ਵਾਂਗ ਹੱਕਦੀਆਂ ਹਨ।

ਮੇਰੇ ਅੰਦਰੋਂ ਅਹਿਸਾਸਾਂ ਭਾਵਾਂ
ਮੁਹਬਤਾਂ ਰੀਝਾਂ ਤੇ ਸੱਧਰਾਂ ਦਾ
ਖ਼ਾਤਮਾ ਮੰਗਦੀਆਂ,
ਮੈਨੂੰ ਰੋਬੋਟ 'ਚ
ਤਬਦੀਲ ਕਰਦੀਆਂ
ਬਹੁਤ ਕੁਰੱਖਤ ਹਨ,
ਇਨ੍ਹਾਂ ਸਮਿਆਂ ਦੀਆਂ, ਇਹ ਸੂਈਆਂ...

ਘੜੀ ਨਾ ਹੁੰਦੀ
ਜ਼ਿੰਦਗੀ ਦੀ ਚਾਲ ਮੜ੍ਹਕ ਵਾਲੀ ਹੋਣੀ ਸੀ

(ਕੈਲਗਰੀ, ਅਲਬਰਟਾ, ਕੈਨੇਡਾ)

## ਗ਼ਜ਼ਲ

- ਅਮਰ ਸੂਫ਼ੀ

ਕਵੀਆ! ਦਰਦ ਕਹਾਣੀ ਲਿਖ।
ਹੰਝੂਆਂ ਨੂੰ ਨਾ ਪਾਣੀ ਲਿਖ।

ਧੀ ਨੂੰ ਬੀਬੀ-ਰਾਣੀ ਲਿਖ।
ਐਵੇਂ ਨਾ 'ਮਰ ਜਾਣ' ਲਿਖ।

ਕਿਧਰੇ ਝੜੀਆਂ, ਕਿਧਰੇ ਔੜ,
ਕਾਹਤੋਂ ਇਹ ਵੰਡ ਕਾਣੀ, ਲਿਖ।

ਅੰਨਦਾਤੇ ਦੀ ਟੱਬਰੀ ਕਾਹਤੋਂ,
ਬੈਠੀ ਭੁੱਖਣ ਭਾਣੀ, ਲਿਖ।

ਗੀਤਾਂ ਵਿਚ ਜੋ ਪਈ ਮਧੋਲੀ,
ਉਹ ਗਿੱਧਿਆਂ ਦੀ ਰਾਣੀ ਲਿਖ।

ਹਰੀ ਅੰਗੂਰੀ ਚਰਦੀ ਫਿਰਦੀ,
ਕਿਉਂ 'ਛੱਟਿਆਂ' ਦੀ ਢਾਣੀ ਲਿਖ।

ਗ਼ੈਰਾਂ ਰੋਲੀ, ਮਾਂ ਬੋਲੀ ਨੂੰ,
ਗੋਲੀ ਨਹੀਂ, ਪਟਰਾਣੀ ਲਿਖ।

'ਸੁੱਚਾ' ਹੋਵੇ ਪਾਤਰ 'ਸੂਫ਼ੀ',
ਐਸੀ 'ਅਮਰ' ਕਹਾਣੀ ਲਿਖ।

ਏ-1, ਜੁਝਾਰ ਨਗਰ, ਮੋਗਾ-142001
ਮੋਬਾ. 098555-43660





## ਫ਼ੌਜੀ

ਵਰਿੰਦਰ ਪ੍ਰੀਹਾਰ

ਮੇਰੀ ਕੋਈ ਦੁਸ਼ਮਣ ਨਹੀਂ ਮੈਂ ਕਿਸ ਨੂੰ ਮਾਰਾਂ
ਬੰਦੂਕ ਚੁੱਕਦਾਂ ਸੰਗੀਨ ਰੱਬ ਵੱਲ ਇਸ਼ਾਰਾ ਕਰਦੀ
ਆਤਮਾ ਸੁਬ੍ਹਾ ਸ਼ਾਮ ਲੈਫ਼ਟ ਰਾਈਟ. ਲੈਫ਼ਟ ਰਾਈਟ ਕਰਦੀ
ਗੋਲੀ ਤੇ ਖਬਰੇ ਅਸਲਮ ਦਾ ਨਾਮ ਜਾਂ ਹੈਨ ਯੁੰਗ ਦਾ
ਮੈਂ ਨਹੀਂ ਜਾਣਦਾ
ਜਾਣਦਾ ਚਾਹਵਾਂ ਜੋ—
ਕਿਸ ਕੰਜਰ ਇਹ ਗੋਲੀ ਬਣਾਈ ਹੈ?
ਅੱਜ ਤੇਰੀ ਮੌਤ, ਕੱਲ੍ਹ ਮੇਰੀ ਆਈ ਹੈ
ਪੰਜਾਬ ਫ਼ੋਰਸ, ਗੋਰਖਾ ਰਜੀਮੈਂਟ, ਮਰਹੱਟੇ ਬਰੀਗੇਡ...
ਕਿੰਨੇ ਨਾਮ ਰੱਖੇ ਉਨ੍ਹਾਂ ਮੇਰੇ
ਪਰ ਮੇਰਾ ਆਪਣਾ ਨਾਮ ਕੀ ਹੈ?—
ਨੰਬਰ 734 ਏ ਪੀ ਓ ....
ਹੁੰਦਾ ਸੀ ਪਹਿਲਾਂ ਕਿਸੇ ਰਾਮ ਸੰਹੁ ਦਾ
ਪਿਛਲੇ ਵਰ੍ਹੇ ਪਾਗਲ ਹੋ ਗਿਆ ਸੀ ਜੋ
ਪਿੱਠੂ 'ਚ ਬੰਬ ਤੇ ਪੁਲ ਤੋਂ ਉਸ ਪਾਰ ਜਾਣਾ ਮੈਂ
ਖੌਰੇ ਕਦੇ ਵੀ ਨਾ ਇਸ ਪਾਰ ਜੀਂਦੇ ਜੀ ਫਿਰ ਮੁੜ ਆਉਣਾ ਮੈਂ
ਲਗਦੈ ਮੇਰੇ ਦਿਲ ਤੇ ਪਿਆ ਇੱਕ ਪੱਥਰ ਹੈ
ਸੌਂ ਸਕਾਂ ਨੀਂਦ ਚੈਨ ਦੀ
ਸੌਂਦਾ ਸਾਂ ਕਦੇ ਜਿਉਂ ਗੋਦ 'ਚ ਮਾਂ ਦੀ
ਬਲੀ ਕਿੱਥੇ ਉਹ ਸ਼ਹਿਰ ਹੈ
ਪੀਕਿੰਗ... ਪਟਿਆਲਾ.... ਪਾਕਿਸਤਾਨ...
ਭੁੱਲ ਗਿਆ ਮੈਨੂੰ ਆਪਣੇ ਪਿੰਡ ਦਾ ਨਾਮ
ਮਾਰੀ ਚੱਲ ਕਹਿੰਦੇ, ਮਾਰੀ ਚੱਲ ਦੁਸ਼ਮਣ, ਬੇਪਛਾਣ ਬੇਨਾਮ
ਤੈਨੂੰ ਮਿਲੂ ਵੱਡਾ ਇਨਾਮ
ਤੇਰੀ ਧਰਤੀ ਹੋਊ, ਹੋਊ ਤੇਰਾ ਆਸਮਾਨ
(ਖ਼ਲਾਅ 'ਚ ਖ਼ਾਲਿਸਤਾਨ ਜਾਂ ਧਰਤੀ ਤੇ ਕਬਰਸਤਾਨ)
ਚੁੱਕ ਬੰਦੂਕ ਅਖੇ 'ਲੈ ਇਸ਼ਟ ਦਾ ਨਾਮ'
ਕਿਉਂ ਤੂੰ ਏਨਾ ਪਰੇਸ਼ਾਨ
ਤਾੜ ਤਾੜ, ਤੜ ਤੜ ਕਰੀ ਜਾਹ

ਇਹ ਤੇਰਾ ਦੀਨ, ਤੇਰਾ ਏਹੀ ਈਮਾਨ
ਤੂੰ ਸਰਹੱਦ ਦਾ ਨਿਗ਼ਬਾਨ
ਅਮਾਨਤ ਮੁਲਕ ਦੀ ਤੇਰੀ ਜਾਨ
ਕੀ ਹੋਇਆ ਜੇ ਹਾਲੀ ਨਹੀਂ ਤੇਰਾ ਕੋਈ ਨਾਮ
ਪੈਟਰੌਲ ਪੰਪ, ਪਲਾਟ, ਮਾਰੂਤੀ, ਇੱਕ ਤਮਗਾ ਵੀ ਦੇਵਾਂਗੇ
ਪਿੰਡ ਪੂਰਾ ਤੇਰੇ ਨਾਂਅ ਕਰ ਦਿਆਂਗੇ
ਮਿਟਾਅ ਦਵੇਂ ਮਿੱਟੀ 'ਚ ਜੇ ਉਸ ਮੁਲਕ ਦਾ ਨਾਮ
ਜਿਹਨੇ ਖੋਹ ਲਿਆ ਤੈਥੋਂ ਤੇਰਾ ਨਾਮ... ਤੇਰਾ ਨਾਮ....!!....
ਕੀ ਸੀ ਭਲਾ ਜਿਹਾ ਤੇਰਾ ਨਾਮ...
ਕੀ ਫ਼ਰਕ ਪੈਂਦਾ
ਛੱਡੋ ਨਾਮ ਬਾਮ.......
ਰਾਮ ਸਿਓਂ!

.... ਫ਼ੌਜੀ ਨੰਬਰ 734 ਏ ਪੀ ਓ
ਸਲਾਮਤ ਰਹੋ ਜਿੱਥੇ ਵੀ 'ਓ!
ਰਸਊਲਦੀਨ! ਜਾਂ-
ਘਨਸ਼ੱਯਾਮ!!

## ਗ਼ਜ਼ਲ

ਫਿਰ ਕੋਈ ਸੁਪਨਾ ਮੇਰੀ ਆਖੋਂ ਮੇਂ ਜੁਗਨੂੰ ਭਰ ਗਿਆ।
ਹਾਥ ਮੇਰੇ ਇਸ ਜ਼ਮੀਂਸੇ ਆਸਮਾਂ ਤੱਕ ਕਰ ਗਿਆ।

ਧੜਕਨੋਂ ਮੇਂ ਉਨਕੀ ਸ਼ਾਮਿਲ ਥਾ ਖ਼ੁਦਾ ਕਾ ਨਾਮ ਵੀ,
ਮਜ਼ਹਬੀ ਉਨਮਾਦ ਕਾਇਲਜ਼ਾਮ ਜਿਨਕੇ ਸਰ ਗਿਆ।

ਮੰਦਰੋਂ ਔਰ ਮਸਜਿਦੋਂ ਪਰ ਬਾਜ਼ ਮੰਡਰਾਤੇ ਹੁਏ,
ਦੂਰ ਸੇ ਹੀ ਦੇਖ ਕਰ ਜਿਨਕੋਂ ਕਬੂਤਰ ਡਰ ਗਿਆ।

ਮੋਕਸ਼ ਕੀ ਬਾਤੋਂ ਕੇ ਲਾਇਕ ਥੀ ਸਮਝ ਉਨ ਮੇਂ ਕਹਾਂ,
ਪ੍ਰਸ਼ਨ ਰੋਟੀ ਸੇ ਜੁੜਾ ਜਿਸੇ ਕੋ ਪਰੇਸ਼ਾਂ ਕਰ ਗਿਆ।

ਥਪਕੀਆ ਦੇਤਾ ਰਹਾ ਤੋ ਕੁਝ ਕੋ ਧਮਕਾਤਾ ਰਹਾ,
ਸ਼ਾਮ ਕੋ ਥਕ ਹਾਰ ਕਰ ਸੂਰਜ ਵੀ ਅਪਨੇ ਘਰ ਗਿਆ।

ਆਖਿਰੀ ਉਮੀਦ ਖ਼ੁਦ ਸੇ ਥੀ, ਮਗਰ ਅਬ ਨਾ ਰਹੀ,
ਏਕ ਖ਼ੁਦਦਾਰੀ ਕਾ ਥਾ ਅਹਿਸਾਸ ਵੋ ਭੀ ਮਰ ਗਿਆ।

ਕੁਰੂਕਸ਼ੇਤਰ ਯੂਨੀਵਰਸਿਟੀ, ਹਰਿਆਣਾ



ਹਿੰਦੀ ਕਹਾਣੀ :

# ਟੇਪਚੂ

ਲੇਖਕ : ਉਦੈ ਪ੍ਰਕਾਸ਼,
ਅਨੁਵਾਦ : ਮਹਿੰਦਰ ਬੇਦੀ, ਜੈਤੋ

ਇੱਥੇ ਜੋ ਕੁਝ ਲਿਖਿਆ ਹੋਇਆ ਏ, ਇਹ ਕੋਈ ਕਹਾਣੀ ਨਹੀਂ-ਕਦੀ-ਕਦੀ ਸੱਚਾਈ, ਕਹਾਣੀ ਨਾਲੋਂ ਵੱਧ ਹੈਰਾਨੀ ਭਰੀ ਹੁੰਦੀ ਏ-ਟੇਪਚੂ ਬਾਰੇ ਸਭ ਕੁਝ ਜਾਣ ਲੈਣ ਪਿੱਛੋਂ ਤੁਹਾਨੂੰ ਵੀ ਇਵੇਂ ਵੀ ਲੱਗੇਗਾ।

ਟੇਪਚੂ ਨੂੰ ਮੈਂ ਬਿਲਕੁਲ ਨੇੜਿਓਂ ਵੇਖਿਆ ਏ ਤੇ ਚੰਗੀ ਤਰ੍ਹਾਂ ਜਾਣਦਾ ਆਂ। ਸਾਡਾ ਪਿੰਡ ਮਡਰ ਸੋਨ ਨਦੀ ਦੇ ਕੰਢੇ, ਕੋਈ ਦੋ ਕੁ ਫਰਲਾਂਗ ਦੇ ਫਾਸਲੇ ਉੱਤੇ, ਵੱਸਿਆ ਹੋਇਆ ਏ। ਦੂਰੀ ਸ਼ਾਇਦ ਕੁਝ ਹੋਰ ਵੀ ਘੱਟ ਹੋਵੇ, ਕਿਉਂਕਿ ਪਿੰਡ ਦੀਆਂ ਸੁਆਣੀਆਂ ਸਵੇਰੇ ਖੇਤਾਂ ਨੂੰ ਜਾਣ ਤੋਂ ਪਹਿਲਾਂ ਤੇ ਸ਼ਾਮੀਂ ਉੱਥੋਂ ਵਾਪਸ ਆਉਣ ਪਿੱਛੋਂ ਸੋਨ ਨਦੀ ਤੋਂ ਈ ਘਰ ਦੇ ਕੰਮਾਂ-ਧੰਦਿਆਂ ਲਈ ਪਾਣੀ ਭਰ ਕੇ ਲਿਆਉਂਦੀਆਂ ਨੇ। ਇਹ ਸੁਆਣੀਆਂ ਕੁਝ ਅਜਿਹੀਆਂ ਔਰਤਾਂ ਨੇ, ਜਿਹਨਾਂ ਨੂੰ ਮੈਂ ਕਦੀ ਥੱਕਿਆਂ ਨਹੀਂ ਵੇਖਿਆ-ਉਹ ਲਗਾਤਾਰ ਕੰਮ ਕਰਦੀਆਂ ਰਹਿੰਦੀਆਂ ਨੇ।

ਪਿੰਡ ਦੇ ਲੋਕ ਸੋਨ ਨਦੀ ਵਿਚ ਟੁੱਭੀਆਂ ਮਾਰ-ਮਾਰ ਨਹਾਉਂਦੇ ਨੇ। ਟੁੱਭੀਆਂ ਮਾਰਨ ਜੋਗਾ ਪਾਣੀ ਡੂੰਘਾ ਕਰਨ ਲਈ ਨਦੀ ਵਿਚੋਂ ਖੂਹੀਆਂ ਪੁੱਟਣੀਆਂ ਪੈਂਦੀਆਂ ਨੇ। ਨਦੀ ਦੀ ਵਹਿੰਦੀ ਹੋਈ ਧਾਰ ਹੇਠੋਂ ਬਰੇਤੀ ਨੂੰ ਪੰਜਿਆਂ ਨਾਲ ਸਰਕਾ ਦਿੱਤਾ ਜਾਵੇ ਤਾਂ ਖੂਹੀ ਬਣ ਜਾਂਦੀ ਏ। ਗਰਮੀ ਦੇ ਦਿਨਾਂ ਵਿੱਚ ਸੋਨ ਨਦੀ ਵਿੱਚ ਪਾਣੀ ਏਨਾ ਘੱਟ ਹੁੰਦਾ ਏ ਕਿ ਬਿਨਾਂ ਖੂਹੀ ਪੁੱਟਿਆਂ ਆਦਮੀ ਦਾ ਧੜ ਹੀ ਨਹੀਂ ਭਿੱਜਦਾ। ਇਹੀ ਸੋਨ ਨਦੀ ਬਿਹਾਰ ਪਹੁੰਚਦੀ-ਪਹੁੰਚਦੀ ਕੇਡੀ ਵੱਡੀ ਹੋ ਗਈ ਏ-ਇਸ ਦਾ ਅੰਦਾਜ਼ਾ ਸਾਡੇ ਪਿੰਡ ਦੇ ਘਾਟ 'ਤੇ ਖਲੋ ਕੇ ਨਹੀਂ ਲਾਇਆ ਜਾ ਸਕਦਾ।

ਸਾਡੇ ਪਿੰਡ ਵਿਚ ਦਸ ਗਿਆਰਾਂ ਸਾਲ ਪਹਿਲਾਂ ਅਬੀ ਨਾਂਅ ਦਾ ਇਕ ਮੁਸਲਮਾਨ ਰਹਿੰਦਾ ਹੁੰਦਾ ਸੀ। ਪਿੰਡ ਦੇ ਬਾਹਰ-ਵਾਰ ਜਿੱਥੇ ਚਮਿਆਰਾਂ ਦੀ ਬਸਤੀ ਏ, ਉਸ ਤੋਂ ਜ਼ਰਾ ਕੁ ਹਟ ਕੇ, ਤਿੰਨ ਚਾਰ ਘਰ ਮੁਸਲਮਾਨਾ ਦੇ ਹੁੰਦੇ ਸੀ। ਮੁਸਲਮਾਨ, ਮੁਰਗੀਆਂ, ਬੱਕਰੀਆਂ ਪਾਲਦੇ ਸੀ। ਲੋਕੀ ਉਹਨਾਂ ਨੂੰ ਚਿਕਵਾ ਜਾਂ ਕਸਾਈ ਕਹਿੰਦੇ ਸਨ। ਉਹ ਬੱਕਰੇ-ਬੱਕਰੀ ਦੇ ਮੀਟ ਦਾ ਧੰਦਾ ਵੀ ਕਰਦੇ ਸਨ। ਥੋੜ੍ਹੀ-ਬਹੁਤ ਜ਼ਮੀਨ ਵੀ ਹੁੰਦੀ ਸੀ ਉਹਨਾਂ ਕੋਲ।

ਅਬੀ ਆਵਾਰਾ ਤੇ ਫੱਕੜ ਕਿਸਮ ਦਾ ਆਦਮੀ ਸੀ। ਦੋ-ਦੋ ਔਰਤਾਂ ਨਾਲ ਸ਼ਾਦੀ ਕਰਵਾਈ ਹੋਈ ਸੀ ਉਸਨੇ। ਪਿੱਛੋਂ ਇਕ ਔਰਤ ਜਿਹੜੀ ਕੁਝ ਵਧੇਰੇ ਹੁਸੀਨ ਸੀ, ਕਸਬੇ ਦੇ ਇਕ ਦਰਜੀ ਦੇ ਘਰ ਜਾ ਬੈਠੀ। ਅਬੀ ਨੇ ਕੋਈ ਗ਼ਮ ਜਾਂ ਗੁੱਸਾ ਨਹੀਂ ਕੀਤਾ। ਪੰਚਾਇਤ ਨੇ ਦਰਜੀ ਨੂੰ ਜਿੰਨੀ ਰਕਮ ਭਰਨ ਕਿਹਾ, ਉਸਨੇ ਭਰ ਦਿੱਤੀ। ਅਬੀ ਨੇ ਉਹਨਾਂ ਰੁਪਈਆਂ ਨਾਲ ਕੁਝ ਦਿਨ ਐਸ਼ ਕੀਤੀ ਤੇ ਫੇਰ ਇਕ ਹਰਮੋਨੀਅਮ ਖ਼ਰੀਦ ਲਿਆਂਦਾ। ਅਬੀ ਜਦੋਂ ਵੀ ਮੰਡੀ ਜਾਂਦਾ, ਉਸੇ ਦਰਜੀ ਦੇ ਘਰ ਠਹਿਰਦਾ। ਖਾਂਦਾ-ਪੀਂਦਾ, ਜਸ਼ਨ ਮਨਾਉਂਦਾ; ਆਪਣੀ ਪੁਰਾਣੀ ਪਤਨੀ ਨੂੰ ਮੱਖਣ ਲਾ ਕੇ ਕੁਝ ਰੁਪਈਏ ਮਾਂਨਦਾ ਲੈਂਦਾ ਤੇ ਫੇਰ ਖ਼ਰੀਦਾਰੀ ਕਰਕੇ ਘਰ ਪਰਤ ਆਉਂਦਾ।

ਕਹਿੰਦੇ ਨੇ, ਅਬੀ ਵੀ ਸੋਹਣਾ ਸੀ। ਉਸਦੇ ਚਿਹਰੇ ਉੱਤੇ ਹਲਕੀ ਜਿਹੀ ਲੂਈਂ ਸੀ। ਜੁੱਸਾ ਪਤਲਾ ਸੀ। ਬਚਪਨ ਵਿਚ ਬਿਮਾਰ ਰਹਿਣ ਤੇ ਪਿੱਛੋਂ ਢੰਗ ਸਿਰ ਦੀ ਖ਼ੁਰਾਕ ਨਾ ਮਿਲਣ ਕਰਕੇ ਉਸਦਾ ਰੰਗ ਹਲਕਾ ਹਲਦੀਆ ਹੋ ਗਿਆ ਸੀ। ਉਂਜ ਉਹ ਗੋਰਾ ਦਿਸਦਾ ਸੀ। ਲੱਗਦਾ ਸੀ, ਉਸਦੇ ਸਰੀਰ ਨੇ ਜਿਵੇਂ ਕਦੀ ਧੁੱਪ ਨਾ ਸੇਕੀ ਹੋਵੇ। ਹਨੇਰੇ ਵਿੱਚ, ਧੁੱਪ ਤੇ ਹਵਾ ਤੋਂ ਦੂਰ ਉਗਣ ਵਾਲੇ ਕਣਕ ਦੇ ਪੀਲੇ ਬੂਟੇ ਵਰਗਾ ਸੀ ਉਸਦਾ ਰੰਗ। ਫੇਰ ਵੀ ਉਸ ਵਿਚ ਪਤਾ ਨਹੀਂ ਕੀ ਗੁਣ ਸੀ ਕਿ ਕੁੜੀਆਂ ਉਸ ਉੱਤੇ ਫਿਦਾਅ ਹੋ ਜਾਂਦੀਆਂ ਸਨ। ਸ਼ਾਇਦ ਇਸਦਾ ਇਕ ਕਾਰਣ ਇਹ ਹੋਵੇ ਕਿ ਦੂਰ-ਦੁਰੇਡੇ ਦੇ ਸ਼ਹਿਰਾਂ ਵਿਚ ਚੱਲਣ ਵਾਲੇ ਫੈਸ਼ਨ, ਸਭ ਤੋਂ ਪਹਿਲਾਂ ਉਸੇ ਨਾਲ ਪਿੰਡ ਵਿੱਚ ਪਹੁੰਚਦੇ ਸਨ। ਜੇਬੀ ਕੰਘੀ, ਧੁੱਪ ਵਾਲੀ ਐਨਕ, ਜਿਹੜੀ ਸ਼ੀਸ਼ੇ ਵਾਂਗ ਚਮਕਦੀ ਸੀ, ਪਰ ਅੰਦਰੋਂ ਆਰ-ਪਾਰ ਦਿਖਾਈ ਦੇਂਦਾ ਸੀ, ਤੌਲੀਏ ਵਰਗੇ ਕੱਪੜੇ ਦੀ ਨੰਬਰਾਂ ਵਾਲੀ ਬਨੈਣ, ਪੰਜਾਬੀਆਂ ਦਾ ਅੱਠਾ ਧਾਤਾਂ ਵਾਲਾ ਕੜਾ, ਰਬੜ ਦਾ ਹੰਟਰ ਵਗ਼ੈਰਾ ਅਜਿਹੀਆਂ ਵਸਤਾਂ ਸਨ, ਜਿਹੜੀਆਂ ਅਬੀ ਸ਼ਹਿਰੋਂ ਪਿੰਡ ਲਿਆਇਆ ਸੀ।

ਜਦੋਂ ਦਾ ਅਬੀ ਨੇ ਹਰਮੋਨੀਅਨ ਖ਼ਰੀਦਿਆ ਸੀ, ਉਦੋਂ ਦਾ ਉਹ ਸਾਰਾ ਦਿਨ ਦਿਨ ਚੀਂਪੋਂ-ਚੀਂਪੋਂ ਕਰਦਾ ਰਹਿੰਦਾ ਸੀ। ਉਸਦੀ ਜੇਬ ਵਿਚ ਇਕ-ਇਕ ਆਨੇ ਵਾਲੀਆਂ ਫਿਲਮੀਂ ਗੀਤਾਂ ਦੀਆਂ ਕਿਤਾਬਾਂ ਹੁੰਦੀਆਂ। ਉਸਨੇ ਸ਼ਹਿਰ ਵਿਚ ਕਵਾਲਾਂ ਨੂੰ ਦੇਖਿਆ ਸੀ ਤੇ ਉਸਦੀ ਦਿਲੀ ਇੱਛਾ ਸੀ ਕਿ ਉਹ ਕਵਾਲ ਬਣ ਜਾਵੇ, ਪਰ ਜੀਅ ਤੋੜ ਕੋਸ਼ਿਸ਼ ਕਰਨ ਪਿੱਛੋਂ ਵੀ.... "ਹਮੇਂ ਤੋ ਲੂਟ ਲਿਆ ਮਿਲਕੇ ਹੁਸਨ ਵਾਲੋਂ ਨੇ" ਦੇ ਇਲਾਵਾ ਹੋਰ ਕੋਈ ਸੁਰ ਉਸ ਤੋਂ ਸੂਤ ਨਹੀਂ ਸੀ ਆਈ।

ਬਾਅਦ ਵਿੱਚ ਅਬੀ ਨੇ ਆਪਣੀ ਦਾੜ੍ਹੀ, ਮੁੱਛਾਂ ਬਿਲਕੁਲ ਸਫਾਚੱਟ ਕਰਵਾ ਦਿੱਤੀਆਂ ਤੇ ਵਾਲ ਵਧਾ ਲਏ। ਚਿਹਰੇ ਉਪਰ ਗੀਆ ਭਾਠਾ ਮਲਣ ਲੱਗ ਗਿਆ। ਪਿੰਡ ਦੇ ਧੋਬੀ ਦਾ ਮੁੰਡਾ ਜਿਆਵਨ ਉਸਦੇ ਨਾਲ-ਨਾਲ ਭੌਂਣ ਲੱਗਿਆ ਤੇ ਦੋਵੇਂ ਪਿੰਡੋ-ਪਿੰਡ ਜਾ ਕੇ ਗਾਉਣ ਵਜਾਉਣ ਲੱਗ ਪਏ। ਅਬੀ ਇਸ ਕੰਮ ਨੂੰ ਆਰਟ ਕਹਿੰਦਾ ਸੀ, ਪਰ ਪਿੰਡ ਦੇ ਲੋਕੀ ਕਹਿੰਦੇ ਸਨ, "ਸਹੁਰੇ ਭੰਡ, ਕਰਦੇ ਕੀ ਫਿਰਦੇ ਐ।" ਅਬੀ ਏਨੀ ਕਮਾਈ ਕਰ ਲੈਂਦਾ ਸੀ ਕਿ ਉਸਦੀ ਘਰਵਾਲੀ ਖੁੱਲ੍ਹਾ ਖਾ ਪੀ ਸਕੇ।

ਟੇਪਚੂ ਇਸੇ ਅਬੀ ਦਾ ਮੁੰਡਾ ਸੀ।

ਟੇਪਚੂ ਜਦੋਂ ਦੋ ਸਾਲ ਦਾ ਸੀ, ਅਬੀ ਦੀ ਅਚਾਣਕ ਮੌਤ ਹੋ ਗਈ।

ਅਬੀ ਦੀ ਮੌਤ ਵੀ ਬੜੀ ਅਜੀਬੋ-ਗਰੀਬ ਦੁਰਘਟਨਾ ਵਿਚ ਹੋਈ। ਹਾੜ ਦੇ ਦਿਨ ਸਨ। ਸੋਨ ਚੜ੍ਹੀ ਹੋਈ ਸੀ। ਸਫ਼ੇਦ ਝੱਗ ਤੇ ਲੱਕੜ ਦੇ ਗਲੇ-ਸੜੇ ਫੱਟੇ ਤੇ ਟਾਹਣੇ ਧਾਰ ਵਿੱਚ ਤੈਰਦੇ ਨਜ਼ਰ ਆਉਂਦੇ-ਪਾਣੀ ਮਿਟਮੈਲਾ ਹੋ ਗਿਆ ਸੀ, ਚਾਹ -ਰੰਗਾ ਤੇ ਉਸ ਵਿੱਚ ਬੇਲੋੜਾ ਘਾਹ ਫੂਸ ਤੇ ਕਾਈ ਤੈਰਦੇ ਰਹਿੰਦੇ ਸਨ। ਇਹ ਹੜ੍ਹ ਦੀ ਅਗਾਊ ਸੂਚਨਾ ਸੀ। ਘੰਟੇ ਦੋ ਘੰਟਿਆਂ ਵਿਚ ਹੀ ਨਦੀ ਦਾ ਪਾਣੀ ਚੜ੍ਹ ਜਾਣਾ ਸੀ। ਅਬੀ ਤੇ ਜਿਆਵਨ ਨੂੰ ਜਲਦੀ ਸੀ, ਇਸ ਲਈ ਉਹ ਹੜ੍ਹ ਤੋਂ ਪਹਿਲਾਂ ਨਦੀ ਪਾਰ ਕਰ ਲੈਣਾ ਚਾਹੁੰਦੇ ਸਨ। ਜਦੋਂ ਤੱਕ ਉਹਨਾਂ ਪਾਰ ਜਾਣਦਾ ਫੈਸਲਾ ਕੀਤਾ ਤੇ ਪਾਣੀ ਵਿਚ ਪੈਰ ਧਰਿਆ, ਸੋਨ ਵਿਚ ਲੱਕ-ਲੱਕ ਪਾਣੀ ਹੋ



ਗਿਆ। ਜਿੱਥੇ ਕਿਤੇ ਪਿੰਡ ਦੇ ਲੋਕਾਂ ਖੂਹੀਆਂ ਬਣਾਈਆਂ ਸਨ, ਪਾਣੀ ਛਾਤੀ ਤਕ ਪਹੁੰਚ ਜਾਂਦਾ। ਕਹਿੰਦੇ ਨੇ ਕਿ ਜਿਆਵਨ ਤੇ ਅਬੀ ਬੜੇ ਆਰਾਮ ਨਾਲ ਨਦੀ ਪਾਰ ਕਰ ਰਹੇ ਸਨ। ਨਦੀ ਦੇ ਦੂਜੇ ਕਿਨਾਰੇ ਉਪਰ ਪਿੰਡ ਦੀਆਂ ਔਰਤਾਂ ਘੜੇ ਚੁੱਕੀ ਖੜ੍ਹੀਆਂ ਸਨ। ਅਬੀ ਉਹਨਾਂ ਨੂੰ ਵੇਖ ਕੇ ਮੌਜ਼ ਵਿਚ ਆ ਗਿਆ। ਜਿਆਵਨ ਨੇ ਪਰਦੇਸੀਆਂ ਦੀ ਲੰਮੀ ਤਾਣ ਛੇੜੀ; ਅਬੀ ਵੀ ਸੁਰ ਮਿਲਾਉਣ ਲੱਗ ਪਿਆ। ਗੀਤ ਸੁੱਤੇ-ਸੁਰ ਜਗਾਉਣ ਵਾਲਾ ਸੀ। ਔਰਤਾਂ ਖ਼ੁਸ਼ ਸਨ ਤੇ ਖਿੜ-ਖਿੜ ਹੱਸ ਰਹੀਆਂ ਸਨ। ਅਬੀ ਕੁਝ ਹੋਰ ਮਸਤੀ ਵਿਚ ਆ ਗਿਆ। ਜਿਆਵਨ ਦੇ ਗਲੇ ਵਿਚ ਪਰਨੇ ਨਾਲ ਬੱਧਾ ਹਰਮੋਨੀਅਮ ਝੂਲ ਰਿਹਾ ਸੀ। ਅਬੀ ਨੇ ਹਰਮੋਨੀਅਮ ਉਸ ਤੋਂ ਲੈ ਕੇ ਆਪਣੇ ਗਲੇ ਵਿਚ ਲਟਕਾਅ ਲਿਆ ਤੇ ਰਸਦਾਰ ਸਾਲਹੋ ਗਾਉਣ ਲੱਗ ਪਿਆ। ਦੂਜੇ ਕਿਨਾਰੇ ਖੜ੍ਹੀਆਂ ਔਰਤਾਂ ਖਿੜ-ਖਿੜ ਕਰ ਰਹੀਆਂ ਸਨ ਕਿ ਕਈਆਂ ਦੇ ਮੂੰਹੋਂ ਚੀਕ ਨਿਕਲ ਗਈ। ਜਿਆਵਨ ਮੂੰਹ ਅੱਡੀ ਖੜ੍ਹਾ ਰਹਿ ਗਿਆ। ਅਬੀ ਦਾ ਪੈਰ ਕਿਸੇ ਖੂਹੀ ਜਾ ਟੋਏ ਵਿਚ ਜਾ ਪਿਆ ਸੀ। ਉਹ ਧਾਰ ਦੇ ਐਨ ਵਿਚਕਾਰ ਜਾ ਡਿੱਗਿਆ। ਗਲੇ ਵਿਚ ਲਟਕੇ ਹੋਏ ਹਰਮੋਨੀਅਮ ਨੇ ਉਸਨੂੰ ਹੱਥ-ਪੈਰ ਮਾਰਨ ਦਾ ਮੌਕਾ ਵੀ ਸੀ ਨਹੀਂ ਦਿੱਤਾ। ਹੋਇਆ ਇਹ ਸੀ ਕਿ ਅਬੀ ਕਿਸੇ ਫਿਲਮ ਵਿਚ ਦੇਖੇ ਹੋਏ ਵੈਜੰਤੀਮਾਲਾ ਦੇ ਡਾਂਸ ਦੀ ਨਕਲ ਕਰਨ ਲੱਗਿਆ ਸੀ ਤੇ ਇਸੇ ਦੌਰਾਨ ਉਸਦਾ ਪੈਰ ਕਿਸੇ ਖੂਹੀ ਵਿਚ ਜਾ ਪਿਆ ਸੀ। ਕੁਝ ਲੋਕ ਕਹਿੰਦੇ ਨੇ ਕਿ ਨਦੀ ਵਿਚ 'ਚੋਰ ਬਾਲੂ' ਵੀ ਹੁੰਦਾ ਏ। ਉਪਰੋਂ ਦੇਖਣ 'ਤੇ ਰੇਤ ਦੀ ਤਹਿ ਬਰਾਬਰ ਲੱਗਦੀ ਏ, ਪਰ ਉਸਦੇ ਹੇਠਾਂ ਅਥਾਹ ਗਹਿਰਾਈ ਹੁੰਦੀ ਏ... ਪੈਰ ਰੱਖਦਿਆਂ ਹੀ ਆਦਮੀ ਉਸ ਵਿਚ ਸਮਾਅ ਜਾਂਦਾ ਏ।

ਅਬੀ ਦੀ ਲਾਸ਼ ਤੇ ਹਰਮੋਨੀਅਮ, ਦੋਨਾਂ ਨੂੰ ਲੱਭਣ ਦੀ ਬੜੀ ਕੋਸ਼ਿਸ਼ ਕੀਤੀ ਗਈ। ਮਲੰਗੂ ਵਰਗਾ ਮਸ਼ਹੂਰ ਮਲਾਹ ਗੋਤੇ ਲਾਉਂਦਾ ਰਿਹਾ ਸੀ ਪਰ ਸਭ ਬੇਕਾਰ। ਕੁਝ ਥਹੁ ਹੀ ਨਹੀਂ ਸੀ ਲੱਗਿਆ।

ਅਬੀ ਦੀ ਘਰਵਾਲੀ ਫਿਰੋਜ਼ਾ ਜਵਾਨ ਸੀ। ਅਬੀ ਦੇ ਮਰ ਜਾਣ ਪਿੱਛੋਂ ਫਿਰੋਜ਼ਾ ਦੇ ਸਿਰ 'ਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ। ਉਹ ਘਰ-ਘਰ ਜਾ ਕੇ ਦਾਲ, ਚੌਲ ਛੱਟਦੀ, ਖੇਤਾਂ ਵਿੱਚ ਮਜ਼ਦੂਰੀ ਕਰਦੀ, ਬਾਗਾਂ ਦੀ ਰਖਵਾਲੀ ਦਾ ਕੰਮ ਕਰਦੀ, ਤਾਂ ਕਿਤੇ ਜਾ ਕੇ ਰੋਟੀ ਨਸੀਬ ਹੁੰਦੀ। ਸਾਰਾ ਦਿਨ ਧਾਈਂ ਕੁੱਟਦੀ, ਸੋਨ ਨਦੀ ਤੋਂ ਘੜੇ ਭਰ-ਭਰ ਪਾਣੀ ਢੋਂਦੀ, ਘਰ ਦਾ ਸਾਰਾ ਕੰਮ ਕਾਜ ਕਰਨਾ ਪੈਂਦਾ, ਰਾਤ ਨੂੰ ਖੇਤ ਦੀ ਰਾਖੀ ਲਈ ਨਿਕਲ ਜਾਂਦੀ। ਘਰੇ ਇਕ ਬੱਕਰੀ ਸੀ, ਜਿਸਦੀ ਦੇਖਭਾਲ ਵੀ ਉਸੇ ਨੂੰ ਕਰਨੀ ਪੈਂਦੀ ਸੀ। ਇਹਨਾਂ ਸਾਰੇ ਕੰਮਾਂ ਦੌਰਾਨ, ਇਕ ਪੁਰਾਣੀ ਸਾੜ੍ਹੀ ਵਿਚ ਬੱਝਿਆ, ਟੇਪਚੂ ਉਸਦੇ ਢਿੱਡ ਉੱਤੇ ਚਮਗਿੱਦੜ ਵਾਂਗ ਝੂਲਦਾ ਰਹਿੰਦਾ।

ਫਿਰੋਜ਼ਾ ਨੂੰ ਇਕੱਲੀ ਸਮਝ ਕੇ ਪਿੰਡ ਦੇ ਕਈ ਖਾਂਦੇ-ਪੀਦੇਂ ਘਰਾਣਿਆਂ ਦੇ ਮੁੰਡਿਆਂ ਉਸਨੂੰ ਫਾਹੁਣ ਦੀ ਕੋਸ਼ਿਸ਼ ਕੀਤੀ, ਪਰ ਟੇਪਚੂ ਹਰ ਸਮੇਂ ਆਪਣੀ ਮਾਂ ਕੋਲ ਕਵਚ ਵਾਂਗ ਹੁੰਦਾ। ਦੂਜੀ ਗੱਲ ਇਹ ਏਨਾ ਘਿਣਾਉਣਾ ਸੀ ਕਿ ਫਿਰੋਜ਼ਾ ਦੀ ਜਵਾਨੀ ਉੱਤੇ ਗੋਹੇ ਵਾਂਗ ਲਿੱਪਿਆ ਲੱਗਦਾ ਸੀ। ਪਤਲੇ-ਪਤਲੇ ਸੁੱਕੜ ਜਿਹੇ ਝੁਰੜੀਆਂ ਭਰੇ ਹੱਥ-ਪੈਰ, ਕੱਦੂ ਵਾਂਗ ਫੁੱਲਿਆ ਹੋਇਆ ਢਿੱਡ, ਫੋੜਿਆਂ ਨਾਲ ਭਰਿਆ ਪਿੰਡਾ। ਲੋਕ ਟੇਪਚੂ ਦੇ ਮਰਨ ਦੀ ਉਡੀਕ ਕਰਦੇ ਰਹੇ। ਇਕ ਸਾਲ ਬੀਤਦਿਆਂ-ਬੀਤਦਿਆ ਹੱਡ-ਭੰਨਵੀ ਮਿਹਨਤ ਨੇ ਫਿਰੋਜ਼ਾ ਦੀ

ਦੇਹ ਨੂੰ ਨਿਚੋੜ ਕੇ ਰੱਖ ਦਿੱਤਾ। ਉਸਦੇ ਵਾਲ ਉਲਝੇ ਹੋਏ, ਰੁੱਖੇ ਤੇ ਗੰਦੇ ਰਹਿੰਦੇ। ਕੱਪੜਿਆਂ ਵਿਚੋਂ ਬੋ ਆਉਂਦੀ। ਸਰੀਰ ਪਸੀਨੇ, ਮੈਲ ਤੇ ਮਿੱਟੀ ਦੀਆਂ ਤੈਹਾਂ ਵਿਚ ਲਿਪਟਿਆ ਰਹਿੰਦਾ। ਉਹ ਲਗਾਤਾਰ ਕੰਮ ਕਰਦੀ ਰਹੀ। ਲੋਕਾਂ ਨੂੰ ਉਸ ਤੋਂ ਘਿਣ ਆਉਣ ਲੱਗ ਪਈ।

ਟੇਪਚੂ ਜਦੋਂ ਸੱਤ ਸਾਲ ਦਾ ਹੋਇਆ, ਪਿੰਡ ਦੇ ਲੋਕਾਂ ਦੀ ਦਿਲਚਸਪੀ ਉਸ ਵਿਚ ਪੈਦਾ ਹੋਣ ਲੱਗੀ।

ਸਾਡੇ ਪਿੰਡ ਦੇ ਬਾਹਰ, ਦੂਰ ਤੱਕ ਫੈਲੇ ਧਾਨ ਦੇ ਖੇਤਾਂ ਦੇ ਪਾਰ ਅੰਬਾਂ ਦਾ ਇਕ ਵੱਡਾ ਬਗ਼ੀਚਾ ਸੀ। ਕਿਹਾ ਜਾਂਦਾ ਏ ਕਿ ਪਿੰਡ ਦੇ ਰੱਜੇ-ਪੁਜੇ ਕਿਸਾਨ ਘਰਾਣਿਆ, ਠਾਕੁਰਾਂ-ਬ੍ਰਾਹਮਣਾ ਦੀਆਂ ਖ਼ਾਨਦਾਨੀ ਕੰਨਿਆਵਾਂ ਉਸੇ ਬਗ਼ੀਚੇ ਦੇ ਹਨੇਰੇ ਕੋਨੇ ਵਿਚ ਆਪਣੇ ਯਾਰਾਂ ਨੂੰ ਮਿਲਦੀਆਂ ਸੀ। ਹਰ ਤੀਜੇ-ਚੌਥੇ ਸਾਲ ਉਸ ਬਗ਼ੀਚੇ ਦੇ ਕਿਸੇ ਕੋਨੇ ਵਿਚ ਚੜ੍ਹਦੀ ਸਵੇਰ ਕੋਈ ਨਵਾਂ ਜੰਮਿਆਂ ਬਾਲ, ਰੋਂਦਾ ਹੋਇਆ, ਲਾਵਾਰਿਸ ਪਿਆ, ਮਿਲਦਾ। ਇਸ ਕਿਸਮ ਦੇ ਵਧੇਰੇ ਬੱਚੇ ਸਿਹਤਮੰਦ, ਸੁੰਦਰ ਤੇ ਗੋਰੇ-ਚਿੱਟੇ ਹੁੰਦੇ। ਪੱਕਾ ਸੀ ਕਿ ਪਿੰਡ ਦੇ ਆਦੀ-ਵਾਸੀਆਂ, ਕੋਲ-ਗੋਂਡਾਂ ਦੇ ਬੱਚੇ ਨਹੀਂ ਸੀ ਕਹੇ ਜਾ ਸਕਦੇ। ਹਰ ਵਾਰੀ ਪੁਲਿਸ ਆਉਂਦੀ। ਦਰੋਗਾ, ਠਾਕੁਰ ਸਾਹਿਬ ਦੇ ਘਰ ਬੈਠਾ ਰਹਿੰਦਾ। ਪੂਰੀ ਪੁਲਿਸ ਪਲਟਨ ਦਾ ਖਾਣਾ ਉੱਥੇ ਪੱਕਦਾ। ਮੁਰਗੇ ਪਿੰਡੋਂ ਫੜਵਾ ਲਏ ਜਾਂਦੇ। ਸ਼ਰਾਬ ਆਉਂਦੀ। ਸ਼ਾਮ ਨੂੰ ਪਾਨ ਚੱਬਦੇ, ਮੁਸਕਰਾਉਂਦੇ ਤੇ ਪਿੰਡ ਦੀਆਂ ਕੁੜੀਆਂ ਨਾਲ ਕਲੋਲ ਕਰਦੇ ਪੁਲਿਸ ਵਾਲੇ ਚਲੇ ਜਾਂਦੇ। ਮਾਮਲਾ ਹਮੇਸ਼ਾ ਰਫ਼ਾ-ਦਫ਼ਾ ਹੋ ਜਾਂਦਾ।

ਇਸ ਬਗ਼ੀਚੇ ਦਾ ਪੁਰਾਣਾ ਨਾਂ ਮੁਖੀਆ ਜੀ ਦਾ ਬਗ਼ੀਚਾ ਸੀ। ਵਰ੍ਹਿਆਂ ਪਹਿਲਾਂ ਚੌਧਰੀ ਬਾਲਕਿਸ਼ਨ ਨੇ ਇਹ ਬਗ਼ੀਚਾ ਲਾਇਆ ਸੀ। ਇੱਛਾ ਇਹ ਸੀ ਕਿ ਖ਼ਾਲੀ ਪਈ ਜ਼ਮੀਨ ਉੱਤੇ ਹੌਲੀ-ਹੌਲੀ ਕਬਜ਼ਾ ਕਰ ਲਿਆ ਜਾਵੇ। ਹੁਣ ਤਾਂ ਇੱਥੇ ਅੰਬਾਂ ਦੇ ਦੋ ਢਾਈ ਸੌ ਰੁਖ ਸਨ, ਪਰ ਇਸ ਬਗ਼ੀਚੇ ਦਾ ਨਾਂ ਹੁਣ ਬਦਲ ਗਿਆ ਸੀ। ਇਸ ਨੂੰ ਲੋਕ ਭੂਤਾਂ ਵਾਲਾ ਬਗ਼ੀਚਾ ਕਹਿੰਦੇ ਸਨ, ਕਿਉਂਕਿ ਮੁਖੀਏ ਬਾਲ ਕਿਸ਼ਨ ਸਿੰਘ ਦਾ ਭੂਤ ਉਸ ਵਿਚ ਵੱਸਣ ਲੱਗ ਪਿਆ ਸੀ। ਰਾਤ-ਬਰਾਤੇ ਉਧਰ ਜਾਣ ਵਾਲੇ ਲੋਕਾਂ ਦੀ ਘਿੱਗੀ ਬੱਝ ਜਾਂਦੀ। ਬਾਲ ਕਿਸ਼ਨ ਸਿੰਘ ਦੇ ਵੱਡੇ ਪੁੱਤਰ ਚੌਧਰੀ ਕਿਸ਼ਨ ਪਾਲ ਸਿੰਘ ਇਕ ਵਾਰੀਂ ਉਧਰੋਂ ਲੰਘ ਰਹੇ ਸਨ ਉਹਨਾਂ ਨੂੰ ਕਿਸੇ ਜ਼ਨਾਨੀ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ। ਜਾ ਕੇ ਦੇਖਿਆ... ਝਾੜਿਆਂ-ਸਰਕੜਿਆਂ ਵਿਚ ਨਿਗਾਹ ਮਾਰੀ ਤਾਂ ਕੋਈ ਵੀ ਨਹੀਂ ਸੀ। ਉਹਨਾਂ ਦੇ ਸਿਰ ਦੇ ਵਾਲ ਖੜ੍ਹੇ ਹੋ ਗਏ। ਧੋਤੀ ਦਾ ਲਾਂਗੜ ਖੁੱਲ੍ਹ ਗਿਆ ਤੇ ਉਹ 'ਹਨੁਮਨ-ਹਨੁਮਾਨ' ਕਰਦੇ ਭੱਜ ਆਏ।

ਉਦੋਂ ਤੋਂ ਅਕਸਰ ਉੱਥੇ ਕਿਸੇ ਜ਼ਨਾਨੀ ਦੇ ਕਰਾਹੁਣ ਜਾਂ ਰੋਣ ਦੀਆਂ ਆਵਾਜ਼ਾਂ ਸੁਣੀਆਂ ਜਾਣ ਲੱਗ ਪਈਆਂ। ਦਿਨੇ ਜਾਨਵਰਾਂ ਦੀਆਂ ਹੱਡੀਆਂ, ਜਬਾੜੇ ਜਾਂ ਚੂੜੀਆਂ ਦੇ ਟੋਟੇ ਖਿਲਰੇ ਲੱਭਦੇ। ਪਿੰਡ ਦੇ ਕੁਝ ਲਫੰਗਿਆਂ ਦਾ ਕਹਿਣਾ ਸੀ। ਕਿ 'ਉਸ ਬਗ਼ੀਚੇ ਵਿਚ ਭੂਤ-ਵੂਤ ਕੁਝ ਨਹੀਂ-ਸਾਰੀਆਂ ਮੁਖੀਆ ਘਰਾਣੇ ਦੀਆਂ ਫੈਲੀਆਂ ਹੋਈਆਂ ਅਫਵਾਹਾਂ ਨੇ। ਸਾਲਿਆਂ ਨੇ ਉਸ ਬਗ਼ੀਚੇ ਨੂੰ ਐਸ਼-ਗਾਹ ਬਣਾਇਆ ਹੋਇਆ ਏ।'

ਇਕ ਵਾਰੀ ਮੈਂ ਨਾਲ ਦੇ ਪਿੰਡ ਵਿਚ ਕਿਸੇ ਸ਼ਾਦੀ ਵਿਚ ਗਿਆ ਸਾਂ। ਮੁੜਦਿਆਂ



ਹੋਇਆਂ ਰਾਤ ਪੈ ਗਈ। ਬਾਰਾਂ ਵੱਜੇ ਹੋਣਗੇ। ਨਾਲ ਰਾਧੇ, ਸੰਭਾਰੂ ਤੇ ਬਲਦੇਵ ਸਨ। ਰਸਤਾ ਬਗ਼ੀਚੇ ਵਿਚੋਂ ਹੋ ਕੇ ਲੰਘਦਾ ਸੀ। ਸਾਡੇ ਹੱਥਾਂ ਵਿਚ ਸੋਟੀਆਂ ਸਨ। ਅਚਾਨਕ ਇਕ ਪਾਸਿਓਂ ਸੁੱਕੇ ਪੱਤਿਆਂ ਦੀ ਖੜਖੜਾਹਟ ਸੁਣਾਈ ਦਿੱਤੀ। ਲੱਗਿਆ, ਜਿਵੇਂ ਕੋਈ ਜੰਗਲੀ ਸੂਰ ਬੇਫਿਕਰੀ ਨਾਲ ਪੱਤਿਆਂ ਨੂੰ ਮਿਧਦਾ ਹੋਇਆ ਸਾਡੇ ਵੱਲ ਆ ਰਿਹਾ ਏ। ਅਸੀਂ ਸਾਰੇ ਖਲੋ ਕੇ ਬਿੜਕ ਲੈਣ ਲੱਗ ਪਏ। ਗਰਮੀਆਂ ਦੀ ਰੁੱਤ ਸੀ। ਜੇਠ ਦਾ ਮਹੀਨਾ। ਅਚਾਨਕ ਆਵਾਜ਼ ਜਿਵੇਂ ਠਿਠਕ ਗਈ। ਚੁੱਪ ਵਾਪਰ ਗਈ। ਅਸੀਂ ਟੋਹ ਲੈਣ ਲੱਗੇ। ਅੰਦਰੋਂ ਡਰ ਵੀ ਲੱਗ ਰਿਹਾ ਸੀ। ਬਲਦੇਵ ਅੱਗੇ ਵਧਿਆ, "ਕਿਹੜਾ ਐਂ ਓਇ, ਖੜ੍ਹ ਤੇਰੀ ਦੀ।" ਉਸਨੇ ਜ਼ਮੀਨ ਉੱਤੇ ਸੋਟੀ ਮਾਰੀ ਹਾਲਾਂਕਿ ਉਸਦੀਆਂ ਨਸਾਂ ਢਿੱਲੀਆਂ ਪੈ ਗਈਆਂ ਸਨ; ਤੇ ਕਿਤੇ ਮੁਖੀਏ ਦਾ ਭੂਤ ਹੋਇਆ ਫੇਰ? ਮੈਂ ਕਿਸੇ ਤਰ੍ਹਾਂ ਹਿੰਮਤ ਕੀਤੀ, "ਕਿਹੜੈ, ਬਈ ਓਇ।" ਬਲਦੇਵ ਨੂੰ ਅੱਗੇ ਵਧਦਾ ਵੇਖ ਕੇ ਸੰਭਾਰੂ ਵੀ ਤੜ ਫੜ ਗਿਆ। ਪਾਗਲਾਂ ਵਾਂਗ ਸੱਜੇ-ਖੱਬੇ, ਉਪਰ-ਹੇਠਾਂ ਸੋਟੀ ਘੁਮਾਉਂਦਾ ਹੋਇਆ ਉਸੇ ਪਾਸੇ ਵਧਿਆ।

ਉਦੋਂ ਹੀ ਇਕ ਬਰੀਕ ਤੇ ਫੁਸਫੁਸੀ ਜਿਹੀ ਆਵਾਜ਼ ਸੁਣਾਈ ਦਿੱਤੀ, "ਮੈਂ ਆਂ ਜੀ, ਚਾ'ਜੀ।"

"ਮੈਂ ਕਿਹੜਾ ਓਇ?" ਬਲਦੇਵ ਕੜਕਿਆ।

ਹਨੇਰੇ ਵਿਚੋਂ ਟੇਪਚੂ ਬਾਹਰ ਨਿਕਲ ਆਇਆ, "ਚਾ'ਜੀ, ਮੈਂ ਐ ਟੇਪਚੂ।" ਉਹ ਬਗ਼ੀਚੇ ਦੇ ਹਨੇਰੇ ਵਿਚ ਲੁਕਦਾ-ਦਿਸਦਾ ਜਿਹਾ ਖੜ੍ਹਾ ਸੀ। ਹੱਥ ਵਿਚ ਥੈਲਾ ਸੀ। ਮੈਨੂੰ ਹੈਰਾਨੀ ਹੋਈ। "ਏਨੀ ਰਾਤ ਨੂੰ ਏਧਰ ਕੀ ਕਰ ਰਿਹੈ ਓਇ ਕਟੂਏ?"

ਕੁਝ ਚਿਰ ਟੇਪਚੂ ਚੁੱਪ ਰਿਹਾ। ਫੇਰ ਡਰਦਾ ਹੋਇਆ ਬੋਲਿਆ, "ਅੰਮਾਂ ਨੂੰ ਲੂ ਲੱਗ ਗਈ ਸੀ। ਦੁਪਹਿਰੇ ਮੁਖੀਏ ਦੇ ਖੇਤ ਦੀ ਰਾਖੀ ਕਰਨ ਗਈ ਸੀ, ਤਾਅ ਖਾ ਗਈ। ਉਸਨੇ ਕਿਹਾ ਕਿ ਕੱਚੀਆਂ ਅੰਬੀਆਂ ਦਾ ਛਿੱਛਾ ਮਿਲ ਜਾਏ ਤਾਂ ਠੀਕ ਹੋ ਜਾਏਗੀ। ਬੜਾ ਤੇਜ਼ ਬੁਖ਼ਾਰ ਏ।"

"ਭੂਤਾਂ ਭੈਣਾਂ ਤੋਂ ਡਰ ਨਹੀਂ ਲੱਗਦਾ ਤੈਨੂੰ ਮੋਇਆ? ਕਿਸੇ ਦਿਨ ਸਾਲੇ ਦੀ ਲਾਸ਼ ਮਿਲੂਗੀ ਕਿਸੇ ਝਾੜੀ 'ਚ ਪਈ।" ਰਾਧੇ ਨੇ ਕਿਹਾ। ਟੇਪਚੂ ਸਾਡੇ ਨਾਲ ਹੀ ਪਿੰਡ ਪਰਤ ਆਇਆ। ਸਾਰੇ ਰਸਤੇ ਚੁੱਪਚਾਪ ਚੱਲਦਾ ਰਿਹਾ। ਜਦੋਂ ਉਸਦੇ ਘਰ ਜਾਣ ਵਾਲੀ ਗਲੀ ਦਾ ਮੋੜ ਆਇਆ ਤਾਂ ਬੋਲਿਆ, "ਚਾਂ'ਜੀ, ਮੁਖੀਏ ਨੂੰ ਨਾ ਦੱਸਣਾ ਇਹ ਗੱਲ, ਨਹੀਂ ਤਾਂ ਮਾਰ-ਮਾਰ ਕੇ ਭੜਥਾ ਬਣਾ ਦਵੇਗਾ ਮੇਰਾ।"

ਟੇਪਚੂ ਦੀ ਉਮਰ ਜਦੋਂ ਮਸੀਂ ਸਤ ਅੱਠ ਸਾਲ ਦੀ ਹੋਵੇਗੀ।

ਦੂਜੀ ਵਾਰੀ ਇੰਜ ਹੋਇਆ ਕਿ ਟੇਪਚੂ ਆਪਣੀ ਅੰਮਾਂ ਫਿਰੋਜ਼ਾ ਨਾਲ ਲੜ ਕੇ ਘਰੋਂ ਭੱਜ ਗਿਆ। ਫਿਰੋਜ਼ਾਂ ਨੇ ਉਸਨੂੰ ਬਲਦੀ ਹੋਈ ਚੁੱਲ੍ਹੇ ਦੀ ਲੱਕੜ ਨਾਲ ਕੁੱਟਿਆ ਸੀ। ਸਾਰੀ ਦੁਪਹਿਰ, ਤਿੱਖੜ ਧੁੱਪ ਵਿਚ ਟੇਪਚੂ ਜੰਗਲ ਵਿਚ ਪਸ਼ੂਆਂ ਡੰਗਰਾਂ ਨਾਲ ਭੌਂਦਾ ਫਿਰਿਆ। ਫੇਰ ਕਿਸੇ ਰੁੱਖ ਹੇਠ, ਛਾਂ ਵਿਚ, ਲੇਟ ਗਿਆ। ਥੱਕਿਆ ਹੋਇਆ ਸੀ। ਅੱਖ ਲੱਗ ਗਈ। ਨੀਂਦ ਖੁੱਲ੍ਹੀ ਤਾਂ ਢਿੱਡ ਵਿਚ ਚੂਹੇ ਨੱਚ ਰਹੇ ਸਨ। ਭੁੱਖ ਦਾ ਭਾਂਬੜ ਮੱਚ ਰਿਹਾ ਸੀ। ਬੜੀ ਦੇਰ ਤਕ ਓਵੇਂ ਹੀ ਪਿਆ ਰਿਹਾ, ਬਿਟਬਿਟ ਆਸਮਾਨ ਵੱਲ ਵਿਹੰਦਾ ਰਿਹਾ। ਫੇਰ ਭੁੱਖ ਦੀ ਅੱਗ ਨਾਲ ਜਦੋਂ ਕੰਨਾਂ ਦੀ ਲੋਲਾਂ ਤਕ ਗਰਮ ਹੋਣ ਲੱਗੀਆਂ ਤਾਂ ਸੁਸਤ ਜਿਹਾ ਉਠ ਕੇ ਸੋਚਣ ਲੱਗਿਆ

ਕਿ ਹੁਣ ਕੀ ਜੁਗਾੜ ਕੀਤਾ ਜਾਵੇ। ਉਸਨੂੰ ਯਾਦ ਆਇਆ ਕਿ ਸਰਈ ਦੇ ਰੁੱਖਾਂ ਦੇ ਪਾਰ ਜੰਗਲ ਵਿਚ ਇਕ ਮੈਦਾਨ ਏ। ਉੱਥੇ ਹੀ ਪੁਰਨਿਹਾ ਦਾ ਛੱਪੜ।

ਉਹ ਛੱਪੜ ਤੇ ਜਾ ਪਹੁੰਚਿਆ। ਇਸ ਛੱਪੜ ਵਿਚ ਦਿਵੇ ਪਿੰਡ ਦੀਆਂ ਮੱਝਾਂ ਤੇ ਰਾਤ ਨੂੰ ਜੰਗਲੀ ਸੂਰ ਟੁੱਭੀਆਂ ਲਾਉਂਦੇ ਸਨ। ਪਾਣੀ ਕਾਲਾ-ਹਰਾ ਜਿਹਾ ਦਿਖਾਈ ਦੇ ਰਿਹਾ ਸੀ। ਸਾਰੀ ਸਤਿਹ ਉਪਰ ਕਮਲ ਤੇ ਪੁਰਈਨ ਦੇ ਬੂਟੇ ਫੈਲੇ ਹੋਏ ਸਨ। ਵਿਚਕਾਰ ਕਾਈ ਦੀ ਮੋਟੀ ਤੈਹ ਸੀ। ਟੇਪਚੂ ਛੱਪੜ ਵਿਚ ਵੜ ਗਿਆ। ਉਹ ਕਮਲ ਦੀਆਂ ਕੁਕੜੀਆਂ ਤੇ ਪੁਰਈਨ ਦੇ ਟੂਸੇ ਕੱਢ ਲਿਆਉਣਾ ਚਾਹੁੰਦਾ ਸੀ। ਤੈਰਨਾ ਉਹ ਜਾਣਦਾ ਸੀ।

ਛੱਪੜ ਦੇ ਵਿਚਕਾਰ ਪਹੁੰਚ ਕੇ ਉਹ ਕਮਲ ਦੀਆਂ ਕੁਕੜੀਆਂ ਤੋੜਨ ਲੱਗ ਪਿਆ। ਇਕ ਹੱਥ ਵਿਚ ਕਾਫੀ ਸਾਰੀਆਂ ਕਮਲ-ਕੁਕੜੀਆਂ ਤੇ ਪੁਰਈਨ ਦੇ ਟੂਸੇ ਉਸਨੇ ਫੜ ਲਏ। ਵਾਪਸ ਬਾਹਰ ਆਉਣ ਲਈ ਮੁੜਿਆ, ਤਾਂ ਤੈਰਨ ਵਿਚ ਦਿੱਕਤ ਹੋਣ ਲੱਗੀ। ਜਿਸ ਰਸਤੇ ਪਾਣੀ ਨੂੰ ਕੱਟਦਾ ਹੋਇਆ ਉਹ ਵਾਪਸ ਆਉਣਾ ਚਾਹੁੰਦਾ ਸੀ, ਉੱਥੇ ਕਮਲ ਤੇ ਪੁਰਈਨ ਦੇ ਸੰਘਣੇ ਨੜੇ ਆਪਸ ਵਿਚ ਉਲਝੇ ਹੋਏ ਸਨ। ਉਸਦਾ ਪੈਰ ਨੜਿਆਂ ਵਿਚ ਫਸ ਗਿਆ ਤੇ ਛੱਪੜ ਦੇ ਐਨ ਵਿਚਕਾਰ ਉਹ 'ਘਪ-ਘਪ' ਕਰਨ ਲੱਗ ਪਿਆ।

ਪਰਮੇਸਰਾ ਜਦੋਂ ਮੱਝ ਨੂੰ ਪਾਣੀ ਪਿਆਉਣ ਛੱਪੜ 'ਤੇ ਆਇਆ ਤਾਂ ਉਸਨੇ ਗੜਪ-ਗੜਪ ਦੀਆਂ ਆਵਾਜਾਂ ਸੁਣੀਆਂ। ਉਸਨੂੰ ਲੱਗਿਆ, ਕੋਈ ਵੱਡੀ ਮੱਛੀ ਮਸਤੀ ਵਿਚ ਆ ਕੇ ਜਲ-ਮਸਤੀਆਂ ਕਰ ਰਹੀ ਏ। ਜੇਠ ਦੇ ਮਹੀਨੇ ਵਿਚ ਵੈਸੇ ਵੀ ਮੱਛੀਆਂ ਨੂੰ ਗਰਮੀ ਚੜ੍ਹ ਜਾਂਦੀ ਏ। ਉਸਨੇ ਕਪੜੇ ਲਾਹੇ ਤੇ ਪਾਣੀ ਵਿਚ ਉਤਰ ਗਿਆ। ਜਿੱਥੇ ਉਹ ਮੱਛੀ ਭੁੜਕ ਰਹੀ ਸੀ। ਉੱਥੇ ਉਸਨੇ ਗੋਤਾ ਮਾਰ ਕੇ ਮੱਛੀ ਨੂੰ ਗਲਫੜਿਆਂ ਤੋਂ ਆਪਣੇ ਪੰਜੇ ਵਿਚ ਦਬੋਚ ਲੈਣਾ ਚਾਹਿਆ ਤਾਂ ਉਸਦੇ ਹੱਥ ਵਿਚ ਟੇਪਚੂ ਦੀ ਗਰਦਨ ਆ ਗਈ। ਉਹ ਪਹਿਲਾਂ ਤਾਂ ਡਰਿਆ, ਫੇਰ ਉਸਨੂੰ ਖਿਚ ਕੇ ਬਾਹਰ ਕੱਢ ਲਿਆਇਆ। ਟੇਪਚੂ ਹੁਣ ਮਰਿਆਂ ਵਾਂਗ ਪਿਆ ਸੀ। ਢਿੱਡ ਗੁਬਾਰੇ ਵਾਂਗ ਫੁੱਲਿਆ ਹੋਇਆ ਸੀ ਤੇ ਨੱਕ ਕੰਨ ਵਿਚੋਂ ਪਾਣੀ ਦੀ ਧਾਰ ਵਹਿ ਰਹੀ ਸੀ। ਟੇਪਚੂ ਨੰਗਾ ਸੀ ਤੇ ਉਸਦਾ ਪਿਸ਼ਾਬ ਨਿਕਲ ਗਿਆ ਸੀ। ਪਰਮੇਸਰੇ ਨੇ ਉਸਨੂੰ ਲੱਤਾਂ ਤੋਂ ਫੜ ਕੇ ਪੁੱਠਾ ਲਮਕਾਇਆ ਤੇ ਢਿੱਡ ਨੱਪ ਦਿੱਤਾ ਤਾਂ 'ਗੜ-ਗੜ' ਕਰਦਾ ਖਾਸਾ ਪਾਣੀ ਮੂੰਹ ਵਿਚੋਂ ਨਿਕਲਿਆ।

ਇਕ ਬਾਲਟੀ ਪਾਣੀ ਦੀ ਉਲਟੀ ਕਰਨ ਪਿੱਛੋਂ ਟੇਪਚੂ ਮੁਸਕਰਾਇਆ। ਉੱਠਿਆ ਤੇ ਬੋਲਿਆ, "ਚਾ'ਜੀ, ਥੋੜ੍ਹੇ ਕੁ ਕਮਲ-ਗੱਟੇ ਈ ਕੱਢ ਦੇ ਛੱਪੜ 'ਚੋਂ..... ਮੈਂ ਵਾਹਵਾ ਸਾਰੇ ਤੋੜ ਲਏ ਸੀ, ਸਾਲੇ ਸਾਰੇ ਹੀ ਛੁੱਟ ਗਏ। ਬੜੀ ਭੁੱਖ ਲੱਗੀ ਹੋਈ ਆ।"

ਪਰਮੇਸਰੇ ਨੇ ਮੱਝ ਹੱਕਣ ਵਾਲੇ ਡੰਡੇ ਨਾਲ ਚਾਰ-ਪੰਜ ਟੇਪਚੂ ਦੇ ਚਿੱਤੜਾਂ 'ਤੇ ਲਾਈਆਂ ਤੇ ਗਾਲ੍ਹਾਂ ਕੱਢਦਾ ਹੋਇਆ ਤੁਰ ਗਿਆ।

ਪਿੰਡ ਦੇ ਬਾਹਰ-ਵਾਰ, ਕਸਬੇ ਵੱਲ ਜਾਣ ਵਾਲੀ ਸੜਕ ਉੱਤੇ ਸਰਕਾਰੀ ਨਰਸਰੀ ਸੀ? ਉੱਥੇ ਪਲਾਂਟੇਸ਼ਨ ਦਾ ਕੰਮ ਚੱਲ ਰਿਹਾ ਸੀ। ਬਿੜਲਾ ਦੇ ਪੇਪਰ ਮਿੱਲ ਵਿਚ ਬਾਂਸ, [illegible]ਜ਼ਾਨ ਅਤੇ ਯੂਕਲਿਪਟਸ ਦੇ ਰੁੱਖ ਲਾਏ ਗਏ ਸਨ। ਉਸੇ ਨਰਸਰੀ ਵਿਚ, ਖਾਸੀ ਅੰਦਰ [illegible] ਦੇ ਵੀ ਕਈ ਰੁੱਖ ਸਨ। ਪਿੰਡ ਵਿਚ ਤਾੜੀ ਪੀਣ ਵਾਲਿਆਂ ਦੀ ਵੱਡੀ ਗਿਣਤੀ



ਸੀ। ਵਧੇਰੇ ਆਦਿ ਵਾਸੀ ਮਜ਼ਦੂਰ ਜਿਹੜੇ ਪੀ. ਡਬਲਿਊ. ਡੀ. ਵਿਚ ਸੜਕ ਬਣਾਉਣ ਤੇ ਰਾਖੜ ਮਿੱਟੀ ਵਿਛਾਉਣ ਦਾ ਕੰਮ ਕਰਦੇ ਸਨ, ਦਿਨ ਭਰ ਦੀ ਥਕਾਣ ਪਿੱਛੋਂ ਰਾਤ ਨੂੰ ਤਾੜੀ ਪੀ ਕੇ ਗੁੱਟ ਹੋ ਜਾਂਦੇ ਸਨ। ਪਹਿਲਾਂ ਉਹ ਲੋਕ ਸ਼ਾਮ ਦਾ ਘੁਸਮੁਸਾ ਹੁੰਦਿਆਂ ਹੀ ਕੁੱਜੇ ਲਿਜਾਅ ਕੇ ਰੁੱਖਾਂ ਉੱਤੇ ਬੰਨ੍ਹ ਆਉਂਦੇ। ਤਾੜ ਦਾ ਰੁੱਖ ਬਿਲਕੁਲ ਸਿੱਧਾ ਹੁੰਦਾ ਏ। ਉਸ ਉੱਤੇ ਚੜ੍ਹਨ ਦੀ ਹਿੰਮਤ ਜਾਂ ਤਾਂ ਕਿਰਲੀ ਕਰ ਸਕਦੀ ਏ ਜਾਂ ਫਿਰ ਮਜ਼ਦੂਰ। ਸਵੇਰ ਤੱਕ ਮਟਕੇ ਵਿਚ ਤਾੜੀ ਇਕੱਠੀ ਹੋ ਜਾਂਦੀ। ਲੋਕ ਉਸਨੂੰ ਲਾਹ ਲਿਆਉਂਦੇ।

ਤਾੜ ਉੱਤੇ ਚੜ੍ਹਨ ਲਈ ਲੋਕ ਬਾਂਸ ਦੀਆਂ ਕਿੱਲੀਆਂ ਬਣਾਉਂਦੇ ਸਨ ਅਤੇ ਉਸ ਉੱਤੇ ਪੈਰ ਧਰ ਕੇ ਚੜ੍ਹਦੇ ਸਨ। ਇਸ ਤਰ੍ਹਾਂ ਡਿੱਗਣ ਦਾ ਖ਼ਤਰਾ ਘੱਟ ਜਾਂਦਾ। ਜੇ ਐਨੀ ਉਚਾਈ ਤੋਂ ਕੋਈ ਆਦਮੀ ਡਿੱਗ ਪਏ ਤਾਂ ਉਸ ਦੀਆਂ ਹੱਡੀਆਂ ਖਿੱਲਰ ਸਕਦੀਆਂ ਸਨ।

ਹੁਣ ਤਾੜ ਦੇ ਇਹਨਾਂ ਰੁੱਖਾਂ ਉੱਪਰ ਕਿਸ਼ਨ ਪਾਲ ਦੀ ਮਾਲਕੀ ਹੋ ਗਈ ਸੀ। ਪਟਵਾਰੀ ਨੇ ਉਸ ਸਰਕਾਰੀ ਨਰਸਰੀ ਦੀ ਉਸ ਜ਼ਮੀਨ ਨੂੰ ਵੀ ਕਿਸ਼ਨਪਾਲ ਦੇ ਪੱਟੇ ਵਿਚ ਕੱਢ ਦਿੱਤਾ ਸੀ। ਹੁਣ ਤਾੜੀ ਕੱਢਣ ਦਾ ਕੰਮ ਉਹੀ ਕਰਦੇ ਸਨ। ਗ੍ਰਾਮ ਪੰਚਾਇਤ ਭਵਨ ਦੇ ਦਫ਼ਤਰ ਵਿਚ, ਜਿੱਥੇ ਮਹਾਤਮਾ ਗਾਂਧੀ ਦੀ ਤਸਵੀਰ ਟੰਗੀ ਹੋਈ ਸੀ, ਉਸ ਹੇਠਾਂ ਬੈਠ ਕੇ ਤਾੜੀ ਵੰਡੀ ਜਾਂਦੀ। ਕਮਰੇ ਦੇ ਅੰਦਰ ਅਤੇ ਬਾਹਰ ਤਾੜੀ-ਖੋਰ ਮਜ਼ਦੂਰਾਂ ਦੀ ਖਾਸੀ ਭੀੜ ਇਕੱਠੀ ਹੋ ਜਾਂਦੀ। ਕਿਸ਼ਨ ਪਾਲ ਨੂੰ ਚੰਗੀ ਆਮਦਨ ਹੁੰਦੀ।

ਇੱਕ ਵਾਰ ਟੇਪਚੂ ਨੇ ਵੀ ਤਾੜੀ ਚੱਖਣੀ ਚਾਹੀ। ਉਸਨੇ ਦੇਖਿਆ ਕਿ ਜਦੋਂ ਪਿੰਡ ਦੇ ਲੋਕ ਤਾੜੀ ਪੀਂਦੇ ਨੇ ਤਾਂ ਉਹਨਾਂ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਏ, ਚਿਹਰੇ ਟਹਿਕਣ ਲੱਗ ਪੈਂਦੇ ਨੇ ਤੇ ਮਿੰਨੀ-ਮਿੰਨੀ ਮੁਸਕਾਨ ਕੰਨਾਂ ਤੱਕ ਫੈਲ ਜਾਂਦੀ ਏ। ਆਨੰਦ ਤੇ ਮਸਤੀ ਵਿਚ ਡੁੱਬੇ ਲੋਕ ਸਾਲਹੋ-ਦਾਦਰ ਗਾਉਂਦੇ, ਠਹਾਕੇ ਲਾਉਂਦੇ ਤੇ ਇੱਕ ਦੂਜੇ ਦੀ ਮਾਂ-ਭੈਣ ਦੀ ਐਸੀ-ਤੈਸੀ ਕਰਦੇ- ਕੋਈ ਬੁਰਾ ਨਾ ਮੰਨਦਾ। ਲੱਗਦਾ ਜਿਵੇਂ ਸਾਰੇ ਲੋਕ ਪਿਆਰ ਦੇ ਅਥਾਹ ਸਮੁੰਦਰ ਵਿਚ ਤੈਰ ਰਹੇ ਹੋਣ।

ਟੇਪਚੂ ਨੂੰ ਲੱਗਿਆ ਜਿਵੇਂ ਤਾੜੀ ਜ਼ਰੂਰ ਕੋਈ ਚੰਗੀ ਚੀਜ਼ ਹੋਵੇ। ਸਵਾਲ ਇਹ ਸੀ ਕਿ ਤਾੜੀ ਪੀਤੀ ਕਿਵੇਂ ਜਾਵੇ। ਚਾਚਿਆਂ-ਤਾਇਆਂ ਤੋਂ ਮੰਗਣ ਦਾ ਮਤਲਬ ਸੀ, ਮਾਰ ਖਾਣੀ। ਮਾਰ ਖਾਣ ਤੋਂ ਟੇਪਚੂ ਨੂੰ ਬੜੀ ਨਫ਼ਰਤ ਸੀ। ਉਸਨੇ ਜੁਗਤ ਲੜਾਈ ਤੇ ਇਕ ਦਿਨ ਤੜਕੇ, ਮੂੰਹ ਹਨੇਰੇ, ਜਦੋਂ ਅਜੇ ਸਵੇਰ ਠੀਕ ਤਰ੍ਹਾਂ ਨਹੀਂ ਸੀ ਹੋਈ, ਆਸਮਾਨ ਵਿਚ ਤਾਰੇ ਨਜ਼ਰ ਆ ਰਹੇ ਸਨ, ਉਹ ਟੱਟੀ ਫਿਰਨ ਦੇ ਬਹਾਨੇ ਘਰੋਂ ਨਿਕਲ ਪਿਆ।

ਤਾੜ ਦੀ ਉਚਾਈ ਤੇ ਉਸ ਉਚਾਈ 'ਤੇ ਟੰਗੇ ਹੋਏ ਪੱਕੇ ਨਿੰਬੂ ਦੇ ਆਕਾਰ ਦੇ ਮਟਕੇ ਉਸਨੂੰ ਡਰਾ ਨਹੀਂ ਸੀ ਰਹੇ, ਸਗੋਂ ਅਦ੍ਰਿਸ਼ ਉਂਗਲਾਂ ਨਾਲ ਇਸ਼ਾਰੇ ਕਰਦੇ, ਆਪਣੇ ਕੋਲ ਬੁਲਾ ਰਹੇ ਸਨ। ਤਾੜ ਦੇ ਝੂੰਮਦੇ ਹੋਏ ਟਾਹਣੇ ਤਾੜੀ ਦੇ ਸਵਾਲ ਬਾਰੇ ਸਿਰ ਹਿਲਾ-ਹਿਲਾ ਕੇ ਦੱਸ ਰਹੇ ਸਨ। ਟੇਪਚੂ ਨੂੰ ਪਤਾ ਸੀ ਕਿ ਛਪਰਾ ਜ਼ਿਲੇ ਦਾ ਲਠੈਤ ਮਦਨਾ ਸਿੰਘ ਤਾੜੀ ਦੀ ਰਖਵਾਲੀ ਕਰਦਾ ਸੀ। ਉਹ ਜਾਣਦਾ ਸੀ ਕਿ ਮਦਨਾ ਅਜੇ ਤਾੜੀ ਦੀ ਖ਼ੁਮਾਰੀ ਵਿਚ ਪਿਆ ਘੁਰਾੜੇ ਮਾਰ ਰਿਹਾ ਹੋਵੇਗਾ। ਟੇਪਚੂ ਦੇ ਦਿਮਾਗ ਵਿਚ ਡਰ ਦਾ ਹਲਕਾ ਜਿਹਾ ਅਹਿਸਾਸ ਤੱਕ ਨਹੀਂ ਸੀ।

ਉਹ ਕਾਟੋ ਵਾਂਗ ਤਾੜ ਦੇ ਇਕਸਾਰ ਸਿੱਧੇ ਤਣੇ ਨਾਲ ਚਿਪਕ ਗਿਆ ਅਤੇ ਉਪਰ ਸਰਕਣ ਲੱਗਾ। ਪੈਰਾਂ ਨਾਲ ਨਾ ਤਾਂ ਬਾਂਸ-ਫੱਟੀਆਂ ਬੱਧੀਆਂ ਸਨ ਤੇ ਨਾ ਹੀ ਕੋਈ ਰੱਸੀ ਸੀ। ਪੰਜਿਆਂ ਦੇ ਸਹਾਰੇ ਉਹ ਉਪਰ ਸਰਕਦਾ ਰਿਹਾ। ਉਸਨੇ ਦੇਖਿਆ, ਮਦਨਾ ਸਿੰਘ ਦੂਰ ਇੱਕ ਅੰਬ ਦੇ ਰੁੱਖ ਹੇਠ, ਮੂਕਾ ਵਿਛਾਈ, ਸੁੱਤਾ ਪਿਆ ਏ। ਟੇਪਚੂ ਹੁਣ ਕਾਫੀ ਉਚਾਈ 'ਤੇ ਸੀ। ਅੰਬ, ਮਹੂਏ, ਬਹੇੜੇ ਤੇ ਸਾਗਵਾਨ ਦੇ ਰੁੱਖ ਉਸਨੂੰ ਬੌਣੇ ਜਿਹੇ ਦਿਖਾਈ ਦੇ ਰਹੇ ਸਨ। 'ਕਾਸ਼ ਮੈਂ ਇੱਲ੍ਹ ਵਾਂਗਰ ਉੱਡ ਸਕਦਾ ਹੁੰਦਾ ਤਾਂ ਕਿੰਨਾ ਮਜ਼ਾ ਆਉਂਦਾ' ਟੇਪਚੂ ਨੇ ਸੋਚਿਆ। ਉਸਨੇ ਦੇਖਿਆ ਉਸਦੀ ਕੂਹਣੀ ਕੋਲ ਇੱਕ ਲਾਲ ਸੁੰਡੀ ਰੀਂਘ ਰਹੀ ਸੀ, "ਸਹੁਰੀ" ਉਸਨੇ ਇੱਕ ਗੰਦੀ ਗਾਲ੍ਹ ਬਕੀ ਅਤੇ ਕੁੱਜੇ ਵੱਲ ਸਰਕਣ ਲੱਗਾ।

ਮਰਦਾ ਸਿੰਘ ਪਾਸੇ ਪਰਤਦਾ, ਅੰਗੜਾਈਆਂ ਭੰਨਣ ਲੱਗਾ। ਉਸਦੀ ਅੱਖ ਖੁੱਲ੍ਹ ਗਈ ਸੀ। ਹਨੇਰਾ ਵੀ ਹੁਣ ਓਨਾ ਨਹੀਂ ਸੀ ਰਿਹਾ। ਸਾਰਾ ਕੰਮ ਫੁਰਤੀ ਨਾਲ ਕਰਨਾ ਪਵੇਗਾ। ਟੇਪਚੂ ਨੇ ਕੁੱਜੇ ਨੂੰ ਹਿਲਾਇਆ। ਤਾੜੀ ਇੱਕ ਚੌਥਾਈ ਹਿੱਸੇ ਵਿਚ ਭਰੀ ਜਾਪਦੀ ਸੀ। ਉਸਨੇ ਕੁੱਜੇ ਵਿਚ ਹੱਥ ਪਾ ਕੇ ਤਾੜੀ ਦਾ ਅੰਦਾਜ਼ਾ ਲਾਉਣਾ ਚਾਹਿਆ....

ਤੇ ਬਸ, ਇੱਥੇ ਸਾਰੀ ਗੜਬੜ ਹੋ ਗਈ।

ਕੁੱਜੇ ਵਿਚ ਫਨੀਅਰ ਕਰੈਤ ਸੱਪ ਵੜਿਆ ਬੈਠਾ ਸੀ। ਅਸਲ ਨਾਗ। ਤਾੜੀ ਪੀ ਕੇ ਉਹ ਵੀ ਧੁੱਤ ਸੀ। ਟੇਪਚੂ ਦਾ ਹੱਥ ਅੰਦਰ ਗਿਆ ਤਾਂ ਉਹ ਉਸ ਨਾਲ ਲਿਪਟ ਗਿਆ। ਟੇਪਚੂ ਦਾ ਰੰਗ ਉੱਡ ਗਿਆ, ਚਿਹਰਾ ਬੱਗਾ ਫੂਸ ਹੋ ਗਿਆ। ਇੱਲ੍ਹ ਵਾਂਗ ਉਡਨ ਵਰਗੀ ਹਰਕਤ ਉਸਨੇ ਕੀਤੀ। ਫੇਰ ਕੀ ਸੀ- ਤਾੜ ਦਾ ਰੁੱਖ ਇਕ ਪਾਸੇ ਹੋ ਗਿਆ ਤੇ ਉਸਦੇ ਸਮਾਨਅੰਤਰ ਟੇਪਚੂ ਕਿਸੇ ਭਾਰੀ ਪੱਥਰ ਵਾਂਗ ਹੇਠਾਂ ਨੂੰ ਜਾ ਰਿਹਾ ਸੀ। ਕੁੱਜਾ ਉਸਦੇ ਪਿੱਛੇ ਸੀ।

ਜ਼ਮੀਨ ਉੱਤੇ ਟੇਪਚੂ ਡਿੱਗਿਆ ਤਾਂ ਘੜਮ ਦੀ ਆਵਾਜ਼ ਦੇ ਨਾਲ ਇਕ ਮਰਦੇ ਹੋਏ ਆਦਮੀ ਦੀ ਅੰਤਮ ਚੀਕ ਵੀ ਸੀ। ਉਸ ਪਿੱਛੋਂ ਕੁੱਜਾ ਡਿੱਗਿਆ ਤੇ ਉਹ ਠੀਕਰੀ-ਠੀਕਰੀ ਹੋ ਗਿਆ। ਕਾਲਾ ਸੱਪ ਇਕ ਪਾਸੇ ਪਿਆ ਤੜਫ ਰਿਹਾ ਸੀ, ਉਸਦੀ ਰੀੜ੍ਹ ਦੀ ਹੱਡੀ ਟੁੱਟ ਗਈ ਜਾਪਦੀ ਸੀ।

ਮਦਨਾ ਸਿੰਘ ਦੌੜਿਆ ਆਇਆ। ਉਸਨੇ ਦੇਖਿਆ ਤਾਂ ਉਸਦਾ ਤਰਾਹ ਨਿਕਲ ਗਿਆ। ਉਸਨੇ ਤਾੜੀ ਦੇ ਕੁੱਜੇ ਸਮੇਤ ਟੇਪਚੂ ਨੂੰ ਹੇਠਾਂ ਵੱਲ ਡਿੱਗਦਿਆਂ ਦੇਖਿਆ ਸੀ। ਬਚਣ ਦੀ ਕੋਈ ਸੰਭਾਵਨਾ ਨਹੀਂ ਸੀ। ਉਸਨੇ ਇਕ ਦੋ ਵਾਰੀ ਟੇਪਚੂ ਨੂੰ ਹਿਲਾਇਆ। ਫੇਰ ਪਿੰਡ ਵਾਲਿਆਂ ਨੂੰ ਹਾਦਸੇ ਦੀ ਖ਼ਬਰ ਕਰਨ ਲਈ ਦੌੜ ਗਿਆ।

ਧਾਹਾਂ ਮਾਰ-ਮਾਰ ਰੋਂਦੀ, ਛਾਤੀ ਪਿੱਟਦੀ ਫਿਰੋਜ਼ਾ ਲਗਭਗ ਸਾਰੇ ਪਿੰਡ ਨਾਲ ਉੱਥੇ ਆ ਪਹੁੰਚੀ। ਮਦਨਾ ਸਿੰਘ ਉਹਨਾਂ ਨੂੰ ਹਾਦਸੇ ਵਾਲੇ ਥਾਂ 'ਤੇ ਲੈ ਗਿਆ; ਪਰ ਉਹ ਹੱਕਾ ਬੱਕਾ ਰਹਿ ਗਿਆ। ਇੰਜ ਨਹੀਂ ਹੋ ਸਕਦਾ - ਇਹੀ ਤਾੜ ਦਾ ਰੁੱਖ ਸੀ, ਇਸੇ ਹੇਠ ਟੇਪਚੂ ਦੀ ਲਾਸ਼ ਪਈ ਸੀ। ਉਸਨੇ ਤਾੜੀ ਦੇ ਨਸ਼ੇ ਵਿਚ ਸੁਪਨਾ ਤਾਂ ਨਹੀਂ ਦੇਖਿਆ? ਪਰ ਫੁੱਟਿਆ ਹੋਇਆ ਕੁੱਜਾ ਹੁਣ ਵੀ ਉੱਥੇ ਹੀ ਪਿਆ ਸੀ। ਸੱਪ ਦਾ ਸਿਰ ਕਿਸੇ ਨੇ ਪੱਥਰ ਨਾਲ ਚੰਗੀ ਤਰ੍ਹਾਂ ਕੁਚਲ ਦਿੱਤਾ ਸੀ। ਪਰ ਟੇਪਚੂ ਦਾ ਕਿਤੇ ਪਤਾ ਨਹੀਂ ਸੀ। ਆਸੇ-ਪਾਸੇ ਲੱਭਿਆ ਗਿਆ, ਪਰ ਟੇਪਚੂ ਮੀਆਂ ਗਾਇਬ ਸਨ।



ਪਿੰਡ ਵਾਲਿਆਂ ਨੂੰ ਉਸੇ ਦਿਨ ਵਿਸ਼ਵਾਸ ਹੋ ਗਿਆ ਕਿ 'ਹੋਏ ਨਾ ਹੋਏ ਟੇਪਚੂ ਸਾਲਾ ਜਿੰਨ ਏ, ਉਹ ਕਦੀ ਮਰ ਨਹੀਂ ਸਕਦਾ।'

ਫਿਰੋਜ਼ਾ ਦੀ ਸਿਹਤ ਦਿਨੋ ਦਿਨ ਵਿਗੜ ਰਹੀ ਸੀ। ਗਲੇ ਦੇ ਦੋਵੇਂ ਪਾਸੇ ਹੱਡੀਆਂ ਉਭਰ ਆਈਆਂ ਸਨ। ਛਾਤੀਆਂ ਸੁੱਕ ਕੇ ਖਾਲੀ ਪੋਟਲੀਆਂ ਵਾਂਗ ਲਟਕ ਗਈਆਂ ਸਨ। ਪਸਲੀਆਂ ਗਿਣੀਆ ਜਾ ਸਕਦੀਆਂ ਸਨ। ਟੇਪਚੂ ਨੂੰ ਉਹ ਬੜਾ ਪਿਆਰ ਕਰਦੀ ਸੀ। ਉਸੇ ਕਰਕੇ ਉਸਨੇ ਦੂਜਾ ਨਿਕਾਹ ਨਹੀਂ ਸੀ ਕਰਵਾਇਆ।

ਟੇਪਚੂ ਦੀਆਂ ਹਰਕਤਾਂ ਤੋਂ ਫਿਰੋਜ਼ਾਂ ਨੂੰ ਇੰਜ ਲੱਗਦਾ ਕਿ ਉਹ ਕਿਤੇ ਆਵਾਰਾ ਤੇ ਵੈਲੀ ਨਾ ਬਣ ਜਾਏ। ਇਸ ਲਈ ਉਸਨੇ ਇਕ ਦਿਨ ਪਿੰਡ ਦੇ ਪੰਡਤ ਭਗਵਾਨਦੀਨ ਦੇ ਪੈਰ ਫੜ ਲਏ । ਪੰਡਤ ਭਗਵਾਨਦੀਨ ਦੇ ਘਰ ਦੋ ਮੱਝਾਂ ਸਨ ਤੇ ਖੇਤੀ ਪਾਣੀ ਵੇਚਣ ਦੇ ਇਲਾਵਾ ਦੁੱਧ ਪਾਣੀ ਵੇਚਣ ਦਾ ਧੰਦਾ ਵੀ ਕਰਦਾ ਸੀ ਉਹ। ਉਸਨੂੰ ਚਰਵਾਹੇ ਦੀ ਲੋੜ ਸੀ ਇਸ ਲਈ ਪੰਦਰਾਂ ਰੁਪਏ ਮਹੀਨਾ ਤੇ ਰੋਟੀ 'ਤੇ ਟੇਪਚੂ ਨੂੰ ਰੱਖ ਲਿਆ ਗਿਆ। ਭਗਵਾਨਦੀਨ ਅਸਲੀ ਕੰਜੂਸ ਸੀ। ਖਾਣੇ ਦੇ ਨਾਂਅ 'ਤੇ ਰਾਤ ਦਾ ਬਚਿਆ ਖੁਚਿਆ ਖਾਣਾ ਜਾਂ ਮੱਕੀ ਦੀ ਮੱਚੀ-ਸ਼ੜੀ ਰੋਟੀ ਟੇਪਚੂ ਨੂੰ ਮਿਲਦੀ। ਕਰਾਰ ਤਾਂ ਇਹ ਸੀ ਕਿ ਟੇਪਚੂ ਨੂੰ ਸਿਰਫ ਮੱਝਾਂ ਦੀ ਦੇਖਭਾਲ ਕਰਨੀ ਪਏਗੀ, ਪਰ ਅਸਲ ਵਿਚ ਮੱਝਾਂ ਦੇ ਇਲਾਵਾ ਟੇਪਚੂ ਨੂੰ ਪੰਡਤ ਦੇ ਘਰ ਤੋਂ ਲੈ ਕੇ ਖੇਤ ਖਾਲੇ ਤਕ ਦੇ ਸਾਰੇ ਹੀ ਕੰਮ ਕਰਨੇ ਪੈਂਦੇ। ਸਵੇਰੇ ਚਾਰ ਵਜੇ ਉਸਨੂੰ ਜਗਾ ਦਿੱਤਾ ਜਾਂਦਾ ਤੇ ਰਾਤੀਂ ਸੌਂਦਿਆਂ-ਸੌਂਦਿਆਂ ਬਾਰਾਂ ਵੱਜ ਜਾਂਦੇ। ਇਕ ਮਹੀਨੇ ਵਿਚ ਹੀ ਟੇਪਚੂ ਦੀ ਹਾਲਤ ਵੇਖ ਕੇ ਫਿਰੋਜ਼ਾ ਪਿਘਲ ਗਈ। ਅੰਦਰੇ-ਅੰਦਰ ਹੁਬਕੀ-ਹੌਂਕੀ ਰੋਈ। ਉਸਨੇ ਟੇਪਚੂ ਨੂੰ ਕਿਹਾ ਵੀ ਕਿ 'ਪੁੱਤ ਇਸ ਪੰਡਤ ਦਾ ਦੁਆਰਾ ਛੱਡ ਦੇ। ਕਿਤੇ ਹੋਰ ਦੇਖ ਲਵਾਂਗੇ। ਇਹ ਤਾਂ ਮੋਇਆ ਕਸਾਈ ਏ ਪੂਰਾ।' ਪਰ ਟੇਪਚੂ ਨੇ ਨਾਂਹ ਕਰ ਦਿੱਤੀ।

ਟੇਪਚੂ ਨੇ ਇੱਥੇ ਵੀ ਜੁਗਾੜ ਕਰ ਲਿਆ ਸੀ। ਮੱਝਾਂ ਨੂੰ ਚਰਾਂਦ ਵਿਚ ਲਿਜਾਅ ਕੇ ਉਹ ਖੁੱਲ੍ਹਾ ਛੱਡ ਦੇਂਦਾ ਤੇ ਕਿਸੇ ਰੁੱਖ ਹੇਠ ਰਾਤ ਦੀ ਨੀਂਦ ਪੂਰੀ ਕਰਦਾ। ਇਸ ਪਿੱਛੋਂ ਉਠਦਾ। ਸੋਨ ਨਦੀ ਵਿਚ ਮੱਝਾਂ ਨੂੰ ਨੁਹਾਉਂਦਾ, ਕੁਰਲੀ ਵਗ਼ੈਰਾ ਕਰਦਾ। ਫੇਰ ਇਧਰ ਉਧਰ ਚੰਗੀ ਤਰ੍ਹਾਂ ਦੇਖ ਕੇ ਡਾਲਡੇ ਦੇ ਖ਼ਾਲੀ ਡੱਬੇ ਵਿਚ ਮੱਝ ਦਾ ਕਿੱਲੋਂ ਕੁ ਤਾਜ਼ਾ ਦੁੱਧ ਚੋਂਦਾ ਤੇ ਚੜ੍ਹਾ ਜਾਂਦਾ । ਉਸਦੀ ਸਿਹਤ ਸੁਧਰਨ ਲੱਗੀ।

ਇਕ ਵਾਰੀ ਪੰਡਤਾਣੀ ਨੇ ਕਿਸੇ ਕੰਮ ਪਿੱਛੇ ਉਸਨੂੰ ਗਾਲ੍ਹਾਂ ਕੱਢੀਆਂ ਤੇ ਖਾਣ ਲਈ ਹੇਠਾਂ ਲੱਗੇ ਬੇਹੇ ਚੌਲ ਦੇ ਦਿੱਤੇ। ਉਸ ਦਿਨ ਟੇਪਚੂ ਨੂੰ ਪੰਡਤ ਦੇ ਖੇਤ ਵਿਚੋਂ ਘਾਹ ਵੀ ਕੱਢਣੀ ਪਈ ਸੀ ਤੇ ਥਕਾਣ ਤੇ ਭੁੱਖ ਨਾਲ ਉਸਦਾ ਬੁਰਾ ਹਾਲ ਸੀ। ਚੌਲਾਂ ਦੀ ਪਹਿਲੀ ਗਰਾਹੀ ਮੂੰਹ ਵਿਚ ਪਾਉਂਦਿਆਂ ਹੀ ਪਹਿਲਾਂ ਤਾਂ ਖਟਾਸ ਦਾ ਸਵਾਦ ਆਇਆ ਫੇਰ ਉਲਟੀ ਆ ਗਈ । ਉਸਨੇ ਸਾਰਾ ਖਾਣਾ ਮੱਝਾਂ ਦੀ ਖੁਰਲੀ ਵਿਚ ਸੁੱਟ ਦਿੱਤਾ ਤੇ ਉਹਨਾਂ ਨੂੰ ਹੱਕ ਕੇ ਚਰਾਂਦ ਵੱਲ ਲੈ ਤੁਰਿਆ।

ਸ਼ਾਮ ਨੂੰ ਜਦੋਂ ਮੱਝਾਂ ਚੋਈਆਂ ਜਾਣ ਲੱਗੀਆਂ ਤਾਂ ਹੇਠੋਂ ਇਕ ਛਟਾਂਕ ਦੁੱਧ ਨਹੀਂ ਸੀ ਨਿਕਲਿਆ। ਪੰਡਤ ਭਗਵਾਨਦੀਨ ਨੂੰ ਸ਼ੱਕ ਹੋ ਗਿਆ ਤੇ ਉਸਨੇ ਟੇਪਚੂ ਦੀ ਜੁੱਤੀ ਨਾਲ ਚੰਗੀ ਸਵਾਰੀ। ਦੇਰ ਤੱਕ ਮੁਰਗਾ ਬਣਾਇਆ, ਕੰਧ ਉੱਤੇ ਉਕੜੂ ਬਿਠਾਈ ਰੱਖਿਆ, ਥੱਪੜ

ਮਾਰੇ ਤੇ ਕੰਮ ਤੋਂ ਹਟਾਅ ਦਿੱਤਾ।

ਇਸ ਪਿੱਛੋਂ ਟੇਪਚੂ ਪੀ.ਡਬਲਿਊ.ਡੀ. ਵਿਚ ਕੰਮ ਕਰਨ ਲੱਗ ਪਿਆ। ਵੱਟੇ, ਰੋੜੀ ਤੇ ਬੱਜਰੀ ਵਿਛਾਉਣ ਦਾ ਕੰਮ। ਸੜਕਾਂ ਉੱਤੇ ਪ੍ਰੀਮੈਕਸ ਵਿਛਾਉਣ ਦਾ ਕੰਮ। ਵੱਡੇ ਬੰਦਿਆਂ ਵਾਲੇ ਕੰਮ। ਤਿੱਖੜ ਧੁੱਪ ਵਿਚ। ਫਿਰੋਜ਼ਾ ਮੱਕੀ ਦੇ ਆਟੇ ਵਿਚ ਲੂਣ ਪਾ ਕੇ ਰੋਟੀਆਂ ਲਾਹ ਦੇਂਦੀ। ਟੇਪਚੂ ਕੰਮ ਦੌਰਾਨ, ਦੁਪਹਿਰੇ ਉਹਨਾਂ ਨੂੰ ਖਾ ਕੇ ਦੋ ਡੱਬੇ ਪਾਣੀ ਪੀ ਲੈਂਦਾ।

ਹੈਰਾਨੀ ਵਾਲੀ ਗੱਲ ਇਹ ਕਿ ਏਨੀ ਸਖ਼ਤ ਮਿਹਨਤ ਦੇ ਬਾਵਜੂਦ ਟੇਪਚੂ ਸਿਝ-ਪੱਕ ਕੇ ਮਜ਼ਬੂਤ ਹੁੰਦਾ ਜਾ ਰਿਹਾ ਸੀ। ਕਾਠੀ – ਕੱਢਣ ਲੱਗ ਪਿਆ ਸੀ। ਉਸਦੀਆਂ ਵੀਣੀਆਂ ਦੀਆਂ ਹੱਡੀਆਂ ਚੌੜੀਆਂ ਹੋਣ ਲਗੀਆਂ, ਮਾਸ ਪੇਸ਼ੀਆਂ ਕੱਸੀਆਂ ਗਈਆਂ। ਅੱਖਾਂ ਵਿਚ ਅੱਖੜਪਨ, ਰੋਅਬ ਤੇ ਗੁੱਸਾ ਝਲਕਣ ਲੱਗਾ। ਪੰਜੇ ਦੀ ਪਕੜ ਲੋਹੇ ਵਾਂਗਰ ਮਜ਼ਬੂਤ ਹੋ ਗਈ।

ਇਕ ਦਿਨ ਟੇਪਚੂ ਭਰਪੂਰ ਜਵਾਨ ਹੋ ਗਿਆ।

ਪਸੀਨੇ, ਮਿਹਨਤ, ਭੁੱਖ, ਨਿਰਾਦਰ, ਦੁਰਘਟਨਾਵਾਂ ਤੇ ਮੁਸੀਬਤਾਂ ਦੀ ਤਿੱਖੀ ਮਾਰ ਝੱਲਦਾ ਹੋਇਆ ਪੂਰਾ ਆਦਮੀ ਬਣ ਗਿਆ-ਕਦੀ ਉਸਦੇ ਚਿਹਰੇ ਉੱਤੇ ਹਾਰੇ ਹੋਣ ਜਾਂ ਟੁੱਟ ਜਾਣ ਦੀ ਨਮੋਸ਼ੀ ਨਹੀਂ ਉਭਰੀ।

ਉਸਦੇ ਭਰਵੱਟਿਆਂ ਵਿਚਕਾਰ ਇਕ ਚੀਜ਼ ਹਮੇਸ਼ਾ ਬਿਰਾਜਮਾਨ ਰਹਿਣ ਲੱਗੀ-ਉਹ ਸੀ ਗੁੱਸੇ ਜਾਂ ਸ਼ਾਇਦ ਨਫ਼ਰਤ ਦੀ ਗੂੜ੍ਹੀ ਲਕੀਰ।

ਮੈਂ ਇਸ ਦੌਰਾਨ ਪਿੰਡ ਛੱਡ ਦਿੱਤਾ ਸੀ ਤੇ ਬੈਲਾਡਿਲਾ ਦੀ ਆਇਰਨ ਮਿੱਲ ਵਿਚ ਨੌਕਰੀ ਕਰਨ ਲੱਗ ਪਿਆ ਸਾਂ। ਇਸੇ ਦੌਰਾਨ ਫਿਰੋਜ਼ਾ ਦੀ ਮੌਤ ਹੋ ਗਈ। ਬਲਦੇਵ, ਸੰਭਾਰੂ ਤੇ ਰਾਧੇ ਦੇ ਇਲਾਵਾ ਪਿੰਡ ਦੇ ਕਈ ਹੋਰ ਲੋਕ ਵੀ ਬੈਲਾਡਿਲਾ ਵਿਚ ਮਜ਼ਦੂਰੀ ਕਰਨ ਲੱਗ ਪਏ। ਪੰਡਤ ਭਗਵਾਨਦੀਨ ਨੂੰ ਹੈਜ਼ਾ ਹੋ ਗਿਆ ਤਾਂ ਉਹ ਮਰ ਗਏ। ਹਾਂ, ਕਿਸ਼ਨ ਪਾਲ ਉਸੇ ਤਰ੍ਹਾਂ ਤਾੜੀ ਦਾ ਧੰਦਾ ਕਰਦੇ ਰਹੇ। ਉਹ ਕਈ ਸਾਲ ਤੋਂ ਲਗਾਤਾਰ ਸਰਪੰਚ ਬਣ ਰਹੇ ਹਨ। ਕਸਬੇ ਵਿਚ ਉਹਨਾਂ ਦੀ ਪੱਕੀ ਹਵੇਲੀ ਖੜ੍ਹੀ ਹੋ ਗਈ ਸੀ ਤੇ ਬਾਅਦ ਵਿਚ ਉਹ ਐਮ.ਐਲ.ਏ. ਬਣ ਗਏ।

ਲੰਮਾਂ ਸਮਾਂ ਬੀਤ ਗਿਆ। ਬੜੇ ਦਿਨਾਂ ਤੱਕ ਮੈਨੂੰ ਟੇਪਚੂ ਦੀ ਕੋਈ ਖ਼ਬਰ ਨਹੀਂ ਮਿਲੀ, ਪਰ ਇਹ ਪੱਕੀ ਸੀ ਕਿ ਜਿਹਨਾਂ ਹਾਲਤਾਂ ਵਿਚ ਟੇਪਚੂ ਕੰਮ ਕਰ ਰਿਹਾ ਸੀ, ਆਪਣਾ ਖ਼ੂਨ-ਪਸੀਨਾ ਵਹਾਅ ਰਿਹਾ ਸੀ, ਆਪਣੀਆਂ ਨਸਾਂ ਦੀ ਤਾਕਤ ਇੱਟਾਂ ਵੱਟਿਆਂ ਵਿਚ ਡਾਹ ਰਿਹਾ ਸੀ, ਉਹ ਹਾਲਤਾਂ ਕਿਸੇ ਲਈ ਵੀ ਜਾਨ ਲੈਣੀਆਂ ਸਾਬਤ ਹੋ ਸਕਦੀਆਂ ਸੀ।

ਟੇਪਚੂ ਨਾਲ ਮੇਰੀ ਮੁਲਾਕਤ ਉਦੋਂ ਹੋਈ, ਜਦੋਂ ਉਹ ਬੈਲਾਡਿਲਾ ਆਇਆ। ਪਤਾ ਲੱਗਿਆ ਕਿ ਕਿਸ਼ਨ ਪਾਲ ਨੇ ਗੁੰਡਿਆਂ ਕੋਲੋਂ ਉਸਦੀ ਡਾਢੀ ਖੜਕਾਈ ਕਰਵਾਈ ਸੀ। ਗੁੰਡਿਆਂ ਨੇ ਉਸਨੂੰ ਮੋਇਆ ਸਮਝ ਕੇ ਸੋਨ ਨਦੀ ਵਿਚ ਸੁੱਟ ਦਿਤਾ ਸੀ, ਪਰ ਉਹ ਸਹੀ ਸਲਾਮਤ ਬਚ ਗਿਆ ਤੇ ਉਸੇ ਰਾਤ ਕਿਸ਼ਨ ਪਾਲ ਦੀ ਪੁਆਲ ਵਿਚ ਅੱਗ ਲਾ ਕੇ ਬੈਲਾਡਿਲਾ ਆ ਗਿਆ। ਮੈਂ ਉਸਦੀ ਸਿਫਾਰਿਸ਼ ਕੀਤੀ ਤੇ ਉਹ ਮਜ਼ਦੂਰਾਂ ਵਿਚ ਭਰਤੀ ਕਰ ਲਿਆ ਗਿਆ।



ਉਹ ਸੰਨ ਅਠੱਤਰ ਦਾ ਸਾਲ ਸੀ।

ਸਾਡਾ ਕਾਰਖ਼ਾਨਾ ਜਾਪਾਨ ਦੀ ਮਦਦ ਨਾਲ ਚੱਲ ਰਿਹਾ ਸੀ। ਅਸੀਂ ਜਿੰਨਾਂ ਕੱਚਾ ਮਾਲ ਤਿਆਰ ਕਰਦੇ, ਉਸਦਾ ਬਹੁਤ ਵੱਡਾ ਹਿੱਸਾ ਜਾਪਾਨ ਭੇਜ ਦਿੱਤਾ ਜਾਂਦਾ। ਮਜ਼ਦੂਰਾਂ ਨੂੰ ਦਿਨ ਰਾਤ ਖਦਾਨ ਵਿਚ ਕੰਮ ਕਰਨਾ ਪੈਂਦਾ।

ਟੇਪਚੂ ਇਸ ਦੌਰਾਨ ਆਪਣੇ ਸਾਥੀਆਂ ਨਾਲ ਪੂਰੀ ਤਰ੍ਹਾਂ ਘੁਲਮਿਲ ਗਿਆ ਸੀ। ਲੋਕ ਉਸਨੂੰ ਪਿਆਰ ਕਰਦੇ । ਮੈਂ ਉਸ ਵਰਗਾ ਨਿਧੜਕ, ਨਿੱਡਰ ਤੇ ਮੂੰਹ-ਫੱਟ ਬੰਦਾ ਹੋਰ ਕੋਈ ਨਹੀਂ ਦੇਖਿਆ। ਇਕ ਦਿਨ ਉਸਨੇ ਕਿਹਾ ਸੀ, "ਚਾ'ਜੀ, ਮੈਂ 'ਕੱਲਿਆਂ ਕਈ ਲੜਾਈਆਂ ਲੜੀਆਂ ਨੇ। ਹਰ ਵਾਰੀ ਮਾਰ ਖਾਧੀ ਏ। ਹਰ ਵਾਰੀ ਹਾਰਿਆ ਆਂ। ਹੁਣ ਇਕੱਲਾ ਨਹੀਂ, ਸਾਰਿਆਂ ਨਾਲ ਮਿਲ ਕੇ ਦੇਖਾਂਗਾ ਕਿ ਸਾਲਿਆਂ ਵਿਚ ਕਿੰਨਾ ਕੁ ਦਮ ਏਂ।"

ਇਹਨੀਂ ਦਿਨੀਂ ਇਕ ਘਟਨਾ ਵਾਪਰੀ। ਜਾਪਾਨ ਨੇ ਸਾਡੇ ਕਾਰਖ਼ਾਨੇ ਤੋਂ ਲੋਹਾ ਖ਼ਰੀਦਨਾ ਬੰਦ ਕਰ ਦਿੱਤਾ, ਜਿਸ ਕਰਕੇ ਸਰਕਾਰੀ ਹੁਕਮ ਮਿਲਿਆ ਕਿ 'ਹੁਣ ਸਾਨੂੰ ਕੱਚੇ ਲੋਹੇ ਦਾ ਉਤਪਾਦਨ ਘੱਟ ਕਰ ਦੇਣਾ ਚਾਹੀਦਾ ਹੈ।' ਮਜ਼ਦੂਰਾਂ ਨੂੰ ਵੱਡੀ ਗਿਣਤੀ ਵਿਚ ਛਾਂਟੀ ਕਰ ਦੇਣ ਦਾ ਸਰਕਾਰੀ ਫ਼ੁਰਮਾਨ ਜਾਰੀ ਹੋਇਆ। ਮਜ਼ਦੂਰਾਂ ਵੱਲੋਂ ਮੰਗ ਕੀਤੀ ਗਈ ਕਿ ਪਹਿਲਾਂ ਉਹਨਾਂ ਦੀ ਨੌਕਰੀ ਦਾ ਕੋਈ ਹੋਰ ਬੰਦੋਬਸਤ ਕੀਤਾ ਜਾਵੇ ਫੇਰ ਉਹਨਾਂ ਦੀ ਛਾਂਟੀ ਕੀਤੀ ਜਾਵੇ। ਇਸ ਮੰਗ ਉਪਰ ਬਿਨਾਂ ਕੋਈ ਧਿਆਨ ਦਿੱਤਿਆਂ ਮੈਨੇਜਮੈਂਟ ਨੇ ਫੌਰਨ ਛਾਂਟੀ ਦੇ ਹੁਕਮ ਉੱਤੇ ਅਮਲ ਸ਼ੁਰੂ ਕਰ ਦਿੱਤਾ। ਮਜ਼ਦੂਰ ਯੂਨੀਅਨ ਦੇ ਵਿਰੋਧ ਵਿਚ ਹੜਤਾਲ ਦਾ ਸੱਦਾ ਦਿੱਤਾ। ਸਾਰੇ ਮਜ਼ਦੂਰ ਆਪਣੀਆਂ ਝੁੱਗੀਆਂ ਵਿਚ ਬੈਠ ਗਏ; ਕੋਈ ਕੰਮ 'ਤੇ ਨਹੀਂ ਗਿਆ।

ਚਾਰੇ ਪਾਸੇ ਪੁਲਸ ਤੈਨਾਤ ਕਰ ਦਿੱਤੀ ਗਈ। ਕੁਝ ਗਸ਼ਤੀ ਟੁਕੜੀਆਂ ਵੀ ਲਾਈਆਂ ਗਈਆਂ, ਜਿਹੜੀਆਂ ਘੁੰਮ ਘੁੰਮ ਕੇ, ਕੁੱਤਿਆਂ ਵਾਂਗ ਸਥਿਤੀ ਨੂੰ ਸੁੰਘਣ ਦਾ ਕੰਮ ਕਰਦੀਆਂ ਸਨ। ਟੇਪਚੂ ਨਾਲ ਮੇਰੀ ਮੁਲਾਕਾਤ ਉਹਨੀਂ ਦਿਨੀ ਸ਼ੇਰੇ ਪੰਜਾਬ ਢਾਬੇ ਦੇ ਸਾਹਮਣੇ ਪਈ ਲੱਕੜ ਦੀ ਬੈਂਚ ਉੱਤੇ ਬੈਠਿਆਂ ਹੋਈ। ਉਹ ਬੀੜੀ ਪੀ ਰਿਹਾ ਸੀ। ਕਾਲੇ ਰੰਗ ਦੀ ਨਿੱਕਰ ਉੱਤੇ ਖ਼ੱਦਰ ਦਾ ਕੁੜਤਾ ਪਾਇਆ ਹੋਇਆ ਸੀ ਉਸਨੇ।

ਮੈਨੂੰ ਦੇਖ ਕੇ ਉਹ ਮੁਸਕਰਾਇਆ, "ਸਲਾਮ ਚਾ'ਜੀ, ਲਾਲ ਸਲਾਮ।" ਫੇਰ ਆਪਣੇ ਕੱਥੇ-ਚੂਨੇ ਰੰਗੇ ਮੈਲੇ ਦੰਦ ਕੱਢ ਕੇ ਹੱਸ ਪਿਆ, "ਮਨੇਜਮੈਂਟ ਦੀ ਗਾਂੜ 'ਚ ਅਸੀਂ ਮੋਟਾ ਡੰਡਾ ਘੁਸੇੜ ਦਿੱਤੇ। ਸਾਲੇ ਚਾਂਘਾਂ ਮਰ ਰਹੇ ਐ ਹੁਣ, ਪਰ ਕੱਢਿਆਂ ਨਹੀਂ ਨਿਕਲਦਾ ਚਾ'ਜੀ ਦਸ ਹਜ਼ਾਰ ਮਜ਼ਦੂਰਾਂ ਨੂੰ ਫੱਕੜ ਬਣਾ ਕੇ ਡੰਗਰਾਂ ਵਾਂਗ ਹੱਕ ਦੇਣਾ ਕੋਈ ਹਾਸਾ-ਠੱਠਾ ਐ। ਛਾਂਟੀ ਉਪਰੋਂ ਹੋਣੀ ਚਾਹੀਦੀ ਆ। ਜਿਹੜਾ ਪੰਜਾਹ ਮਜ਼ਦੂਰਾਂ ਜਿੰਨੀ ਤਨਖ਼ਾਹ ਲੈਂਦਾ ਹੋਵੇ, ਕੱਢੋ ਸਭ ਤੋਂ ਪਹਿਲਾਂ ਉਸਨੂੰ, ਛਾਂਟੋ ਅਜਮਾਨੀ ਸਾ'ਬ ਨੂੰ ਪਹਿਲਾਂ।"

ਟੇਪਚੂ ਬੜਾ ਬਦਲ ਗਿਆ ਸੀ। ਮੈਂ ਗੌਰ ਨਾਲ ਦੇਖਿਆ ਉਸਦੇ ਹਾਸੇ ਵਿਚ ਕੁਸੈਲ, ਨਫ਼ਰਤ ਤੇ ਗੁੱਸੇ ਦਾ ਵਿਸ਼ਾਲ ਸਮੁੰਦਰ ਠਾਠਾਂ ਮਾਰ ਰਿਹਾ ਸੀ। ਉਸਦੀ ਛਾਤੀ ਤਣੀ ਹੋਈ ਸੀ। ਕੁੜਤੇ ਦੇ ਬਟਨ ਟੁੱਟੇ ਹੋਏ ਸਨ। ਕਾਰਖ਼ਾਨੇ ਦੇ ਵੱਡੇ ਫਾਟਕ ਵਾਂਗ ਖੁੱਲ੍ਹੇ ਗਲਮੇਂ ਵਿਚੋਂ ਛਾਤੀ ਦੇ ਵਾਲ ਹਿੱਲਦੇ ਦਿਖਾਈ ਦੇ ਰਹੇ ਸਨ- ਕਾਰਖ਼ਾਨੇ ਦੇ ਮੇਨ ਗੇਟ 'ਤੇ ਬੈਠੀ ਮਜ਼ੂਦਰਾਂ

ਦੀ ਭੀੜ ਵਾਂਗ। ਟੇਪਚੂ ਨੇ ਆਪਣੇ ਮੋਢੇ 'ਤੇ ਲਟਕ ਰਹੇ ਝੋਲੇ ਵਿਚੋਂ ਪਰਚੇ ਕੱਢੇ ਤੇ ਮੈਨੂੰ ਫੜਾ ਕੇ ਤੁਰ ਗਿਆ।

ਕਹਿੰਦੇ ਨੇ ਤੀਜੀ ਰਾਤ ਯੂਨੀਅਨ ਦਫ਼ਤਰ ਉੱਤੇ ਪੁਲਸ ਨੇ ਛਾਪਾ ਮਾਰਿਆ। ਟੇਪਚੂ ਉੱਥੇ ਹੀ ਸੀ। ਨਾਲ ਹੋਰ ਵੀ ਕਈ ਮਜ਼ਦੂਰ ਸਨ। ਯੂਨੀਅਨ ਦਫ਼ਤਰ ਸ਼ਹਿਰ ਦੇ ਐਨ ਬਾਹਰ-ਵਾਰ ਦੂਜੇ ਸਿਰੇ ਉੱਤੇ ਸੀ। ਆਸੇ-ਪਾਸੇ ਕੋਈ ਆਬਾਦੀ ਨਹੀਂ ਸੀ। ਇਸ ਤੋਂ ਅੱਗੇ ਜੰਗਲ ਸ਼ੁਰੂ ਹੋ ਜਾਂਦਾ ਸੀ। ਜੰਗਲ ਲਗਭਗ ਦਸ ਮੀਲ ਦੇ ਰਕਬੇ ਵਿਚ ਫੈਲਿਆ ਹੋਇਆ ਸੀ।

ਮਜ਼ਦੂਰਾਂ ਨੇ ਪੁਲਸ ਨੂੰ ਰੋਕਿਆ, ਪਰ ਦਰੋਗਾ ਕਰੀਮ ਬਖ਼ਸ਼ ਤਿੰਨ ਚਾਰ ਕਾਂਸਟੇਬਲਾਂ ਨਾਲ ਜਬਰਦਸਤੀ ਅੰਦਰ ਘੁਸ ਗਿਆ। ਉਸਨੇ ਫਾਇਲਾਂ, ਰਜਿਸਟਰ, ਪਰਚੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਉਦੋਂ ਹੀ ਟੇਪਚੂ ਸਿਪਾਹੀਆਂ ਨੂੰ ਧਰੀਕਦਾ ਹੋਇਆ ਅੰਦਰ ਵੜਿਆ ਤੇ ਚੀਕਿਆ, "ਕਾਗਜ਼ਾਂ-ਪਰਚਿਆਂ ਨੂੰ ਹੱਥ ਨਾ ਲਾਉਣਾ ਦਰੋਗਾ ਜੀ, ਸਾਡੀ ਡਿਊਟੀ ਅੱਜ ਯੂਨੀਅਨ ਦਫ਼ਤਰ ਦੀ ਨਿਗਰਾਨੀ ਦੀ ਐ। ਮੈਂ ਕਹਿ ਰਿਹਾਂ, ਅੱਗਾ ਪਿੱਛਾ ਮੈਂ ਨਹੀਂ ਸੋਚਣਾ, ਪਰ ਤੁਸੀਂ ਲੋਕ ਸੋਚ ਲਓ, ਚੰਗੀ ਤਰ੍ਹਾਂ।"

ਦਰੋਗਾ ਹੈਰਾਨੀ ਵੱਸ ਥਾਵੇਂ ਗੱਡਿਆ ਗਿਆ। ਫੇਰ ਗੁੱਸੇ ਵਿਚ ਉਸਦੀਆਂ ਅੱਖਾਂ ਗੋਲ ਹੋ ਗਈਆਂ, ਤੇ ਨੱਕ ਸਾਨ੍ਹ ਵਾਂਗ ਫੁਕਾਰੇ ਛੱਡਣ ਲੱਗ ਪਈ, "ਕਿਹੜੇ ਓਇ ਮਾਦਰ.... ਤੁਫ਼ਾਨੀ ਸਿੰਘ, ਲਾਓ ਸਾਲੇ ਦੇ ਦਸ ਡੰਡੇ।"

ਤੁਫਾਨੀ ਸਿੰਘ ਅੱਗੇ ਵਧਿਆ ਤਾਂ ਟੇਪਚੂ ਨੇ ਲੰਗੜੀ ਮਾਰ ਕੇ ਉਸਨੂੰ ਦਰਵਾਜ਼ੇ ਦੇ ਅੱਧਾ ਬਾਹਰ ਤੇ ਅੱਧਾ ਅੰਦਰ ਮੁਰਦਾ ਕਿਰਲੀ ਵਾਂਗ ਜ਼ਮੀਨ 'ਤੇ ਪਸਾਰ ਦਿੱਤਾ। ਦਰੋਗੇ ਕਰੀਮ ਬਖ਼ਸ਼ ਨੇ ਇਧਰ ਉਧਰ ਦੇਖਿਆ। ਸਿਪਾਹੀ ਮੁਸ਼ਤੈਦ ਸਨ, ਪਰ ਝਿਜਕ ਰਹੇ ਸਨ। ਉਹਨਾਂ ਨੂੰ ਇਸ਼ਾਰਾ ਕੀਤਾ, ਉਦੋਂ ਤੱਕ ਉਹਨਾਂ ਦੀਆਂ ਧੌਣਾ ਟੇਪਚੂ ਦੀਆਂ ਬਾਹਾਂ ਵਿਚ ਫਸ ਚੁੱਕੀਆਂ ਸੀ।

ਮਜ਼ਦੂਰਾਂ ਦਾ ਜੱਥਾ ਅੰਦਰ ਆ ਗਿਆ ਤੇ ਤਾੜ-ਤਾੜ ਡਾਂਗਾਂ ਚੱਲਣ ਲੱਗ ਪਈਆਂ। ਕਈ ਸਿਪਾਹੀਆਂ ਦੇ ਸਿਰ ਪਾਟ ਗਏ। ਉਹ ਚੀਕ ਰਹੇ ਸਨ ਤੇ ਬਹੁੜੀਆਂ ਘੱਤ ਕਰ ਰਹੇ ਸਨ। ਟੇਪਚੂ ਨੇ ਦਰੋਗੇ ਨੂੰ ਨੰਗਾ ਕਰ ਦਿੱਤਾ।

ਹਾਰੀ ਹੋਈ ਪੁਲਸ ਪਾਰਟੀ ਦਾ ਜਲੂਸ ਨਿਕਲ ਗਿਆ। ਅੱਗੇ-ਅੱਗੇ ਦਰੋਗਾ ਜੀ, ਫੇਰ ਤੁਫਾਨੀ ਸਿੰਘ, ਪਿੱਛੇ ਇਕ ਲਾਈਨ ਵਿਚ ਪੰਜ ਸਿਪਾਹੀ ... ਤੇ ਪਿੱਛੇ-ਪਿੱਛੇ ਮਜ਼ਦੂਰਾਂ ਦੀ ਠਹਾਕੇ ਲਾਉਂਦੀ ਹੋਈ ਭੀੜ। ਪੁਲਸ ਵਾਲਿਆਂ ਦੀ ਬੁਰੀ ਗਤ ਬਣੀ ਸੀ। ਯੂਨੀਅਨ ਦਫ਼ਤਰ ਵਿਚੋਂ ਨਿਕਲ ਕੇ ਜਲੂਸ ਕਾਰਖ਼ਾਨੇ ਦੇ ਗੇਟ ਤਕ ਗਿਆ, ਫੇਰ ਸਿਪਾਹੀਆਂ ਨੂੰ ਛੱਡ ਕੇ ਮਸਤੀ ਦੇ ਹੌਸਲੇ ਵਿਚ ਮਸਤ ਲੋਕ ਵਾਪਸ ਪਰਤ ਗਏ। ਟੇਪਚੂ ਦੀ ਧੌਣ ਆਕੜੀ ਹੋਈ ਸੀ ਤੇ ਉਹ ਸਾਲਹੋ-ਦਾਦਰ ਗਾਉਣ ਲੱਗ ਪਿਆ ਸੀ।

ਅਗਲੇ ਦਿਨ ਸਵੇਰੇ ਟੇਪਚੂ ਝੁੱਗੀ ਵਿਚੋਂ ਨਿਕਲ ਕੇ ਟੱਟੀ ਫਿਰਨ ਜਾ ਰਿਹਾ ਸੀ ਕਿ ਪੁਲਸ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਹੋਰ ਵੀ ਬੜੇ ਲੋਕ ਫੜੇ ਗਏ ਸਨ। ਚਾਰੇ ਪਾਸੇ ਗ੍ਰਿਫ਼ਤਾਰੀਆਂ ਹੋ ਰਹੀਆਂ ਸਨ।



ਟੇਪਚੂ ਨੂੰ ਜਦੋਂ ਫੜਿਆ ਗਿਆ ਤਾਂ ਉਸਨੇ ਟੱਟੀ ਵਾਲੀ ਗੜਵੀ ਖਿੱਚ ਕੇ ਤੁਫਾਨੀ ਸਿੰਘ ਦੇ ਮਾਰੀ। ਗੜਵੀ ਮੱਥੇ ਦੇ ਐਨ ਵਿਚਕਾਰ ਵੱਜੀ ਤੇ ਗਾੜ੍ਹਾ ਗੰਦਾ ਖ਼ੂਨ ਨਿਕਲ ਆਇਆ। ਟੇਪਚੂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਉਹ ਘੇਰ ਲਿਆ ਗਿਆ। ਗੁੱਸੇ ਵਿਚ ਪਾਗਲ ਹੋਏ ਤੁਫਾਨੀ ਸਿੰਘ ਨੇ ਤੜਾ-ਤੜ ਡੰਡੇ ਵਰ੍ਹਾਏ। ਉਸਦੇ ਮੂੰਹੋਂ ਬੇਤਹਾਸ਼ਾ ਗਾਲ੍ਹਾਂ ਫੁੱਟ ਰਹੀਆਂ ਸਨ।

ਸਿਪਾਹੀਆਂ ਨੇ ਉਸਨੂੰ ਬੂਟਾਂ ਦੇ ਠੁੱਡ ਮਾਰੇ। ਲੱਤਾਂ ਮੁੱਕੀਆਂ ਨਾਲ ਕੁੱਟਿਆ। ਦਰੋਗਾ ਕਰੀਮ ਬਖ਼ਸ਼ ਵੀ ਜੀਪ ਵਿਚੋਂ ਉਤਰ ਆਇਆ। ਯੂਨੀਅਨ ਦਫ਼ਤਰ ਵਿਚ ਕੀਤੀ ਗਈ ਆਪਣੀ ਬੇਇੱਜ਼ਤੀ ਉਸਨੂੰ ਭੁੱਲੀ ਨਹੀਂ ਸੀ।

ਦਰੋਗੇ ਕਰੀਮ ਬਖ਼ਸ਼ ਨੇ ਤੁਫਾਨੀ ਸਿੰਘ ਨੂੰ ਕਿਹਾ ਕਿ 'ਟੇਪਚੂ ਨੂੰ ਨੰਗਾ ਕੀਤਾ ਜਾਵੇ ਤੇ ਗਾਂਡ ਵਿਚ ਡੰਡਾ ਤੁੰਨ ਦਿੱਤਾ ਜਾਵੇ?' ਤੁਫਾਨੀ ਸਿੰਘ ਨੇ ਇਹ ਸਿਪਾਹੀ ਗਜਾਧਰ ਸ਼ਰਮਾ ਦੇ ਸਪੁਰਦ ਕਰ ਦਿੱਤਾ।

ਗਜਾਧਰ ਸ਼ਰਮੇ ਨੇ ਟੇਪਚੂ ਦਾ ਕੱਛਾ ਖਿੱਚਿਆ ਤਾਂ ਦਰੋਗੇ ਕਰੀਮ ਬਖ਼ਸ਼ ਦਾ ਚਿਹਰਾ ਫੱਕ ਹੋ ਗਿਆ। ਫਿਰੋਜ਼ਾ ਨੇ ਟੇਪਚੂ ਦੀ ਬਾਕਾਇਦਾ ਖ਼ਤਨੀ ਕਰਵਾਈ ਹੋਈ ਸੀ। ਟੇਪਚੂ ਦਰੋਗੇ ਦਾ ਨਾਂ ਤਾਂ ਨਹੀਂ ਸੀ ਜਾਣਦਾ, ਪਰ ਉਸਦਾ ਚਿਹਰਾ ਦੇਖ ਕੇ ਜਾਤ ਜ਼ਰੂਰ ਬੁੱਝ ਗਿਆ ਸੀ। ਦਰੋਗੇ ਕਰੀਮ ਬਖ਼ਸ਼ ਦੀ ਪੁੜਪੁੜੀ ਉੱਤੇ ਡੰਡਾ ਮਾਰਿਆ, "ਮਾਦਰ...ਨਾਂਅ ਕੀ ਏ ਤੇਰਾ?"

ਟੇਪਚੂ ਨੇ ਕੁੜਤਾ ਵੀ ਲਾਹ ਕੇ ਸੁੱਟ ਦਿੱਤਾ ਤੇ ਅਲਫ਼ਨੰਗਾ ਹੋ ਗਿਆ, "ਅੱਲਾ ਬਖ਼ਸ਼, ਵਲਦ ਅਬਦੁੱਲਾ ਬਖ਼ਸ਼, ਸਾਕਿਨ ਮਡਰ ਮੌਜਾ ਪੌਡੀ, ਤਹਿਸੀਲ ਸੋਹਾਗਪੁਰ, ਥਾਨਾ ਜੈਤਹਰੀ, ਪੇਸ਼ਾ ਮਜ਼ਦੂਰੀ- " ਇਸ ਪਿੱਛੋਂ ਉਸਨੇ ਲੱਤਾਂ ਚੌੜੀਆਂ ਕੀਤੀਆਂ, ਘੁੰਮਿਆਂ ਤੇ ਗਜਾਧਰ ਸ਼ਰਮਾ, ਜਿਹੜਾ ਹੇਠਾਂ ਵੱਲ ਝੁਕਿਆ ਹੋਇਆ ਸੀ, ਉਸਦੇ ਮੋਢੇ ਉੱਤੇ ਪਿਸ਼ਾਬ ਦੀ ਧਾਰ ਛੱਡ ਦਿੱਤੀ, "ਜਿਲਾ ਸ਼ਹਿਡੋਲ, ਹਾਲ ਬਾਸਿੰਦਾ ਬੇਲਾਡਿਲਾ..."

ਟੇਪਚੂ ਨੂੰ ਜੀਪ ਪਿੱਛੇ ਰੱਸੀ ਬੰਨ੍ਹ ਕੇ ਡੇਢ ਮੀਲ ਤਕ ਘਸੀਟਿਆ ਗਿਆ। ਸੜਕੇ ਉੱਤੇ ਵਿਛੀ ਬੱਜਰੀ ਤੇ ਕੰਕਰੀਟ ਨੇ ਉਸਦੀ ਪਿੱਠ ਦੀਆਂ ਤੈਹਾਂ ਛਿੱਲ ਸੁੱਟੀਆਂ। ਜਗ੍ਹਾ-ਜਗ੍ਹਾ ਤੋਂ ਉਚੜਿਆ ਮਾਸ ਲਾਲ ਟਮਾਟਰ ਵਾਂਗ ਦਿਖਾਈ ਦੇਣ ਲੱਗ ਪਿਆ।

ਜੀਪ ਕਸਬੇ ਦੇ ਪਾਰ ਆਖ਼ਰੀ ਚੁੰਗੀ ਨਾਕੇ 'ਤੇ ਰੁਕੀ। ਪੁਲਸ ਪਲਟਨ ਦਾ ਚਿਹਰਾ ਖ਼ੂੰਖਾਰ ਜਾਨਵਰਾਂ ਵਾਂਗ ਦਗ ਰਿਹਾ ਸੀ। ਚੁੰਗੀ ਨਾਕੇ 'ਤੇ ਇਕ ਢਾਬਾ ਸੀ। ਪੁਲਸ ਵਾਲੇ ਉੱਥੇ ਚਾਹ ਪੀਣ ਬੈਠ ਗਏ।

ਟੇਪਚੂ ਨੂੰ ਵੀ ਚਾਹ ਪੀਣ ਦਾ ਤਲਬ ਮਹਿਸੂਸ ਹੋਈ, "ਇਕ ਚਾਹ ਏਧਰ ਮੁੰਡਿਆ, ਕੜਕ।" ਉਹ ਕੂਕਿਆ। ਪੁਲਸ ਵਾਲੇ ਇਕ ਦੂਜੇ ਵੱਲ ਚੋਰ ਅੱਖਾਂ ਨਾਲ ਦੇਖ ਕੇ ਮੁਸਕਰਾਏ। ਟੇਪਚੂ ਨੂੰ ਚਾਹ ਪਿਆਈ ਗਈ। ਉਸਦੀ ਪੁੜਪੁੜੀ ਉੱਤੇ ਗਮੋੜਾ ਨਜ਼ਰ ਆ ਰਿਹਾ ਸੀ ਤੇ ਪੂਰਾ ਸਰੀਰ ਆਲੂ ਵਾਂਗ ਝਿਰੜਿਆ ਪਿਆ ਸੀ। ਜਗ੍ਹਾ-ਜਗ੍ਹਾ ਤੋਂ ਲਹੂ ਸਿਮ ਰਿਹਾ ਸੀ।

ਜੀਪ ਲਗਭਗ ਦਸ ਮਿੰਟ ਬਾਅਦ ਜੰਗਲ ਵਿਚ ਜਾ ਕੇ ਰੁਕੀ। ਚੁਫੇਰੇ ਬਿਲਕੁਲ ਸੁੰਨਸਾਨ ਸੀ। ਟੇਪਚੂ ਨੂੰ ਹੇਠਾਂ ਲਾਹਿਆ ਗਿਆ। ਗਜਾਧਰ ਸ਼ਰਮੇ ਨੇ ਇਕ ਦੋ ਡੰਡੇ ਹੋਰ

ਚਲਾਏ। ਦਰੋਗਾ ਕਰੀਮ ਬਖ਼ਸ਼ ਹੁਰੀਂ ਵੀ ਜੀਪ ਵਿਚੋਂ ਉਤਰੇ ਤੇ ਉਹਨਾਂ ਟੇਪਚੂ ਨੂੰ ਕਿਹਾ, "ਅੱਲਾ ਬਖ਼ਸ਼ ਉਰਫ਼ ਟੇਪਚੂ, ਤੈਨੂੰ ਦਸ ਸੈਕਿੰਟ ਦਾ ਟਾਈਮ ਦਿੱਤਾ ਜਾਂਦਾ ਏ। ਸਰਕਾਰੀ ਹੁਕਮ ਮਿਲਿਆ ਏ ਕਿ ਤੇਰਾ ਜਿਲਾ ਬਦਲ ਕਰ ਦਿੱਤਾ ਜਾਵੇ। ਸਾਹਮਣੇ ਵੱਲ ਸੜਕ ਉੱਤੇ ਨੂੰ ਜਿੰਨੀ ਜਲਦੀ, ਜਿੰਨੀ ਦੂਰ ਤੋਂ ਦੂਰ, ਭੱਜ ਸਕਦਾ ਏਂ, ਭੱਜ ਜਾਹ। ਅਸੀਂ ਦਸ ਤਕ ਗਿਣਤੀ ਗਿਣਾਂਗੇ।"

ਟੇਪਚੂ ਲੜਖੜਾਉਂਦਾ ਡੋਲਦਾ ਤੁਰ ਪਿਆ। ਕਰੀਮ ਬਖ਼ਸ਼ ਖ਼ੁਦ ਗਿਣਤੀ ਗਿਣ ਰਹੇ ਸਨ। ਇਕ-ਦੋ-ਤਿੰਨ-ਚਾਰ-ਪੰਜ....

ਲੰਗੜੇ, ਬੁੱਢੇ, ਬਿਮਾਰ ਬਲ੍ਹਦ ਵਾਂਗ ਖ਼ੂਨ ਵਿਚ ਨਹਾਤਾ ਹੋਇਆ ਟੇਪਚੂ ਆਪਣੇ ਸਰੀਰ ਨੂੰ ਘਸੀਟ ਰਿਹਾ ਸੀ। ਉਸ ਤੋਂ ਖਲੋਤਾ ਵੀ ਨਹੀਂ ਸੀ ਜਾ ਰਿਹਾ, ਤੁਰਨ ਤੇ ਭੱਜਣ ਦੀ ਗੱਲ ਤਾਂ ਦੂਰ ਦੀ ਸੀ।

ਅਚਾਨਕ ਦਸ ਦੀ ਗਿਣਤੀ ਖ਼ਤਮ ਹੋ ਗਈ। ਤੂਫਾਨੀ ਸਿੰਘ ਨੇ ਨਿਸ਼ਾਨਾ ਸਿੰਨ੍ਹਿਆਂ, ਪਹਿਲਾਂ ਫਾਇਰ ਕੀਤਾ-ਠਾਹ...

ਗੋਲੀ ਟੇਪਚੂ ਦੀ ਪਿੱਠ ਵਿਚ ਵੱਜੀ ਤੇ ਉਹ ਰੇਤ ਦੇ ਬੋਰੇ ਵਾਂਗ ਥਾਵੇਂ ਡਿੱਗ ਪਿਆ। ਕੁਝ ਸਿਪਾਹੀ ਉਸ ਕੋਲ ਪਹੁੰਚੇ। ਸਿਰ ਵਿਚ ਬੂਟਾਂ ਦੇ ਠੁੱਡ ਮਾਰੇ। ਟੇਪਚੂ ਕਰਾਹ ਰਿਹਾ ਸੀ, "ਹਰਾਮਜ਼ਾਦਿਓ।"

ਗਜਾਧਰ ਸ਼ਰਮਾ ਨੇ ਦਰੋਗੇ ਨੂੰ ਕਿਹਾ, "ਸਾ'ਬ, ਅਜੇ ਥੋੜ੍ਹਾ ਬਹੁਤ ਬਾਕੀ ਆ।" ਦਰੋਗੇ ਕਰੀਮ ਬਖ਼ਸ਼ ਨੇ ਤੂਫਾਨੀ ਸਿੰਘ ਨੂੰ ਇਸ਼ਾਰਾ ਕੀਤਾ। ਤੂਫਾਨੀ ਸਿੰਘ ਨੇ ਨੇੜੇ ਜਾ ਕੇ ਟੇਪਚੂ ਦੇ ਦੋਵਾਂ ਮੋਢਿਆਂ ਕੋਲ ਦੋ-ਦੋ ਇੰਚ ਹੇਠਾਂ, ਦੋ-ਦੋ ਗੋਲੀਆਂ ਹੋਰ ਠੋਕ ਦਿੱਤੀਆਂ- ਬੰਦੂਕ ਦੀ ਨਾਲੀ ਬਿਲਕੁਲ ਨਾਲ ਲਾ ਕੇ - ਹੇਠਲੀ ਜ਼ਮੀਨ ਤਕ ਉਧੜ ਗਈ।

ਟੇਪਚੂ ਹੌਲੀ-ਹੌਲੀ ਫੜਫੜਾਇਆ। ਮੂੰਹ ਵਿਚੋਂ ਖ਼ੂਨ ਤੇ ਝੱਗ ਦੇ ਬੁਲਬੁਲੇ ਨਿਕਲੇ। ਜੀਭ ਬਾਹਰ ਨਿਕਲ ਆਈ। ਅੱਖਾਂ ਪਥਰਾਅ ਗਈਆਂ। ਫੇਰ ਉਹ ਠੰਡਾ ਹੋ ਗਿਆ।

ਉਸਦੀ ਲਾਸ਼ ਨੂੰ ਜੰਗਲ ਵਿਚ ਮਹੂਏ ਦੇ ਇਕ ਟਾਹਣ ਨਾਲ ਬੰਨ੍ਹ ਕੇ ਲਮਕਾਅ ਦਿੱਤਾ ਗਿਆ। ਮੌਕੇ ਦੀ ਤਸਵੀਰ ਲਈ ਗਈ। ਪੁਲਸ ਨੇ ਦਰਜ ਕੀਤਾ ਕਿ 'ਮਜ਼ਦੂਰਾਂ ਦੇ ਦੋ ਗੁੱਟਾਂ ਵਿਚ ਹਥਿਆਰ ਬੰਦ ਲੜਾਈ ਹੋਈ। ਟੇਪਚੂ ਉਰਫ਼ ਅੱਲਾ ਬਖ਼ਸ਼ ਨੂੰ ਮਾਰ ਕੇ ਰੁੱਖ ਨਾਲ ਲਟਕਾਅ ਦਿੱਤਾ ਗਿਆ ਸੀ। ਪੁਲਸ ਨੇ ਲਾਸ਼ ਬਰਾਮਦ ਕੀਤੀ । ਮੁਜਰਮਾਂ ਦੀ ਭਾਲ ਜਾਰੀ ਹੈ।'

ਇਸ ਪਿੱਛੋਂ ਟੇਪਚੂ ਦੀ ਲਾਸ਼ ਨੂੰ ਚਿੱਟੀ ਚਾਦਰ ਨਾਲ ਢੱਕ ਕੇ ਸੰਦੂਕ ਵਿਚ ਬੰਦ ਕਰ ਦਿੱਤਾ ਗਿਆ ਤੇ ਜੀਪ ਵਿਚ ਲੱਦ ਕੇ ਪੁਲਸ ਚੌਕੀ ਲਿਆਂਦਾ ਗਿਆ।

ਰਾਏਗੜ੍ਹ ਬਸਤਰ, ਭੋਪਾਲ ਸਭ ਜਗ੍ਹਾ ਤੋਂ ਪੁਲਿਸ ਦੀਆਂ ਟੁਕੜੀਆਂ ਆ ਗਈਆਂ ਸਨ। ਸੀ.ਆਰ.ਪੀ. ਵਾਲੇ ਗਸ਼ਤ ਲਾ ਰਹੇ ਸਨ। ਚਾਰੇ ਪਾਸੇ ਧੂੰਆਂ ਉੱਠ ਰਿਹਾ ਸੀ। ਝੁੱਗੀਆਂ ਸਾੜ ਦਿੱਤੀਆਂ ਗਈਆਂ ਸਨ। ਪੰਜਾਹ ਤੋਂ ਵੱਧ ਮਜ਼ਦੂਰ ਮਾਰੇ ਗਏ ਸਨ। ਪਤਾ ਨਹੀਂ ਕੀ-ਕੀ ਹੋਇਆ ਸੀ।

ਟੇਪਚੂ ਦੀ ਲਾਸ਼ ਨੂੰ ਪੋਸਟਮਾਰਟਮ ਲਈ ਜ਼ਿਲਾ ਹਸਪਤਾਲ ਭੇਜ ਦਿੱਤਾ ਗਿਆ।



ਡਾਕਟਰ ਐਡਵਿਨ ਵਰਗਿਸ ਓਪਰੇਸ਼ਨ ਥਿਏਟਰ ਵਿਚ ਸਨ। ਉਹ ਬੜੇ ਧਾਰਮਿਕ ਕਿਸਮ ਦੇ ਈਸਾਈ ਸਨ। ਟ੍ਰਾਲੀ ਸਟਰੇਚਰ ਉੱਤੇ ਟੇਪਚੂ ਦੀ ਲਾਸ਼ ਅੰਦਰ ਲਿਆਂਦੀ ਗਈ। ਡਾ. ਵਰਗਿਸ ਨੇ ਲਾਸ਼ ਦੀ ਹਾਲਤ ਦੇਖੀ ਜਗ੍ਹਾ-ਜਗ੍ਹਾ ਥਰੀ ਨਾਟ ਥਰੀ ਦੀਆਂ ਗੋਲੀਆਂ ਧਸੀਆ ਹੋਈਆਂ ਸਨ। ਪੂਰੀ ਲਾਸ਼ ਉੱਤੇ ਇਕ ਸੂਤ ਜਗਾ ਅਜਿਹੀ ਨਹੀਂ ਸੀ ਜਿਸ ਉੱਤੇ ਸੱਟ-ਫੇਟ ਦਾ ਨਿਸ਼ਾਨ ਨਾ ਹੋਵੇ।

ਉਹਨਾਂ ਆਪਣਾ ਮਾਸਕ ਠੀਕ ਕੀਤਾ, ਫੇਰ ਉਸਤਰਾ ਚੁੱਕਿਆ। ਝੁਕੇ ਤੇ ਉਦੋਂ ਹੀ ਟੇਪਚੂ ਨੇ ਆਪਣੀਆਂ ਅੱਖਾਂ ਖੋਹਲ ਲਈਆਂ। ਹੌਲੀ ਜਿਹੀ ਕਰਾਹਿਆ ਤੇ ਬੋਲਿਆ, "ਡਾਕਟਰ ਸਾਹਿਬ, ਇਹ ਸਾਰੀਆਂ ਗੋਲੀ ਕੱਢ

ਂ ਨੇ ਮਾਰਨ ਦੀ ਕੋਸ਼ਿਸ਼ ਕੀਤੀ ਐ।"

ਡਾਕਟਰ ਵਰਗਿਸ ਦੇ ਹੱਥੋਂ ਉਸਤਰਾ ਛੁੱਟ ਕੇ ਡਿੱਗ ਪਿਆ। ਇਕ ਭਿਚੀ ਜਿਹੀ ਚੀਕ ਉਹਨਾਂ ਦੇ ਗਲੇ ਵਿੱਚੋਂ ਨਿਕਲੀ ਤੇ ਉਹ ਓਪਰੇਸ਼ਨ-ਰੂਮ ਵਿੱਚੋਂ ਬਾਹਰ ਵੱਲ ਦੌੜੇ।

ਤੁਸੀਂ ਕਹੋਗੇ ਕਿ ਅਜਿਹੀਆਂ ਅਣਹੋਣੀਆਂ ਤੇ ਅਸੰਭਵ ਗੱਲਾਂ ਸੁਣਾ ਕੇ ਮੈਂ ਤੁਹਾਡਾ ਸਮਾਂ ਬਰਬਾਦ ਕਰ ਰਿਹਾਂ। ਤੁਸੀਂ ਕਹਿ ਸਕਦੇ ਓ ਕਿ ਇਸ ਸਾਰੀ ਕਹਾਣੀ ਕੋਰੇ ਅਤੇ ਝੂਠ ਦੇ ਸਿਵਾਏ ਹੋਰ ਕੁਝ ਵੀ ਨਹੀਂ.... ।

ਮੈਂ ਵੀ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਇਹ ਕਹਾਣੀ ਨਹੀਂ ਸੱਚਾਈ ਏ। ਤੁਸੀਂ ਸਵੀਕਾਰ ਕਿਉਂ ਨਹੀਂ ਕਰ ਲੈਂਦੇ ਕਿ ਜੀਵਨ ਦੀ ਅਸਲੀਅਤ ਕਿਸੇ ਵੀ ਕਲਪਿਤ ਸਾਹਿਤਕ ਕਹਾਣੀ ਨਾਲੋਂ ਵੱਧ ਹੈਰਾਨ ਕਰ ਦੇਣ ਵਾਲੀ ਹੁੰਦੀ ਏ। ਤੇ ਫੇਰ ਉਹ ਅਸਲੀਅਤ ਜਿਹੜੀ ਕਿਸੇ ਮਜ਼ਦੂਰ ਦੇ ਜੀਵਨ ਨਾਲ ਜੁੜੀ ਹੋਈ ਹੋਵੇ।

ਸਾਡੇ ਪਿੰਡ ਮਡਰ ਦੇ ਇਲਾਵਾ ਜਿੰਨੇ ਵੀ ਲੋਕ ਟੇਪਚੂ ਨੂੰ ਜਾਣਦੇ ਨੇ ਉਹ ਸਾਰੇ ਮੰਨਦੇ ਨੇ ਕਿ 'ਟੇਪਚੂ ਕਦੀ ਮਰੇਗਾ ਨਹੀਂ-ਸਾਲਾ ਜਿੰਨ ਏ।'

ਤੁਹਾਨੂੰ ਹੁਣ ਵੀ ਵਿਸ਼ਵਾਸ ਨਾ ਹੁੰਦਾ ਹੋਵੇ ਤਾਂ ਜਿੱਥੇ, ਜਦੋਂ, ਜਿਸ ਸਮੇਂ ਤੁਸੀਂ ਚਾਹੋ, ਮੈਂ ਤੁਹਾਨੂੰ ਟੇਪਚੂ ਨਾਲ ਮਿਲਵਾ ਸਕਦਾ ਆਂ।

ਬੇਦੀ ਡੈਂਟਲ ਹੈਲਥ ਸੈਂਟਰ, ਬਾਜਾ ਰੋਡ, ਜੈਤੋ-151202 (ਪੰਜਾਬ) ਮੋਬਾਇਲ ਨੰ. 94177-30600

## ਮੁਬਾਰਕਬਾਦ

ਬਿਰਲਾ ਫਾਊਂਡੇਸ਼ਨ ਵਲੋਂ ਸ੍ਰੀ ਸੁਰਜੀਤ ਪਾਤਰ ਨੂੰ ਸਰਸਵਤੀ ਪੁਰਸਕਾਰ ਨਾਲ ਸਨਮਾਨਿਤ ਕਰਨ ਉੱਤੇ ਅਦਾਰਾ ਚਿਰਾਗ਼ ਪਾਤਰ ਸਾਹਿਬ ਨੂੰ ਦਿਲੀਂ ਮੁਬਾਰਕਬਾਦ ਦਿੰਦਾ ਹੈ। ਇਸ ਪੁਰਸਕਾਰ ਦੀ ਪ੍ਰਾਪਤੀ ਨਾਲ ਨਿਰਸੰਦੇਹ ਪੰਜਾਬੀ ਸਾਹਿਤ ਦਾ ਮਾਣ ਵਧਿਆ ਹੈ।

– ਚਿਰਾਗ਼ ਸੰਪਾਦਕੀ ਮੰਡਲ

## .ਗ਼ਜ਼ਲ

- ਮਹਿੰਦਰ ਦੀਪ ਗਰੇਵਾਲ

ਕੇਹਾ ਦਰਬਾਰ ਹੈ ਕਿ ਲਟਕਦੀ ਤਲਵਾਰ ਦਿਸਦੀ ਹੈ।
ਤੇ ਇਹ ਤਲਵਾਰ ਹੀ ਹਰ ਹੱਕ ਦੀ ਹੱਕਦਾਰ ਦਿਸਦੀ ਹੈ।

ਲਹੂ ਜਾਂਦਾ ਹੈ ਸਾਰਾ ਤਖ਼ਤ ਨੂੰ ਚਿਹਰੇ ਦੀ ਲਾਲੀ ਦਾ,
ਮੇਰੀ ਜਨਤਾ ਵਿਚਾਰੀ ਤਾਂ ਤਦੇ ਬੀਮਾਰ ਰਹਿੰਦੀ ਹੈ।

ਬੜਾ ਚਾਹੁੰਦੇ ਹਾਂ ਵਿੱਥਾਂ ਮੇਟ ਕੇ ਝਗੜੇ ਮਿਟਾ ਦੇਈਏ,
ਸਿਆਸਤ ਦੀ ਤਣੀ ਤਲਵਾਰ ਪਰ ਵਿਚਕਾਰ ਦਿਸਦੀ ਹੈ।

ਬੜਾ ਹੀ ਸੰਭਲ ਕੇ ਤੁਰੀਏ ਜਿਧਰ ਨੂੰ ਵੀ ਅਸੀਂ ਤੁਰੀਏ,
ਕਸੂਤੀ ਝਾਕਣੀ ਸਾਡੇ 'ਤੇ ਕਰਦੀ ਵਾਰ ਦਿਸਦੀ ਹੈ।

ਅਸਾਡੀ ਨੇੜਤਾ ਉਸ ਤਾਈਂ ਫੁੱਟੀ ਅੱਖ ਨਹੀਂ ਭਾਉਂਦੀ,
ਕਿ ਜਿਸਦੀ ਨੇੜਤਾ ਹਰ ਦਮ ਤੇਰੇ ਦਰਬਾਰ ਦਿਸਦੀ ਹੈ।

ਇਹ ਹੱਦਾਂ 'ਤੇ ਲਕੀਰ ਪਾਲਦੀ ਹੈ ਉਹੀਓ ਭੈੜੀ ਅੱਖ,
ਜੋ ਉਰਲੇ ਪਾਰ ਰਹਿੰਦੀ ਹੈ ਜੋ ਪਰਲੇ ਪਾਰ ਦਿਸਦੀ ਹੈ।

ਇਹ ਕੇਹੀ ਡੈਣ ਹੈ ਜੋ ਲਹੂ ਪੀਂਦੀ, ਅੱਗ ਥੁੱਕਦੀ ਹੈ,
ਤੇ ਪਿਆਸ ਖ਼ੂਨ ਦੀ ਹੀ ਇਸ ਨੂੰ ਬਾਰ-ਬਾਰ ਦਿਸਦੀ ਹੈ।

ਜਦੋਂ ਮੈਂ ਬਾਹਰ ਨਿਕਲਾਂ ਰਾਜ ਗੁੰਡਿਆਂ ਦੇ ਤੋਂ ਡਰਦਾ ਹਾਂ,
ਜੇ ਹੱਥ ਖਾਲੀ, ਤਾਂ ਡਰਦਾਂ, ਘਰ ਮੇਰੀ ਸਰਕਾਰ ਦਿਸਦੀ ਹੈ।

24, ਸ਼ਹੀਦ ਕਰਨੈਲ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ-13, 98559-22335

ਲਹਿੰਦੇ ਪੰਜਾਬ ਦੇ ਸ਼੍ਰੋਮਣੀ ਕਵੀ ਬਾਬਾ ਨਜ਼ਮੀ ਦੀ ਚੋਣਵੀਂ ਕਵਿਤਾ

ਸੰਪਾਦਨ - ਹਰਭਜਨ ਸਿੰਘ ਹੁੰਦਲ

ਪੰਨੇ 210 ਮੁੱਲ 150/-

ਪੰਜਾਬੀ ਸੱਥ, ਲਾਂਬੜਾ (ਜਲੰਧਰ)





## ਨੌਂ ਕਵਿਤਾਵਾਂ

ਅਰਸ਼ ਬਿੰਦੂ

ਅਰਸ਼ ਬਿੰਦੂ ਅਸਲੋਂ ਹੀ ਨਵੀਂ ਕਵਿੱਤਰੀ ਹੈ। ਉਸਦਾ ਅਨੁਭਵ ਵੱਖਰਾ ਤੇ ਕਾਵਿ-ਅੰਦਾਜ਼ ਬਿਲਕੁਲ ਅਛੂਤਾ ਤੇ ਅਲੋਕਾਰ ਹੈ। ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੜ੍ਹਦੀ ਹੈ। ਪੇਸ਼ ਹਨ ਉਸਦੀਆਂ ਸੱਜਰੀਆਂ ਕਵਿਤਾਵਾਂ

### ਹਾਸਿਲ

ਗੋਲ ਬਿੰਦੀ
ਮੇਰੇ ਮੱਥੇ ਦਾ
ਮੇਚ ਨਹੀਂ....
ਤਿਊੜੀਆਂ 'ਚ ਉੱਕਰੇ
ਪ੍ਰਸ਼ਨ ਚਿੰਨ੍ਹ
ਮੇਰਾ ਹਾਸਿਲ ਨੇ.....।

### ਆਖਰੀ ਘੁੱਟ

ਕੈਫ਼ੇ 'ਚ ਬੈਠੇ
ਤੂੰ ਤੇ ਮੈਂ
ਚਾਹ ਪੀਂਦੇ
ਨਿੱਕੀਆਂ-ਨਿੱਕੀਆਂ
ਘੁੱਟਾਂ ਭਰਦੇ
ਵੱਡੀਆਂ-ਵੱਡੀਆਂ
ਗੱਲਾਂ ਕਰਦੇ.....
..................
ਅੱਜ ਕੱਲ੍ਹ
ਸਬਰ ਦੀਆਂ
ਘੁੱਟਾਂ ਭਰਦੇ
ਨਿੱਕੀ-ਨਿੱਕੀ ਗਲ ਤੇ
ਲੜਦੇ ....
..................
ਚਾਹ ਦਾ ਪਹਿਲਾ ਘੁੱਟ
ਗਰਮ ਤੇ ਸੁਆਦੀ
ਆਖਰੀ ਘੁੱਟ
ਠੰਡਾ ਤੇ ਬਕਬਕਾ.........।

### ਉਦਾਸੀ

ਹਰ ਰੋਜ਼ ਤਹਿ ਲਗਾਉਂਦੀ
ਰੋਜ਼ ਲੁਕਾਉਂਦੀ
ਉਦਾਸੀ
ਕੱਪੜਿਆਂ ਦੀ ਤਹਿ ਅੰਦਰ
ਤੂੰ
ਇੱਕ ਕੱਪੜਾ ਲੱਭਦਾ
ਖਿਲਾਰ ਦਿੰਦਾ ਸਾਰੇ ਕੱਪੜੇ
ਕੱਪੜਿਆਂ ਦੀਆਂ ਤਹਿਆਂ
ਤਹਿਆਂ 'ਚ ਛੁਪੀ
ਉਦਾਸੀ......।
ਬਿਖਰੇ ਕੱਪੜੇ
ਹੱਸ ਰਹੇ ਨੇ।

### ਅਸੁਰੱਖਿਆ

ਮੈਂ
ਸਫ਼ਰ 'ਚ ਹਾਂ
ਵੇਖ ਰਹੀਆਂ ਮੈਨੂੰ
ਸੈਂਕੜੇ ਅੱਖਾਂ
ਮੇਰੀ ਮਰਜ਼ੀ ਤੋਂ ਬਗੈਰ
ਏਨੇ ਕੱਪੜਿਆਂ 'ਚ ਵੀ
ਨਗਨ ਹਾਂ ਮੈਂ

ਮੈਂ ਡਰ ਜਾਂਦੀ ਹਾਂ

ਤੇਰੀ ਛਾਤੀ 'ਚ ਮੂੰਹ ਲੁਕੋਅ

ਮੇਰਾ ਡਰ ਨਹੀਂ ਜਾਂਦਾ
ਮੈਂ ਭੱਜਦੀ ਨਿਰੰਤਰ
ਸਾਹੋ-ਸਾਹੀ
ਹਫ਼ ਕੇ ਡਿੱਗਦੀ
ਇਕ ਚੌਰਾਹੇ ਤੇ

ਹੁਣ
ਉੱਗ ਆਈਆਂ ਨੇ
ਅਣਗਿਣਤ ਅੱਖਾਂ
ਮੇਰੇ ਜਿਸਮ ਤੇ........।

## ਚਿੰਤਨ

ਉਹ
ਸਿਗਰਟ ਨੂੰ
ਦੋ ਉਂਗਲਾਂ 'ਚ ਟਿਕਾ
ਸੁਲਘਾਉਂਦਾ ਹੈ
ਸੁਲਘ ਰਹੀ ਸਿਗਰਟ
ਅੱਧ-ਖੁੱਲ੍ਹੇ ਹੋਠਾਂ ਵਿਚਕਾਰ
ਅੱਖਾਂ ਬੰਦ
ਇਕ ਕਸ਼ ਖਿੱਚਦਾ
ਧੂੰਆਂ ਬਾਹਰ ਕੱਢਦਾ
ਧੂੰਏ ਦੇ ਗੋਲ ਚੱਕਰਵਿਊ ਬਣਾਉਂਦਾ
ਰਾਖ ਨੂੰ ਝਾੜਦਾ
ਪੋਟਿਆਂ ਦੇ ਜਲਣ ਤੋਂ ਪਹਿਲਾਂ
ਸਿਗਰਟ ਦੀ ਹੋਂਦ ਦੇ
ਆਖਰੀ ਟੋਟੇ ਨੂੰ
ਫਰਸ਼ 'ਤੇ ਸੁੱਟ
ਪੈਰ ਨਾਲ ਮਿਸਲ ਦਿੰਦਾ ਹੈ ........
..............................
ਹੁਣ ਮੇਰਾ ਮੱਥਾ
ਸੁਲਗਣ ਲੱਗਦਾ ਹੈ..........।

## ਅਧੂਰਾ ਸਬਕ

ਹੇ ਕਾਮਦੇਵ
'ਹਵਾ' ਇਤਿਹਾਸ ਦੇ ਪੰਨਿਆਂ ਚੋਂ
ਬਾਹਰ ਨਿਕਲ ਆਈ ਹੈ
ਤੇਰੇ ਦਿੱਤੇ ਸ਼ਬਦ-ਲਿਬਾਸ
ਉਤਾਰ ਸੁੱਟੇ ਉਸਨੇ
ਚਿਹਰੇ ਦੀਆਂ ਝੁਰੜੀਆਂ
ਅੱਖਾਂ ਦੇ ਕਾਲੇ ਘੇਰੇ
ਫਿਕਰਾਂ ਨਾਲ ਲੱਦੇ ਚਿਹਰੇ
ਉਹ ਨਹੀਂ ਸਜਾਏਗੀ
ਹੁਣ ਉਹ
ਬਦਸੂਰਤ ਦਿਸਣ ਦੀ ਇੱਛਾ ਨੂੰ
ਜਵਾਨ ਹੋਣ ਦਏਗੀ
ਕਾਮਦੇਵ
ਹਵਾ ਇਤਿਹਾਸ ਦੇ ਪੰਨਿਆਂ 'ਚ
ਵਾਪਿਸ ਨਹੀਂ ਜਾਏਗੀ
ਇਕ ਰਾਤ ਉਹ
ਬਹੁਤ ਉੱਚੀ ਚੀਕੇਗੀ
ਤੇ ਨੋਚ ਸੁੱਟੇਗੀ
ਆਪ ਜਿਸਮ ਤੋਂ
ਕੁਝ ਫਾਲਤੂ ਅੰਗ
ਗੁਰੂਦੇਵ
ਅਧੂਰੇ ਸਬਕਾਂ ਦਾ
ਇਹੋ ਹਸ਼ਰ ਹੋਣਾ ਸੀ
ਫ਼ਲ ਕਦੋਂ ਵਿਵਰਜਿਤ ਸੀ
ਆਦਮ ਲਈ ..........।

## ਕੋਣ

ਬਚਪਨ 'ਚ ਮਾਂ
ਨੰਨੇ ਹੱਥਾਂ ਨੂੰ
ਆਪਣੇ ਹੱਥਾਂ 'ਚ ਫੜ੍ਹ
ਵੇਲਣਾ ਘੁਮਾਉਂਦੀ
ਮੈਨੂੰ ਗੋਲ ਰੋਟੀ ਵੇਲਣੀ ਸਿਖਾਉਂਦੀ



ਮੈਨੂੰ ਉਦੋਂ ਤੋਂ ਹੀ
ਕੋਣਾਂ ਨਾਲ ਪਿਆਰ ਹੈ
ਅੱਜ ਵੀ
ਗੋਲ ਚਕਲੇ ਤੇ
ਗੋਲ ਵੇਲਣੇ ਨਾਲ
ਗੋਲ ਰੋਟੀ ਨਹੀਂ ਬਣਦੀ
ਕਈ ਕੋਣ ਬਣ ਜਾਂਦੇ ਨੇ
ਮੈਨੂੰ ਯਾਦ ਹੈ
ਤੂੰ ਚੁਰਾ ਲਿਆਉਂਦਾ ਸੀ
ਆਪਣੀ ਮਾਂ ਦੀਆਂ ਚੂੜੀਆਂ
ਮੇਰੀ ਗੁੱਡੀ ਲਈ
ਆਪਾਂ ਘਰ ਘਰ ਖੇਡਦੇ ਲੜ ਪੈਂਦੇ
ਮੈਂ ਢਾਹ ਦਿੰਦੀ
ਤੇਰਾ ਮਿੱਟੀ ਦਾ ਘਰ
ਤੋੜ ਮਰੋੜ ਦਿੰਦੀ
ਤਾਂਬੇ ਦੀਆਂ ਚੂੜੀਆਂ
ਉਹ ਟੁੱਟਦੀਆਂ ਨਾ
ਕਈ ਕੋਣ ਬਣ ਜਾਂਦੇ
ਗੁਆਚ ਗਈਆਂ ਚੂੜੀਆਂ
ਪਰ ਕੋਣ ਨਹੀਂ ਗੁਆਚੇ
ਮੈਂ ਕੋਣ ਬਦਲ ਬਦਲ
ਵੇਖ ਰਹੀ ਹਾਂ........।

## ਹੱਥ

ਅੱਜ ਕੱਲ੍ਹ ਮੈਂ ਆਪਣਾ ਹੱਥ
ਕਿਤੇ ਰੱਖ ਭੁੱਲ ਜਾਂਦੀ ਹਾਂ
ਮੇਜ਼ ਤੇ ਪਈ ਕਿਤਾਬ
ਸ਼ਬਦ ਅਜ਼ਾਦ

ਜਮਾਤ ਵਿਚ ਗੁਰੂਦੇਵ ਪੜ੍ਹਾਉਂਦੇ

ਸ਼ਬਦਾਂ ਤੋਂ ਆਰ
ਅਰਥਾਂ ਤੋਂ ਪਾਰ
ਮੈਂ ਹਾਂ
ਉੱਡਦੇ ਨੇ ਸ਼ਬਦ
ਮੈਂ ਵੀ ਉੱਡਦੀ ਹਾਂ
ਰੁਕਦੇ ਨੇ ਅਰਥ
ਮੈਂ ਨਹੀਂ ਰੁਕਦੀ

ਕਮਰੇ 'ਚ ਬੈਠੀ
ਜਮਾਤ ਵਿਚ ਹਾਂ......

ਘਰ ਵਿਚ
ਹੋਸਟਲ ਦੇ ਕਮਰੇ ਵਿਚ
ਮੈਂ ਕਿਤੇ ਵੀ ਨਹੀਂ ਹਾਂ।

ਗੁਰੂਦੇਵ
ਮੈਂ ਗੁਆਚ ਜਾਂਦੀ ਹਾਂ
ਸੌਂ ਜਾਂਦਾ ਜਿਸਮ
ਇਕ ਸਿਰ ਜਾਗਦਾ ਹੈ

ਅੱਜਕੱਲ੍ਹ ਮੈਂ ਆਪਣਾ ਹੱਥ
ਕਿਤੇ ਰੱਖ ਭੁੱਲ ਜਾਂਦੀ ਹਾਂ।

## ਅੱਗ

ਬਹੁ-ਮੰਜ਼ਿਲੀ ਇਮਾਰਤ ਬਣਾਉਂਦੇ ਮਜ਼ਦੂਰ
ਛੇਵੀਂ ਮੰਜ਼ਿਲ ਦਾ ਕਮਰਾ
ਤੇ ਮੈਂ..........।

ਧੂੰਆਂ ਖਿੜਕੀ ਵਿਚੋਂ
ਅੰਦਰ ਆਉਂਦਾ ਹੈ
ਮੈਂ ਡਰ ਜਾਂਦੀ ਹਾਂ
ਭੱਜ ਕੇ ਖਿੜਕੀ ਵਿਚੋਂ ਵੇਖਦੀ ਹਾਂ
ਮਜ਼ਦੂਰਾਂ ਦੇ ਚੁੱਲ੍ਹਿਆਂ ਵਿਚ
ਅੱਗ ਬਲ ਰਹੀ ਹੈ
ਮੇਰਾ ਦਮ ਘੁੱਟਣ ਲੱਗਦਾ ਹੈ।

ਬਲਾਕ -6, ਗਰਲਜ਼ ਹੋਸਟਲ -7,
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
98881-63240

# ਤ੍ਰੈਲੋਚਨ ਲੋਚੀ ਦੀਆਂ ਚਾਰ ਗ਼ਜ਼ਲਾਂ

## 1.

ਜਿਨ੍ਹਾਂ ਨੂੰ ਦੇਖ ਨੇਰੇ ਝੂਰਦੇ ਨੇ।
ਕ੍ਰਿਸ਼ਮੇ ਦੋਸਤੋ ਇਹ ਨੂਰ ਦੇ ਨੇ।

ਇਨ੍ਹਾਂ ਨੂੰ ਜਾਣ ਦੇ, ਨਾ ਰੋਕ ਐਵੇਂ,
ਇਹ ਪਾਣੀ ਤਾਂ ਮੁਸਾਫ਼ਿਰ ਦੂਰ ਦੇ ਨੇ।

ਖ਼ੁਦਾਇਆ ਇਹ ਵੀ ਵੇਲਾ ਦੇਖਣਾ ਸੀ?
ਬਜ਼ੁਰਗਾਂ ਨੂੰ ਹੀ ਬੱਚੇ ਘੂਰ ਦੇ ਨੇ।

ਚਿੜੀ ਕੋਈ ਜਦੋਂ ਅਸਮਾਨ ਛੂਹੇ,
ਇਹ ਲੋਕੀ ਤੜਪਦੇ ਕਿਉਂ ਝੂਰਦੇ ਨੇ?

ਮਿਲੇ 'ਲੋਚੀ' ਨੂੰ ਅੱਜਕੱਲ੍ਹ ਇਸ ਤਰ੍ਹਾਂ ਕੁਝ,
ਜਿਵੇਂ ਰਿਸ਼ਤੇ ਹੀ ਆਪਣੇ ਦੂਰ ਦੇ ਨੇ।

## 2.

ਮਹਿਕ ਵਰਗੇ ਬੋਲ ਝੋਲੀ ਪਾ ਦਵੀਂ।
ਸ਼ਬਦਕੋਸ਼ਾਂ ਵਿੱਚ ਨਾ ਉਲਝਾ ਦਵੀਂ।

ਤੇਰੇ ਸਾਰੇ ਜ਼ਹਿਰ ਧੋਤੇ ਜਾਣਗੇ,
ਬਿਰਖ ਇੱਕੋ ਹੀ ਤੂੰ ਕਿਧਰੇ ਲਾ ਦਵੀਂ।

ਸ਼ਹਿਰ ਵੱਡਾ ਕੌਣ ਕਿਸਨੂੰ ਜਾਣਦਾ,
ਬੂਹੇ 'ਤੇ ਤਖ਼ਤੀ ਜ਼ਰਾ ਲਟਕਾ ਦਵੀਂ।

ਫੁੱਲ ਸੁੱਕੀ ਸ਼ਾਖ 'ਤੇ ਆ ਜਾਣਗੇ,
ਉਸ ਵੱਲੇ ਦੇਖਕੇ ਮੁਸਕਾ ਦਵੀਂ।

ਸ਼ਹਿਰ ਦਾ ਵਾਸੀ ਜੇ 'ਲੋਚੀ' ਹੋ ਗਿਐਂ,
ਇਹ ਜੋ ਭੋਲਾਪਨ ਕਿਤੇ ਦਫ਼ਨਾ ਦਵੀਂ।



## 3.

ਹਉਮੈਂ! ਦਾ ਨਾ ਕਿਧਰੇ ਕੋਈ ਖਿਲ੍ਹਾਰਾ ਸੀ।
ਨਿੱਕਾ ਸੀ ਪਰ ਸ਼ਹਿਰ ਉਹ ਕਿੰਨ੍ਹਾ ਪਿਆਰਾ ਸੀ।

ਨਿੱਕੀ-ਨਿੱਕੀ ਗੱਲ 'ਚੋਂ ਖ਼ੁਸ਼ੀਆਂ ਫੜ੍ਹਦੇ ਸੀ,
ਮੇਰੇ ਵੱਡਿਆਂ ਦਾ ਵੀ ਸ਼ਾਹੂਕਾਰਾ ਸੀ।

ਇਹ ਗ਼ਜ਼ਲਾਂ ਤਾਂ ਟੋਟੇ ਟੁਕੜੇ ਉਸੇ ਦੇ,
ਮੇਰੇ ਅੰਦਰੋਂ ਟੁੱਟਿਆ ਜਿਹੜਾ ਤਾਰਾ ਸੀ।

ਤੂੰ ਤਾਂ ਐਵੇਂ ਢੇਰੀ ਢਾਹ ਕੇ ਬੈਠ ਗਿਉਂ,
ਤੇਰੇ ਨਾਲੋਂ ਸਭ ਦਾ ਦੁਖੜਾ ਭਾਰਾ ਸੀ।

ਤੂੰ ਕਿਉਂ 'ਲੋਚੀ' ਦਰਦ ਸੁਣਾਏਂ ਕੰਧਾਂ ਨੂੰ,
ਹੂੰਗਰ ਸੀ ਨਾ ਕਿਧਰੇ ਕੋਈ ਹੁੰਗਾਰਾ ਸੀ।

## 4.

ਸ਼ੀਸ਼ੇ ਮੂਹਰੇ ਇੰਝ ਖਲ੍ਹੋਣੋਂ ਡਰ ਨਾ ਤੂੰ।
ਖ਼ੁਦ ਤੋਂ ਖ਼ੁਦ ਸ਼ਰਮਿੰਦਾ ਹੋਣੋਂ ਡਰ ਨਾ ਤੂੰ।

ਮੰਡੀ ਵਿੱਚ ਗੁਆਚ ਗਿਆ ਜੇ ਸ਼ਹਿਰ ਤਿਰਾ,
ਹਰਫ਼ਾਂ ਵਾਲੇ ਹਾਰ ਪਰੋਣੋਂ ਡਰ ਨਾ ਤੂੰ।

ਮੇਰੇ ਦਿਲ ਦਰਿਆ ਵਿੱਚ ਲੱਖਾਂ ਰਾਜ਼ ਦਫ਼ਨ,
ਮੇਰੇ ਸੀਨੇ ਲੱਗਕੇ ਰੋਣੋਂ ਡਰ ਨਾ ਤੂੰ।

ਨਵੇਂ ਸ਼ਹਿਰ ਦੀ ਨਵੀਂ ਕਹਾਣੀ ਫੇਰ ਤੁਰੀ,
ਕਿੱਸੇ ਯਾਰ ਪੁਰਾਣੇ ਛੋਹਣੋਂ ਡਰ ਨਾ ਤੂੰ।

ਦੂਜੇ ਦੀ ਬਦਖੋਈ 'ਲੋਚੀ' ਕਿਉਂ ਕਰਦੈਂ,
ਮਨ ਦਾ ਮੈਲਾ ਸ਼ੀਸ਼ਾ ਧੋਣੋਂ ਡਰ ਨਾ ਤੂੰ।

**20-ਸੈਕਿੰਡ ਫਲੋਰ, ਐਚ.ਆਈ.ਜੀ., ਰਾਜਗੁਰੂ ਨਗਰ, ਲੁਧਿਆਣਾ।**

ਵਾਹਗਿਓਂ ਪਾਰ
ਪੰਜਾਬੀ ਕਹਾਣੀ

## ਹੁੰਮਸ

- ਖਾਲਿਦ ਫਰਹਾਦ ਧਾਰੀਵਾਲ

ਅਕਬਰ ਹਰ ਸ਼ੈਅ ਨੂੰ ਇੰਜ ਵੇਖ ਰਿਹਾ ਸੀ ਜਿਵੇਂ ਕੋਈ ਪਹਿਲੀ ਵਾਰ ਸ਼ਹਿਰ ਆਇਆ ਬੰਦਾ ਵੇਖਦੇ ਏ, ਖੁਸ਼ੀ ਤੇ ਹੈਰਾਨੀ ਭਰੀਆਂ ਨੱਜ਼ਰਾਂ ਨਾਲ। ਉਹ ਪਹਿਲੀ ਵਾਰ ਸ਼ਹਿਰ ਨਹੀਂ ਸੀ ਆਇਆ ਪਰ ਫਿਰ ਵੀ ਹਰ ਸ਼ੈਅ ਉਸ ਲਈ ਨਵੀਂ ਸੀ ਕਿਉਂਕਿ ਉਹ ਇਹ ਸਭ ਕੁਝ ਇੱਕ ਮੁੱਦਤ ਬਾਅਦ ਵੇਖ ਰਿਹਾ ਸੀ।

'ਸ਼ਹਿਰ ਕਿਤਨਾ ਬਦਲ ਗਿਆ ਏ।' ਉਸ ਇਹ ਸਭ ਕੁਝ ਵੇਖਦਿਆਂ ਹੋਇਆਂ ਸੋਚਿਆ।

ਜਦੋਂ ਉਹ ਲੋੜੀਂਦੀਆਂ ਸ਼ੈਂਆਂ ਵਿਹਾਜ ਕੇ ਸ਼ਹਿਰੋਂ ਬਾਹਰ ਨਿਕਲ ਰਿਹਾ ਸੀ ਉਸ ਦੀਆ ਅੱਖਾਂ ਵਿੱਚ ਅੱਜ ਤੋਂ ਕਈ ਵਰ੍ਹੇ ਪਹਿਲਾਂ ਦੇ ਸ਼ਹਿਰ ਦਾ ਨਕਸ਼ਾ ਫਿਰ ਗਿਆ। ਇੱਕ ਬਜ਼ਾਰ ਵਾਲਾ ਛੋਟਾ ਜਿਹਾ ਸ਼ਹਿਰ, ਬਾਜ਼ਾਰ ਵਿਚ ਈ ਕੁਝ ਈ ਦੁਕਾਨਾਂ, ਇੱਕ ਬਾਜ਼ਾਰ ਵੜਦਿਆਂ ਈ ਮਿੱਟੀ ਦੇ ਬਰਤਨਾਂ ਤੇ ਹੁੱਕਿਆ ਦੀ... ਉਸ ਦੇ ਨਾਲ ਈ ਪੰਸਾਰੀ ਦੀ... ਤੇ ਬਾਜ਼ਾਰ ਦੇ ਅਖੀਰ ਤੇ ਬਜ਼ਾਜੀ ਦੀ... ਕਈ ਕਿਸਮਾਂ ਦੇ ਕੱਪੜੇ ਦੇ ਥਾਨਾਂ ਨਾਲ ਭਰੀ ਹੋਈ ਦੁਕਾਨ..... ਤੇ ਇਹਨਾਂ ਵਿਚਕਾਰ ਨਿਕਸੁਕ ਦੀਆ ਕਈ ਹੋਰ ਦੁਕਾਨਾਂ।

ਉਹ ਸ਼ਹਿਰੋਂ ਬਾਹਰ ਪਿੰਡ ਜਾਣ ਵਾਲੀ ਸੜਕ ਤੇ ਆਣ ਖਲੋਤਾ ਸੀ। ਟਾਂਗੇ ਏਧਰ ਕਦੀ ਕਦਾਈਂ ਈ ਜਾਂਦੇ ਸਨ ਏਸ ਲਈ ਉਹ ਪੈਦਲ ਈ ਟੁਰ ਗਿਆ।

ਸ਼ਹਿਰ ਬਦਲਿਆ ਵੇਖਕੇ ਉਸਦੇ ਮਨ ਵਿਚ ਖਿਆਲ ਆਇਆ, ਸ਼ਹਿਰ ਐਨਾ ਬਦਲ ਚੁਕਿਆ ਏ ਤਾਂ ਪਿੰਡ ਵੀ ਕਿੰਨਾ ਕੁਝ ਬਦਲ ਗਿਆ ਹੋਣਾ ਏ। ਇਹ ਖਿਆਲ ਆਉਂਦਿਆ ਈ ਉਸ ਦੀ ਪਿੰਡ ਅਪੜਣ ਤੇ ਉਹਨੂੰ ਵੇਖਣ ਦੀ ਤਾਂਘ ਵੱਧ ਗਈ। ਉਸ ਦਾ ਮਨ ਉਸ ਨਿਆਣੇ ਵਾਂਗ ਮਚਲਨ ਲੱਗ ਪਿਆ, ਜਿਹੜਾ ਪਹਿਲੀ ਵਾਰ ਕਿਧਰੇ ਵਾਂਢੇ ਚਲਿਆ ਹੋਵੇ।

ਉਹ ਪੈਰ ਛੋਹਲੇ ਪੁੱਟਣ ਲਗ ਪਿਆ। 'ਪਿੰਡ ਵਿਚ ਬਦਲਣ ਵਾਲੀ ਵੀ ਕਿਹੜੀ ਸ਼ੈਅ ਏ।' ਉਹੀ ਘਰ ਘਰੌਂਦੇ ਹੋਣੇ ਨੇ ਤੇ ਉਹੀ ਬੁੱਢੀਆਂ, ਬੰਦੇ।' ਉਸ ਸੋਚਿਆ ਤੇ ਫਿਰ ਸਹਿਜੇ ਟੁਰਨ ਲੱਗ ਪਿਆ।

ਟੁਰਦਿਆਂ ਟੁਰਦਿਆਂ ਸੜਕ ਕੰਢੇ ਜਾਮਨੂੰ ਦਾ ਰੁੱਖ ਵੇਖ ਕੇ ਉਹਨੂੰ ਆਪਣੇ ਘਰ ਵਾਲਾ ਜਾਮਨੂੰ ਦਾ ਬੂਟਾ ਯਾਦ ਆ ਗਿਆ। ਖ਼ਬਰੇ ਹੁਣ ਵੀ ਉਹਨੂੰ ਜਾਮਨੂੰ ਲੱਗਦੇ ਹੋਣਗੇ ਜਾਂ ਨਹੀਂ। ਉਸ ਸੋਚਿਆ।

ਜਾਮਨੂੰ ਨਾਲ ਉਹਦੀਆਂ ਕਈ ਯਾਦਾਂ ਜੁੜੀਆਂ ਹੋਈਆਂ ਸਨ। ਜਾਮਨੂੰਆਂ ਦੀ ਰੁੱਤੇ ਉਹ ਰੁੱਖ ਤੇ ਚੜ੍ਹ ਕੇ ਜਾਮਨੂੰ ਤੋੜਦਾ ਤੇ ਰੇਸ਼ਮ ਆਪਣੇ ਘਰੋਂ ਪਿੱਪਲ ਦੇ ਪੱਤਰ ਤੋੜ ਲਿਆਉਂਦੀ, ਫਿਰ ਉਹ ਪੱਤਰਾਂ ਦੀ ਤੱਕੜੀ ਬਣਾ ਕੇ ਦੁਕਾਨ ਲਾ ਕੇ ਬੈਠ ਜਾਂਦੇ ਤੇ ਮੁੱਹਲੇ ਦੇ ਇੰਞਾਣੇ ਉਹਨਾਂ ਕੋਲੋ ਠੀਕਰੀਆਂ ਦੇ ਰੁਪਏ ਦੇ ਕੇ ਜਾਮਨੂੰ ਮੁੱਲ ਲੈਂਦੇ। ਉਸ ਜਾਮਨੂੰ ਹੇਠ ਖੇਡਦਿਆਂ ਖੇਡਦਿਆਂ ਉਹਨਾਂ ਦੇ ਬਚਪਨ ਦੇ ਦਿਨ ਗੁਜ਼ਰ ਗਏ।



ਟੁਰਦੇ ਟੁਰਦੇ ਉਸ ਨੂੰ ਆਪਣੀ ਤੇ ਰੇਸ਼ਮ ਦੀ ਮੰਗਣੀ ਦਾ ਦਿਨ ਯਾਦ ਆਇਆ ਤਾਂ ਉਸਦੇ ਮੁੱਖ ਉਤੇ ਖੁਸ਼ੀ ਦੀ ਰੌਅ ਫੈਲ ਗਈ। ਪਰ ਨਾਲ ਈ ਕਿਸੇ ਗੁੱਝੀ ਪੀੜ ਦੀ ਲਹਿਰ ਉਸ ਦੇ ਮੁੱਖ ਤੋਂ ਗੁਜ਼ਰ ਗਈ। ਇਹ ਸਭ ਕੁਝ ਇੱਕ ਪਲ ਲਈ ਸੀ। ਜਿਵੇਂ ਸਾਉਣ ਭਾਦੋਂ ਵਿਚ ਛੂਹਣ ਮੀਟੀ ਖੇਡ ਰਹੀ ਧੁੱਪ ਛਾਂ ਕਿਸੇ ਵਿਹੜੇ ਵਿਚੋਂ ਗੁਜ਼ਰ ਜਾਂਦੀ ਏ।

ਅੱਜ ਰੇਸ਼ਮ ਮੇਰੀ ਘਰ ਵਾਲੀ ਹੁੰਦੀ, ਜੇ ਇੱਕ ਉਹ ਘਟਨਾ ਨਾ ਵਾਪਰੀ ਹੁੰਦੀ। ਉਸ ਹਉਕਾ ਭਰਦਿਆਂ ਹੋਇਆਂ ਗੁਜ਼ਰੇ ਦਿਨਾਂ ਨੂੰ ਯਾਦ ਕੀਤਾ।

ਕਣਕ ਦੀ ਬੀਜਾਈ ਦਾ ਮੌਸਮ ਸੀ ਜਦੋਂ ਉਹਨਾਂ ਦਾ ਲਾਖਾ ਮਰ ਗਿਆ ਤੇ ਉਹਨਾਂ ਦੀ ਜੋਗ ਉਗੜ ਗਈ। ਫਿਰ ਉਹਨਾਂ ਨੇ ਆੜ੍ਹਤੀ ਕੋਲੋਂ ਫਸਲ ਉਤੇ ਰਕਮ ਉਧਾਰ ਲਈ ਤੇ ਬਲਦ ਖਰੀਦ ਕੇ ਬੀਜਾਈ ਕਰ ਦਿੱਤੀ। ਪੂਰੇ ਮੌਸਮ ਵਿਚ ਇੱਕ ਵੀ ਬਾਰਸ਼ ਨਾ ਹੋਣ ਕਾਰਨ ਸਮੇਂ ਮਾਰ ਹੋ ਗਈ ਸੀ। ਜਦੋਂ ਆੜ੍ਹਤੀ ਨੂੰ ਨਾ ਫ਼ਸਲ ਮਿਲੀ, ਨਾ ਰਕਮ, ਤਾਂ ਉਹਨੇ ਇਕ ਸ਼ਾਮ ਅਕਬਰ ਦੇ ਘਰ ਆਣ ਦੇ ਕਬੀ ਬੋਲ ਕਬੋਲ ਬੋਲੇ ਸਨ। ਅਕਬਰ ਦੇ ਪਿਉ ਨੇ ਉਸ ਦਾ ਮਿੰਨਤ ਤਰਲਾ ਕੀਤਾ 'ਤੂੰ ਜਾਣਦਾ ਈ ਏਂ ਫਸਲ ਤਾਂ ਐਦਕੀ ਹੋਈ ਕੋਈ ਨਹੀਂ, ਤੇਰੀ ਰਕਮ, ਅਲਾਹੀ ਮੋਹਰ ਏ ਜੋ ਤੈਨੂੰ ਅਗਲੀ ਫਸਲ ਤੇ ਮੋੜ ਦਿਆਂਗੇ।'

ਪਰ ਆੜ੍ਹਤੀ ਨੇ ਮਿੰਨਤ ਨਹੀਂ ਸੀ ਮੰਨੀ। ਇਹ ਜਾਂਦਾ ਹੋਇਆ ਕਹਿ ਗਿਆ ਸੀ, 'ਮੈਨੂੰ ਸਵੇਰ ਤੱਕ ਰਕਮ ਚਾਹੀਦੀ ਏ। ਨਾ ਮਿਲੀ ਤਾਂ ਮੈਂ ਸਵੇਰੇ ਗੱਲ ਵਿਚ ਚਾਦਰ ਪਾ ਲਊਂ।'

ਅਗਲੀ ਸਵੇਰ ਨੂੰ ਜਦ ਉਹਨੂੰ ਰਕਮ ਨਾ ਦਿੱਤੀ ਜਾ ਸਕੀ ਤਾਂ ਉਸਨੇ ਗਲ ਵਿਚ ਚਾਦਰ ਪਾਣ ਵਾਲੀ ਗੱਲ ਪੂਰੀ ਕਰ ਵਿਖਾਈ ਸੀ। ਉਹ ਏਸ ਨਿਮੋਸ਼ੀ ਪਾਰੋਂ ਬਰਾਦਰੀ ਵਿਚ ਮੂੰਹ ਵਿਖਾਣ ਜੋਗੇ ਨਹੀਂ ਸਨ ਰਹੇ। ਅਕਬਰ ਦਾ ਪਿਉ ਤਾਂ ਉਸ ਦਿਨ ਈ ਮੰਜੀ ਲੈ ਕੇ ਪੈ ਗਿਆ ਸੀ। ਅਕਬਰ ਜਿਧਰੋਂ ਦੀ ਲੰਘਦਾ ਉਸਨੂੰ ਲੋਕਾਂ ਦੀਆਂ ਨਜ਼ਰਾਂ ਆਪਣੇ ਸਰੀਰ ਨੂੰ ਤੋਲਦੀਆਂ ਮਹਿਸੂਸ ਹੁੰਦੀਆਂ, ਜਿਵੇਂ ਕਹਿ ਰਹੀਆਂ ਹੋਣ, 'ਤੇਰੀ ਐਡੀ ਦੇਹ ਕਿਸ ਕੰਮ ਦੀ?' ਤਾਹੀਓਂ ਉਸ ਆੜ੍ਹਤੀ ਦੀ ਚਾਦਰ ਨੂੰ ਉਸਦੇ ਲਹੂ ਨਾਲ ਰੰਗ ਦੇਣ ਦੀ ਕਸਮ ਖਾਧੀ ਸੀ ਤੇ ਅਗਲੇ ਦਿਨ ਈ ਉਸ ਆਪਣੀ ਕਸਮ ਪੂਰੀ ਕਰਕੇ ਪਿਉ ਦੀ ਪੱਗ ਤੇ ਪਈ ਧੂੜ ਝਾੜ ਦਿੱਤੀ ਸੀ।

ਅੱਜ ਉਸੇ ਜੁਰਮ ਵਿਚ ਈ ਉਹ ਉਮਰ ਕੈਦ ਦੀ ਸਜ਼ਾ ਭੁਗਤ ਕੇ ਪਿੰਡ ਜਾ ਰਿਹਾ ਸੀ।

'ਪਿੰਡ ਵਿਚ ਕਿਹੜਾ ਕੋਈ ਰਾਹ ਵੇਖਦਾ ਪਿਆ ਏ।' ਉਸ ਸੋਚਿਆ।

ਉਹ ਆਪਣੇ ਮਾਪਿਆਂ ਦੀ ਇਕੱਲੀ ਔਲਾਦ ਸੀ। ਉਸਦੀ ਮਾਂ ਉਸਦੇ ਜੇਲ੍ਹ ਜਾਣ ਦੇ ਝੋਰੇ ਨਾਲ ਚੌਥੇ ਵਰ੍ਹੇ ਬਾਅਦ ਈ ਮਰ ਗਈ ਸੀ। ਪਿੱਛੇ ਪਿਉ ਰਹਿ ਗਿਆ ਸੀ ਤੇ ਹੁਣ ਉਹ ਵੀ ਦੋ ਕੁ ਮਹੀਨੇ ਹੋਏ ਪੂਰਾ ਹੋ ਗਿਆ ਸੀ।

ਝੱਟ ਵਿਸਰਾਮ ਕਰਨ ਲਈ ਉਹ ਸੜਕੇ ਦੇ ਕੰਢੇ ਬਹਿ ਗਿਆ। 'ਰੇਸ਼ਮ ਵੀ ਤਾਂ ਮੈਨੂੰ ਨਹੀਂ ਉਡੀਕਿਆ?' ਉਹ ਆਪਣੇ ਮਨ ਵਿਚ ਝੂਰਿਆ। 'ਨਹੀਂ ਉਸ ਸਿਰ ਕੀ ਦੋਸ਼।' ਮੰਗਣੀ ਤੇ ਉਸਦੇ ਮਾਪਿਆਂ ਤੋੜੀ ਸੀ ਪਰ ਫਿਰ ਵੀ ਉਸ ਪੰਜ ਵਰ੍ਹੇ ਉਡੀਕਿਆ ਮੈਨੂੰ।' ਅਕਬਰ

ਆਪਣੇ ਮਨ ਨੂੰ ਸਮਝਾਉਣੀ ਦਿੱਤੀ।

ਮੰਗਣੀ ਰੇਸ਼ਮ ਦੇ ਮਾਪਿਆਂ ਉਸਦੇ ਜੇਲ੍ਹ ਜਾਣ ਵਾਲੇ ਦਿਹਾੜੇ ਈ ਤੋੜ ਲਈ ਸੀ। ਇਹ ਗੱਲ ਅਕਬਰ ਦਾ ਪਿਉ ਉਸ ਤੋਂ ਕਈ ਸਾਲ ਲੁਕਾਉਂਦਾ ਰਿਹਾ ਸੀ। ਅਕਬਰ ਦਾ ਪਿਉ ਜਦੋਂ ਵੀ ਮੁਲਾਕਾਤ ਤੇ ਜਾਂਦਾ ਅਕਬਰ ਉਸ ਤੋਂ ਪੁੱਛਦਾ, 'ਰੇਸ਼ਮ ਦਾ ਕੀ ਹਾਲ ਏ?' 'ਠੀਕ ਈ ਏ।' ਉਸ ਦਾ ਪਿਉ ਨਿੰਮ੍ਹੀ ਜਿਹੀ ਆਵਾਜ਼ ਵਿਚ ਟਾਲ ਦੇਂਦਾ। ਮੰਗਣੀ ਟੁੱਟਣ ਵਾਲੀ ਗੱਲ ਤਾਂ ਉਹਨੂੰ ਕੈਦ ਦੇ ਤੀਜੇ ਵਰ੍ਹੇ ਪਤਾ ਲੱਗੀ ਸੀ ਜਦੋਂ ਇਕ ਮੁਲਾਕਾਤ ਦੇ ਅਖੀਰ ਤੇ ਉਸ ਆਪਣੇ ਪਿਉ ਕੋਲੋਂ ਪੁੱਛਿਆ ਸੀ, 'ਰੇਸ਼ਮ ਦਾ ਕੀ ਹਾਲ ਏ?' ਤਾਂ ਉਹਦੇ ਪਿਉ ਕੋਲੋਂ ਇਹ ਗੱਲ ਹੋਰ ਨਾ ਲੁਕਾਈ ਗਈ। ਇਹ ਸੁਣ ਕੇ ਅਕਬਰ ਕਿਸੇ ਬੱਚੇ ਵਾਂਗੂੰ ਵਿਲਕ ਪਿਆ ਸੀ।

'ਪੁੱਤਰ ਧੀ ਵਾਲਿਆਂ ਤੇ ਕਾਹਦਾ ਜ਼ੋਰ, ਉਹਨਾਂ ਦੀ ਮਰਜ਼ੀ।' ਉਦੋਂ ਪਿਛੋਂ ਹਰ ਮੁਲਾਕਾਤ ਤੇ ਉਹਦਾ ਚਿੱਤ ਤਾਂ ਕਰਦਾ ਕਿ ਉਹ ਰੇਸ਼ਮ ਬਾਰੇ ਪੁੱਛੇ ਪਰ ਉਸ ਦਾ ਹੌਸਲਾ ਨਾ ਪੈਂਦਾ। ਮੁਲਾਕਾਤ ਦੇ ਅਖੀਰ ਤੇ ਜਦੋਂ ਸਾਰੀਆਂ ਗੱਲਾਂ ਮੁੱਕ ਜਾਂਦੀਆਂ, ਦੋਨਾਂ ਵਿਚਕਾਰ ਚੁੱਪ ਵਰਤ ਜਾਂਦੀ ਪਰ ਏਵੇਂ ਲੱਗਦਾ ਜਿਵੇਂ ਕੋਈ ਗੱਲ ਰਹਿ ਗਈ ਹੋਵੇ। ਓਦੋਂ ਉਹਦਾ ਪਿਉ ਮੁਸਕਰਾਦਿਆਂ ਹੋਇਆ ਕਹਿੰਦਾ, 'ਰੇਸ਼ਮ ਬਾਰੇ ਨਹੀਂ ਪੁਛਿਆ ਤੂੰ।' ਅਕਬਰ ਚੁੱਪ ਰਹਿੰਦਾ। ਉਹਦਾ ਪਿਉ ਉਸ ਦੀ ਚੁੱਪ ਨੂੰ ਉਹਦੀ ਹਾਂ ਸਮਝ ਕੇ ਆਪ ਈ ਰੇਸ਼ਮ ਦੀ ਗੱਲ ਛੇੜ ਦੇਂਦਾ। 'ਰੇਸ਼ਮ ਪਿੰਡ ਈ ਏ ਤੇ ਠੀਕ ਠਾਕ ਏ।' ਇੱਕ ਮੁਲਾਕਾਤ ਦੇ ਅਖੀਰ ਤੇ ਜਦੋਂ ਉਸ ਦੇ ਪਿਉ ਨੇ ਇਹੋ ਵਾਕ ਕਹਿ ਕੇ ਗੱਲ ਮੁਕਾਈ ਤਾਂ ਅਕਬਰ ਨੇ ਸਿਰ ਚੁੱਕ ਕੇ ਇੱਕ ਵਾਰ ਉਹਦੇ ਵਲ ਵੇਖਿਆ ਤੇ ਫਿਰ ਸਿਰ ਨੀਵਾਂ ਕਰ ਲਿਆ, ਜਿਵੇਂ ਆਖਿਆ ਹੋਵੇ, ਬੱਸ ਐਨਾ ਕੁ ਈ, ਕੁਝ ਹੋਰ ਵੀ ਤਾਂ ਦੱਸ।

ਤੇ ਅਕਬਰ ਦੇ ਪਿਉ ਨੇ ਕਹਿ ਦਿੱਤਾ, 'ਕੁਝ ਦਿਨ ਹੋਏ ਰੇਸ਼ਮ ਨੂੰ ਕਿਧਰੋ ਵੇਖਣ ਵਾਲੇ ਆਏ ਸਨ, ਸੁਣਿਆ ਏ ਉਸ ਨਾਹ ਕਰ ਦਿੱਤੀ ਏ।

ਇਹ ਸੁਣ ਕੇ ਅਕਬਰ ਦੀਆਂ ਅੱਖਾਂ ਇੱਕ ਪਲ ਲਈ ਚਮਕ ਪਈਆਂ ਸਨ।

ਕਈ ਵਰ੍ਹੇ ਉਸ ਨੂੰ ਆਪਣੇ ਪਿਉ ਕੋਲੋਂ ਰੇਸ਼ਮ ਦੀ ਖ਼ਬਰ ਸੁਰਤ ਲੱਭਦੀ ਰਹੀ। ਫਿਰ ਕਈ ਮੁਲਾਕਾਤਾਂ ਮਗਰੋਂ ਜਦੋਂ ਉਸ ਪਿਉ ਨੂੰ ਪੁਛਿਆ ਤਾਂ ਪਿਉ ਨੇ ਕਿਹਾ, 'ਉਹ ਤਾਂ ਵਿਆਹੀ ਗਈ ਏ ਪੁੱਤਰਾ।' ਇਹ ਸੁਣ ਕੇ ਉਹ ਇੱਕ ਵਾਰੀ ਫਿਰ ਬੱਚੇ ਵਾਂਗੂੰ ਵਿਲਕ ਪਿਆ ਸੀ। ਉਹ ਕਿੰਨਾ ਚਿਰ ਨਾਂਹ ਕਰਦੀ। ਆਖਰ ਧੀ ਦਾ ਧੰਨ ਸੀ, ਮਾਪਿਆ ਬਰੂੰਹਾ ਉਤੇ ਤਾਂ ਨਹੀਂ ਸੀ ਬਿਠਾਈ ਰੱਖਣਾ।' ਅਕਬਰ ਨੂੰ ਪਿਉ ਨੇ ਆਖਿਆ ਸੀ।

ਹੁਣ ਉਹ ਖਾਲੀ ਸੜਕ ਉਤੇ ਟੁਰਦਾ ਜਾ ਰਿਹਾ ਸੀ। ਅੱਗੇ ਅੱਗੇ ਆਪ ਤੇ ਪਿਛੇ ਪਿਛੇ ਉਸਦਾ ਪਰਛਾਵਾਂ। ਉਹ ਜਦੋਂ ਪਿੰਡ ਵੜਿਆ ਹਨੇਰਾ ਹੋ ਚੁੱਕਿਆ ਸੀ। ਵਿਹੜੇ ਵਿਚੋਂ ਲੰਘ ਕੇ ਉਸ ਬੁਚਕੀ ਇੱਕ ਪਾਸੇ ਰੱਖੀ ਤੇ ਮਕਾਨ ਦਾ ਜਿੰਦਰਾ ਖੋਲ੍ਹ ਕੇ ਦੀਵਾ ਜਗਾਇਆ। ਉਹ ਵਿਹੜੇ ਵਿਚ ਜਾਮਨੂੰ ਥੱਲੇ ਮੰਜੀ ਵਿਛਾ ਕੇ ਲੇਟ ਗਿਆ। ਥਕੇਵੇਂ ਨਾਲ ਉਹਦਾ ਬੰਦ ਬੰਦ ਪਿਆ ਦੁੱਖਦਾ ਸੀ। ਉਹ ਆਪਣੇ ਮਨ ਦੀ ਹਨੇਰੀ ਕੋਠਰੀ ਵਿਚ ਯਾਦਾਂ ਦੀਆਂ ਤਾਕੀਆਂ



ਖੋਲ੍ਹਦਾ ਫਿਰਦਾ ਸੌਂ ਗਿਆ।

ਘਰ ਵਿਚ ਦੀਵਾ ਬੱਲਦਾ ਵੇਖਕੇ ਸਾਰੇ ਪਿੰਡ ਵਿਚ ਉਹਦੇ ਆਉਣ ਦੀ ਖ਼ਬਰ ਫੈਲ ਚੁਕੀ ਸੀ।

ਸਵੇਰੇ ਜਦੋਂ ਉਹਦੀ ਅੱਖ ਖੁਲ੍ਹੀ ਤਾਂ ਉਸ ਲੇਟਿਆ ਹੋਇਆ ਈ ਜਾਮਨੂੰ ਤੇ ਨਜ਼ਰ ਕੀਤੀ। ਕਾਲੇ ਕਾਲੇ ਜਾਮਨੂੰਆਂ ਨਾਲ ਉਹ ਭਰਿਆ ਪਿਆ ਸੀ। ਉਹਨਾਂ ਦੇ ਡੰਗਰ ਵਿਕ ਚੁੱਕੇ ਸਨ। ਏਸ ਲਈ ਸਾਰਾ ਦਿਨ ਉਹਨੂੰ ਫਿਰਨ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਸੀ। ਸਭ ਤੋਂ ਪਹਿਲਾਂ ਉਹ ਦੀਨੇ ਲੁਹਾਰ ਦੀ ਦੁਕਾਨ ਤੇ ਪੁਜਿਆ। ਆਪਣੇ ਕੰਮਾਂ ਲਈ ਆਏ ਹੋਏ ਬੰਦੇ ਹੁੱਕੇ ਦਵਾਲੇ ਬੈਠੇ ਸਨ। 'ਸਲਾਮਾ ਲੈਕਮ' ਉਹਨੇ ਜਦ ਕਿਹਾ ਤਾਂ ਅੱਗੋਂ ਸਿਰਫ ਇੱਕ ਨੇ ਵੀ ਵਲਦਾ ਦਿੱਤਾ ਉਹ ਵੀ ਨਿੰਮ੍ਹੀ ਜਿਹੀ ਵਾਜ਼ ਵਿਚ। ਉਹ ਉਹਨਾਂ ਕੋਲ ਬੈਠ ਗਿਆ। ਸਾਰੇ ਬੰਦੇ ਇੱਕ ਇੱਕ ਕਰਕੇ ਟੁਰ ਗਏ ਤਾਂ ਉਹ ਵੀ ਉਠ ਖੜੋਤਾ। ਹੁਣ ਉਹ ਰਹਿਮੋ ਦੀ ਹਵੇਲੀ ਵੱਲ ਟੁਰ ਪਿਆ। ਰਹਿਮੋ ਹਵੇਲੀ ਵਿਚ ਬੈਠਾ ਹੁੱਕਾ ਪਿਆ ਛੱਕਦਾ ਸੀ। ਅਕਬਰ ਉਹਦੇ ਕੋਲ ਬੈਠਾ ਤਾਂ ਉਹਨੂੰ ਘਰ ਦਾ ਕੋਈ ਕੰਮ ਯਾਦ ਆ ਗਿਆ ਤੇ ਉਹ ਘਰ ਟੁਰ ਗਿਆ। ਅਕਬਰ ਵੀ ਉੱਠ ਕੇ ਬਾਹਰ ਆ ਗਿਆ । ਰਾਹ ਵਿਚ ਉਹਨੂੰ ਆਪਣੇ ਬਚਪਨ ਦਾ ਬੇਲੀ ਬਸ਼ੀਰਾ ਮਿਲਿਆ। 'ਸੁਣਾ ਬਈ ਬਸ਼ੀਰਿਆ' ਉਹਨੇ ਕਿਹਾ ਪਰ ਬਸ਼ੀਰਾ ਇੰਜ ਲੰਘ ਗਿਆ ਜਿਵੇ ਉਸ ਅਕਬਰ ਨੂੰ ਵੇਖਿਆ ਈ ਨਾ ਹੋਵੇ।

ਅਕਬਰ ਨੂੰ ਪਿੰਡ ਆਇਆ ਕਈ ਦਿਨ ਹੋ ਗਏ ਸਨ ਪਰ ਉਹਨੂੰ ਲੋਕਾਂ ਦੇ ਵਰਤਾਰੇ ਦੀ ਉੱਕਾ ਸਮਝ ਨਹੀਂ ਸੀ ਪਈ ਆਉਂਦੀ।

ਝੱਖੜਾਂ ਵਿਚ ਜਮਾਨੂੰਆਂ ਦੇ ਨਾ ਸਾਬਤ ਰਹਿਣ ਵਾਲੇ ਟਹਿਣ ਹੁੰਮਸ ਵਿਚ ਆਪ ਈ ਟੁੱਟ ਕੇ ਡਿੱਗ ਪੈਂਦੇ ਨੇ। ਇਕ ਦਿਨ ਬੜਾ ਹੁਸੜ ਲੱਗਾ ਹੋਇਆ ਸੀ ਜਦੋਂ ਉਹਦੇ ਜਾਮਨੂੰ ਦਾ ਵੀ ਇੱਕ ਟਹਿਣ ਟੁੱਟ ਕੇ ਡਿੱਗ ਪਿਆ। ਉਹ ਪਿੰਡ ਦੇ ਬਾਲਾਂ ਨੂੰ ਜਾਮਨੂੰਆਂ ਦਾ ਕਹਿਣ ਟੁਰ ਪਿਆ। ਪਰ ਉਹ ਤਾਂ ਉਹਨੂੰ ਵੇਖਦਿਆ ਈ ਤਰੱਠ ਕੇ ਨੱਸ ਗਏ ਸਨ।

ਇੱਕ ਦਿਨ ਉਹ ਗਲੀ ਵਿਚ ਲੰਘਿਆ ਜਾਂਦਾ ਸੀ ਕਿ ਉਹਨੂੰ ਪਿਛੋ ਕਿਸੇ ਬੱਚੇ ਦੀ ਆਵਾਜ਼ ਆਈ 'ਖ਼ੂਨੀ'। ਅੱਜ ਪਹਿਲੀ ਵਾਰ ਉਹਨੂੰ ਕਿਸੇ ਨੇ ਆਪ ਬੁਲਾਇਆ ਸੀ। ਉਹਦਾ ਜੀ ਕੀਤਾ ਪਿੱਛੇ ਮੁੜ ਕੇ ਬੱਚੇ ਦਾ ਮੂੰਹ ਚੁੰਮ ਲਏ। ਪਰ ਉਹ ਬੱਚਾ ਦੌੜ ਕੇ ਆਪਣਾ ਘਰ ਜਾ ਕੇ ਬਾਹਰਲਾ ਬੂਹਾ ਬੰਦ ਕਰ ਚੁੱਕਿਆ ਸੀ। ਅਕਬਰ ਉਸ ਬੂਹੇ ਅੱਗੇ ਜਾ ਖੜੋਤਾ। ਮਾਂ ਜਿਹਨੇ ਸ਼ਾਇਦ ਬੱਚੇ ਦੇ ਬੋਲ ਸੁਣ ਲਏ ਸਨ, ਹੁਣ ਬੱਚੇ ਨੂੰ ਗੁੱਸੇ ਪਈ ਹੁੰਦੀ ਸੀ 'ਖ਼ੂਨੀ ਤਾਂ ਉਹ ਹੈ ਈ ਜੇ ਉਹ ਤੈਨੂੰ ਫੜ ਲੈਂਦਾ.....'

ਗਲੀ ਵਿਚ ਖੜੋਤਿਆ ਉਹਦੇ ਕੋਲੋਂ ਐਨਾ ਈ ਸੁਣਿਆ ਗਿਆ। ਫਿਰ ਉਹ ਡਿਗਦਾ ਢਹਿਦਾ ਆਪਣੇ ਘਰ ਪੁਜਿਆ ਤੇ ਜਾਂਦਿਆ ਈ ਮੰਜੀ ਤੇ ਪੈ ਗਿਆ।

ਵਾਤਾਵਰਨ ਵਿਚ ਪਸਰੇ ਹੁੰਮਸ ਤੋਂ ਬੇਖ਼ਬਰ ਵਿਹੜੇ ਵਿਚਲੇ ਜਾਮਨੂੰ ਦੇ ਵਾਅ ਨਾਲ ਝੂਲ ਰਹੇ ਪੱਤੇ ਇੱਕ ਦੂਜੇ ਦੇ ਗਲ ਲੱਗ ਲੱਗ ਜਾਂਦੇ ਸਨ।

**ਲਿਪੀਅੰਤਰ: ਪਾਲ ਸਿੰਘ ਵੱਲਾ**

# ਇਤਿਹਾਸ ਤੇ ਸਮਕਾਲ ਦਾ ਅੰਤਰ-ਮੁਖੀ ਨਿਰਣਾ

## (ਅਜਮੇਰ ਸਿੰਘ ਦੀਆਂ ਤਿੰਨ ਪੁਸਤਕਾਂ ਦੀ ਜੋਖ-ਪਰਖ)

- ਡਾ. ਪ੍ਰੇਮ ਸਿੰਘ

ਸ. ਅਜਮੇਰ ਸਿੰਘ ਦੀਆਂ ਲਿਖੀਆਂ ਤਿੰਨ ਪੁਸਤਕਾਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (2003), 'ਕਿਸ ਬਿਧ ਰੁਲੀ ਪਾਤਸ਼ਾਹੀ' (2007) ਅਤੇ '1984 - ਅਣਚਿਤਵਿਆ ਕਹਿਰ' (2009) ਪੰਜਾਬ ਵਿਚ ਪਿਛਲੇ ਸਮੇਂ ਵਿੱਚ ਚੱਲੀ ਦਹਿਸ਼ਤਗਰਦੀ ਦੀ ਤਹਿਰੀਕ ਦਾ ਇਕ ਖਾਸ ਦਹਿਸ਼ਟੀ ਤੋਂ ਵਿਸਥਾਰ ਦੇਂਦੀਆਂ ਹਨ ਅਤੇ ਨਾਲ ਹੀ ਇਹ ਇਸ ਤਹਿਰੀਕ ਦੇ ਰਾਜਸੀ ਅਤੇ ਵਿਚਾਰਧਾਰਕ ਆਧਾਰ ਦਾ ਇੱਕ ਨਿਰਣਾ ਪੇਸ਼ ਕਰਦੀਆਂ ਹਨ। ਲੇਖਕ ਦੀ ਮੂਲ ਧਾਰਨਾ ਜਿਹੜੀ ਪਹਿਲੀ ਪੁਸਤਕ ਵਿੱਚ ਅੰਕਿਤ ਹੈ ਇਹ ਹੈ ਕਿ ਪੰਜਾਬ ਦੇ ਦੋ ਭਾਈਚਾਰਿਆਂ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਆਪਸੀ ਵਿਰੋਧ ਦੀ ਸਥਿਤੀ ਹੈ ਅਤੇ ਇਹ ਵਿਰੋਧ ਸਿੱਖੀ ਦੇ ਜਨਮ ਤੋਂ ਹੀ ਸ਼ੁਰੂ ਹੋ ਗਏ ਸਨ। ਗੁਰੂ ਨਾਨਕ ਦੇ ਵੇਲੇ ਜੋ ਇਹ ਕੇਵਲ "ਸ਼ੰਕਿਆ" ਦੇ ਰੂਪ ਵਿੱਚ ਸਨ ਤਾਂ ਗੁਰੂ ਗੋਬਿੰਦ ਸਿੰਘ ਦੇ ਵੇਲੇ ਤਕ ਇਹ ਸਿੱਖ ਪੰਥ ਅੰਦਰਲੇ ਕਾਫ਼ੀ ਤੱਤਾਂ ਵਲੋਂ "ਖਾਲਸਾ ਪੰਥ ਵਿੱਚ ਸ਼ਾਮਿਲ ਹੋਣ ਤੋਂ ਖੁੱਲ੍ਹਮ-ਖੁੱਲ੍ਹਾ ਇਨਕਾਰ" ਦੇ ਰੂਪ ਵਿੱਚ ਸਾਮ੍ਹਣੇ ਆਏ ਸਨ।

ਪਰ ਜੇ ਅਜਮੇਰ ਸਿੰਘ ਦੀ ਇਹ ਧਾਰਨਾ ਮੰਨ ਲਈ ਜਾਵੇ ਤਾਂ ਇਸ ਗੱਲ ਦੀ ਕੋਈ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿ ਗੁਰੂ ਗੋਬਿੰਦ ਸਿੰਘ ਨੇ ਆਪ ਆਪਣੇ ਪਿਤਾ ਗੁਰੂ ਤੇਗ ਬਹਾਦਰ ਨੂੰ ਤਿਲਕ, ਜਨੇਊ ਦੀ ਰਾਖੀ ਲਈ ਕੁਰਬਾਨੀ ਦੇਣ ਲਈ ਕਿਉਂ ਦਿੱਲੀ ਨੂੰ ਤੋਰਿਆ? ਅਜਮੇਰ ਸਿੰਘ ਇਸ ਅਹਿਮ ਘਟਨਾ ਨੂੰ ਇਸ ਲੜੀ ਦੀ ਦੂਜੀ ਪੁਸਤਕ ਵਿੱਚ ਕੇਵਲ ਏਨਾ ਕਹਿ ਕੇ ਮੁਕਾ ਦੇਂਦਾ ਹੈ ਕਿ ਨੌਵੇਂ ਗੁਰੂ ਨੇ "ਧਰਮ ਦੀ ਅਜ਼ਾਦੀ ਦੇ ਵੱਡੇ ਸਾਰੋਕਾਰ ਨੂੰ ਮੁੱਖ ਰੱਖਦੇ ਹੋਏ " ਕੁਰਬਾਨੀ ਦਿੱਤੀ। ਪਰ "ਵੱਡੇ ਸਾਰੋਕਾਰ" ਦੀ ਇਹ ਗੱਲ ਭੁਲੇਖਾ ਪਾਊ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਖ਼ੁਦ ਤਿਲਕ, ਜਨੇਊ ਦੀ ਗੱਲ ਕਹੀ ਹੈ। ਉਨ੍ਹਾਂ ਤਿਲਕ, ਜਨੇਊ ਦੀ ਰਾਖੀ ਨੂੰ ਹੀ ਧਰਮ ਹੇਤ ਸਾਕਾ ਕਿਹਾ ਹੈ। ਇਹ ਤੱਥ ਕਿ ਕਸ਼ਮੀਰੀ ਪੰਡਤਾਂ ਨੇ ਨੌਵੇਂ ਗੁਰੂ ਦੀ ਸ਼ਰਨ ਲਈ ਤੇ ਉਨ੍ਹਾਂ ਨੂੰ ਹੀ ਹਿੰਦੂ ਧਰਮ ਦੀ ਰਾਖੀ ਲਈ ਅਪੀਲ ਕੀਤੀ, ਦੱਸਦਾ ਹੈ ਕਿ ਹਿੰਦੂਆਂ ਅਤੇ ਸਿੱਖਾਂ ਵਿੱਚ ਕੋਈ ਵਿਰੋਧ ਨਹੀਂ ਸਨ। ਉਪਰੰਤ ਕਸਮੀਰੀ ਪੰਡਿਤ ਗੁਰੂ ਤੇਗ ਬਹਾਦਰ ਵਿਚ ਵਿਸ਼ਵਾਸ਼ ਰੱਖਦੇ ਸਨ ਕਿ ਉਹ ਮੁਗਲ ਸਲਤਨਤ ਕੋਲ ਉਨ੍ਹਾਂ ਦਾ ਪੱਖ ਬੇਖ਼ੌਫ ਹੋ ਕੇ ਪੇਸ਼ ਕਰਨਗੇ।

ਪੰਜਾਬ ਉਤੇ ਅੰਗਰੇਜਾਂ ਦੇ ਕਬਜ਼ੇ ਦੇ ਹਾਲਾਤ ਉਤੇ ਚਰਚਾ ਕਰਦਿਆਂ ਅਜਮੇਰ ਸਿੰਘ ਨੇ ਨਿਰਾਰਥਕ ਪੁਜੀਸ਼ਨਾਂ ਲਈਆਂ ਹਨ। ਉਸਨੇ ਕਈ ਮਹੱਤਵਪੂਰਨ ਤੱਥ ਨਜ਼ਰ ਅੰਦਾਜ਼ ਕੀਤੇ ਹਨ ਤੇ ਕਈ ਘਾਟ ਅਹਿਮ ਪਹਿਲੂਆਂ ਨੂੰ ਬੇਲੋੜਾ ਤੂਲ ਦਿੱਤਾ ਹੈ। ਸਿੱਖਾਂ ਅਤੇ ਅੰਗਰੇਜਾਂ ਵਿਚਕਾਰ ਹੋਈ ਜੰਗ ਵਾਸਤਵ ਵਿੱਚ 'ਹਿੰਦ ਪੰਜਾਬ' ਦੀ ਜੰਗ ਸੀ ਜਿਵੇਂ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਸੀ। ਇਹ ਇਕੱਲੇ ਸਿੱਖਾਂ ਦੀ ਜੰਗ ਨਹੀਂ ਸੀ, ਅਜਮੇਰ



ਸਿੰਘ ਇਸ ਪ੍ਰਮੁੱਖ ਤੱਥ ਨੂੰ ਵੀ ਨਹੀ ਗੌਲਦਾ ਕਿ ਪੰਜਾਬ ਉਤੇ ਕਬਜ਼ੇ ਤੋਂ ਬਾਅਦ ਦੇ ਸਮੇਂ ਵਿੱਚ ਪੰਜਾਬੀਆਂ ਅੰਦਰ ਅੰਗਰੇਜ਼ਾਂ ਵਿਰੁੱਧ ਰੋਸ ਸੀ ਜਿਹੜਾ ਲੰਮਾ ਸਮਾਂ ਬਣਿਆ ਰਿਹਾ। ਲੇਖਕ ਦੇ ਬਿਰਤਾਂਤ ਵਿੱਚ ਮਹਾਰਾਜਾ ਦਲੀਪ ਸਿੰਘ ਈਸਾਈ ਬਣਾਏ ਜਾਣ ਬਾਰੇ ਸਿਖ ਸਮਾਜ ਦੀਆਂ ਉਪਰਲੀਆਂ ਪਰਤਾਂ ਵਿੱਚ ਤਿੱਖੇ ਪ੍ਰਤੀਕਰਮ ਦਾ ਜ਼ਿਕਰ ਹੈ ਪਰ ਰਾਣੀ ਜਿੰਦਾ ਦੇ ਨੇਪਾਲ ਵਿੱਚ ਜਾ ਕੇ ਸ਼ਰਨ ਲੈਣ ਤੋਂ ਪੰਜਾਬੀਆਂ ਵਿੱਚ ਪੈਦਾ ਹੋਈ ਅੰਗਰੇਜ ਵਿਰੋਧੀ ਭਾਵਨਾ ਦਾ ਕੋਈ ਜ਼ਿਕਰ ਨਹੀਂ। ਉਹ ਇਸ ਗੱਲ ਦਾ ਨੋਟਿਸ ਵੀ ਨਹੀ ਲੈਂਦਾ ਕਿ ਕਿਵੇਂ ਇਹਨਾਂ ਘਟਨਾਵਾਂ ਤੋਂ ਕਈ ਸਾਲਾਂ ਬਾਅਦ ਜਦੋਂ ਅੰਗਰੇਜ਼ ਦਲੀਪ ਸਿੰਘ ਨੂੰ ਪੰਜਾਬ ਲਿਆ ਰਹੇ ਸਨ ਤਾਂ ਰਾਹ ਵਿੱਚ ਅਦਨ ਵਿੱਚ ਤਾਇਨਾਤ ਸਿੱਖ ਪਲਟਨ ਨੇ ਉਸਨੂੰ ਸਲਾਮੀ ਦੇਣ ਦੀ ਜ਼ਿਦ ਕੀਤੀ ਸੀ ਤੇ ਕਿਵੇਂ ਅੰਗਰੇਜ਼ ਉਸਨੂੰ ਉਸੇ ਸਮੇਂ ਵਾਪਿਸ ਇੰਗਲੈਂਡ ਲੈ ਗਏ ਸਨ ਤੇ ਅਖੀਰ ਕਿਵੇਂ ਉਸਦਾ ਅੰਤ ਇੰਗਲੈਂਡ ਵਿੱਚ ਨਹੀਂ ਫਰਾਂਸ ਵਿੱਚ ਹੋਇਆ ਸੀ। ਇਹ ਸਭ ਕੁਝ ਅੰਗਰੇਜ਼ਾਂ ਵੱਲ ਸਿੱਖ ਅਵਾਮ ਦੇ ਅਸਲ ਰਵੱਈਏ ਨੂੰ ਦਰਸਾਉਂਦਾ ਸੀ।

ਸਿੱਖ ਤੇ ਗੈਰ ਸਿੱਖ ਪੰਜਾਬੀਆਂ ਦੀਆਂ ਦਿਲੀ ਭਾਵਨਾਵਾਂ ਨੂੰ ਸਮਝਣ ਤੇ ਵਿਅਕਤ ਕਰਨ ਦੀ ਥਾਂ ਅਜਮੇਰ ਸਿੰਘ ਅੰਗਰੇਜਾਂ ਵਲੋਂ ਸਿੱਖਾਂ ਉਤੇ ਕੀਤੀਆਂ ਮਿਹਰਬਾਨੀਆਂ ਨੂੰ ਹੀ ਵੇਖਦਾ ਹੈ। ਉਹ ਇਸ ਤੱਥ ਨੂੰ ਅੱਖੋਂ ਪਰੋਖਾ ਕਰਦਾ ਹੈ ਕਿ ਫੌਜ ਵਿੱਚ ਸਿੱਖਾਂ ਦੀ ਭਰਤੀ ਤੇ ਇਵੇਂ ਹੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਉਹਨਾਂ ਵਰਗਾਂ ਦੀ ਭਰਤੀ, ਜਿਨ੍ਹਾਂ ਨੂੰ ਉਹ 'ਮਾਰਸ਼ਲ ਰੇਸਿਜ਼' ਕਹਿੰਦੇ ਸਨ, ਅੰਗਰੇਜ਼ਾਂ ਦੀ ਆਪਣੀ ਵੱਡੀ ਲੋੜ ਸੀ। ਸਿੰਚਾਈ ਪਰਾਜੈਕਟ ਚਾਲੂ ਕਰਨ ਵਿੱਚ ਉਨ੍ਹਾਂ ਦਾ ਵੀ ਹਿਤ ਸੀ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਵਰ੍ਹਿਆਂ ਵਿਚ ਪੰਜਾਬ ਵਿਚੋ ਲੱਖਾਂ ਟਨ ਕਣਕ ਤੇ ਕਪਾਹ ਬਰਾਮਦ ਕਰਨੇ ਸਨ, ਜੋ ਉਨ੍ਹਾਂ ਕੀਤੇ।

ਅਜਮੇਰ ਸਿੰਘ 1857 ਦੇ ਗਦਰ ਵਿਚ ਸਿੱਖ ਪਲਟਣਾਂ ਵਲੋਂ ਅੰਗਰੇਜਾਂ ਨੂੰ ਦਿੱਤੀ ਗਈ ਮਦਦ ਦੀ ਗਲ ਕਰਦਾ ਹੈ। ਪਰ ਇਹ ਸਿੱਖ ਪਲਟਣਾਂ ਤਾਂ ਸਿੱਖ ਰਿਆਸਤਾਂ ਦੀਆਂ ਸਨ ਜਿਨ੍ਹਾਂ ਦੇ ਰਾਜੇ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਅੰਗਰੇਜ਼ਾਂ ਦੇ ਨਾਲ ਸਨ ਤੇ ਲਾਹੌਰ ਦਰਬਾਰ ਦੀ ਸੱਤਾ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਕਰਦੇ ਰਹਿੰਦੇ ਸਨ। ਲੇਖਕ ਉਨ੍ਹਾਂ ਪੰਜਾਬੀ ਪਲਟਣਾ ਦਾ ਜ਼ਿਕਰ ਨਹੀਂ ਕਰਦਾ ਜਿਨ੍ਹਾਂ ਨੇ ਗਦਰ ਸਮੇਂ ਵਿਦਰੋਹ ਕੀਤਾ। ਇਹ ਤੱਥ ਰਿਕਾਰਡ ਉਤੇ ਹਨ ਕਿ ਉਨ੍ਹਾਂ ਦਿਨਾਂ ਵਿਚ ਹੀ ਫਿਰੋਜ਼ਪੁਰ ਵਿੱਚ ਇਨਫੈਨਟਰੀ ਰਜਮੈਂਟ ਨੇ ਬਗਾਵਤ ਕੀਤੀ ਸੀ, ਜਿਸ ਨੂੰ ਅੰਗਰੇਜਾਂ ਨੇ ਵਹਿਸ਼ੀਆਨਾ ਤਸ਼ੱਦਦ ਨਾਲ ਦਬਾ ਦਿੱਤਾ ਸੀ। ਲਾਹੌਰ ਵਿੱਚ ਫੌਜਾਂ ਬਗਾਵਤ ਦੇ ਰੌਂ ਵਿਚ ਸਨ ਤੇ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਸੀ। ਬਨਾਰਸ ਵਿੱਚ ਇਕ ਰੈਗੂਲਰ ਦੇ ਸਿੱਖਾਂ ਨੇ ਇੱਕ ਦੇਸੀ ਰਜਮੈਂਟ ਤੋਂ ਹਥਿਆਰ ਵਾਪਸ ਲੈਣ ਦਾ ਵਿਰੋਧ ਕੀਤਾ ਸੀ। ਇਸੇ ਤਰ੍ਹਾਂ ਦੀ ਘਟਨਾ ਕਾਨਪੁਰ ਵਿੱਚ ਵੀ ਵਾਪਰੀ ਸੀ। ਅੰਗਰੇਜਾਂ ਨੇ ਉਸ ਸਮੇਂ ਪੰਜਾਬ ਦੀਆਂ ਸਭਨਾਂ ਛਾਉਣੀਆਂ ਵਿੱਚ ਫੌਜੀਆਂ ਤੋਂ ਹਥਿਆਰ ਸੁਟਵਾ ਲਏ ਸਨ।[1] ਪੰਜਾਬ ਵਿੱਚ ਸਥਾਨਕ ਫੌਜਾਂ ਨੂੰ ਬਰਖਾਸਤ ਕਰਕੇ ਹੀ ਖੁੱਲੀ ਬਗਾਵਤ ਨੂੰ ਰੋਕਿਆ ਗਿਆ ਸੀ।

*ਫੁੱਟ ਨੋਟ-1. ਕਾਰਲ ਮਾਰਕਸ, ਫਰੈਡਰਿਕ ਐਂਗਲਜ਼, ਦਾ ਫਸਟ ਇੰਡੀਅਨ ਵਾਰ ਆਫ ਇਨਡੀਪੈਂਨਡੈਂਸ-1857-1859, ਪਰਾਗਰੈਸ ਪਬਲਿਸ਼ਰਜ, ਮਾਸਕੋ, ਪੰਨਾ 38 (ਸਾਰੰਸ਼)*

ਇਤਿਹਾਸਕਾਰ ਜੀ. ਐਸ. ਛਾਬੜਾ ਅਨੁਸਾਰ "ਲਾਹੌਰ, ਪੇਸ਼ਾਵਰ, ਨਵਾਂ ਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ ਵਿੱਚ ਫੌਜੀਆਂ ਤੋਂ ਹਥਿਆਰ ਸੁਟਵਾ ਲਏ ਗਏ ਸਨ। ਇਓਂ 13,000 ਜਵਾਨ ਬੇ-ਹਥਿਆਰ ਕਰ ਦਿੱਤੇ ਗਏ ਸਨ। ਦੋ ਦਿਨਾਂ ਦੇ ਵਿੱਚ ਹੀ ਸਾਰੇ ਕਿਲ੍ਹੇ ਯੂਰਪੀ ਫੌਜਾਂ ਨੇ ਕਬਜ਼ੇ ਵਿੱਚ ਲੈ ਲਏ ਸਨ। ਅਖ਼ਬਾਰਾਂ ਉੱਤੇ ਸੈਂਸਰਸ਼ਿਪ ਲਾਗੂ ਕਰ ਦਿੱਤਾ ਗਿਆ ਸੀ। ਪੰਜਾਬ ਵਿੱਚ ਅੱਠ ਵੱਖ-ਵੱਖ ਥਾਵਾਂ ਉਤੇ ਫੌਜਾਂ ਨੇ ਬਗਾਵਤ ਕੀਤੀ ਸੀ ਤੇ ਉਨ੍ਹਾਂ ਵਿੱਚੋਂ ਕਈ ਥਾਈਂ ਉਨ੍ਹਾਂ ਨੇ ਆਪਣੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਸੀ।"[2]

ਉਨ੍ਹੀਵੀਂ ਸਦੀ ਦੇ ਆਖ਼ਰੀ ਦੋ ਢਾਈ ਦਹਾਕਿਆਂ ਵਿੱਚ ਪੰਜਾਬ ਵਿੱਚ ਸਿੰਘ ਸਭਾਵਾਂ ਕਾਇਮ ਕੀਤੇ ਜਾਣ ਦੀ ਚਰਚਾ ਕਰਦਿਆਂ ਅਜਮੇਰ ਸਿੰਘ ਨੇ ਲਾਹੌਰ ਦੀ ਸਿੰਘ ਸਭਾ ਵਲੋਂ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰੀ ਤੇ ਉਸ ਦੀ ਮਿਲਵਰਤਣ ਲੈਣ ਦੀ ਪੁਜੀਸ਼ਨ ਦਾ ਸਮਰਥਨ ਕੀਤਾ ਹੈ। ਆਰੀਆ ਸਮਾਜ ਨਾਲ ਚਲਦੇ ਵਿਵਾਦ ਵਿੱਚ ਸਿੰਘ ਸਭਾਵਾਂ ਨੇ ਸਰਗਰਮ ਹਿੱਸਾ ਲਿਆ ਅਤੇ ਇਓਂ ਪ੍ਰਾਂਤ ਵਿੱਚ ਪੰਜਾਬੀਆਂ ਵਿਚਲੇ ਆਪਸੀ ਤਫਰਕੇ ਨੂੰ ਵਧਾਇਆ। ਆਜ਼ਾਦੀ ਦੀ ਲਹਿਰ ਦੇ ਉਸ ਸਮੇਂ ਦੇ ਮੁੱਢਲੇ ਪੜਾਅ ਉੱਤੇ ਪੰਜਾਬੀਆਂ ਦੀ ਆਪਸੀ ਵੰਡ ਹਾਨੀਕਾਰਕ ਸੀ ਪਰ ਅਜਮੇਰ ਸਿੰਘ ਉਸ ਨੂੰ ਸਿੱਖ ਪਛਾਣ ਦੀ ਸਥਾਪਤੀ ਲਈ ਚੁੱਕੇ ਜਾ ਰਹੇ ਕਦਮਾਂ ਦਾ ਹਿੱਸਾ ਮੰਨਦਾ ਹੈ। ਜੇ ਹਿੰਦੂਆਂ ਦਾ ਇੱਕ ਪ੍ਰਭਾਵੀ ਤਬਕਾ ਸਿੱਖਾਂ ਨੂੰ ਆਪਣਾ ਅੰਗ ਕਹਿੰਦਾ ਸੀ ਤਾਂ ਇਸ ਉੱਤੇ ਸੀਖ-ਪਾਅ ਹੋਣ ਦੀ ਲੋੜ ਨਹੀਂ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣਾ ਪੱਖ ਅਸਰਦਾਇਕ ਤਰੀਕੇ ਨਾਲ ਰੱਖ ਦਿੱਤਾ ਸੀ। ਵਿਵਾਦ ਚਲਦਾ ਰਹਿ ਸਕਦਾ ਸੀ ਪਰ ਉਸਨੂੰ ਸੰਵਾਦ ਤੋਂ "ਫਸਾਦ" ਬਣਾਉਣ ਦੀ ਲੋੜ ਨਹੀਂ ਸੀ, ਜਿਵੇਂ ਅਜਮੇਰ ਸਿੰਘ ਪੇਸ਼ ਕਰ ਰਿਹਾ ਹੈ। ਅੰਤਿਮ ਨਿਰਣੈ ਵਿੱਚ ਦੋਹਾਂ ਧਿਰਾਂ ਦੇ ਮੋਹਰੀ ਆਪਣੇ ਆਪ ਨੂੰ ਅੰਗਰੇਜ਼ਾਂ ਦੇ ਸਮਰਥਕ ਤੇ ਅਜ਼ਾਦੀ ਦੀ ਲਹਿਰ ਦੇ ਵਿਰੋਧੀ ਹੀ ਸਿੱਧ ਕਰ ਰਹੇ ਸਨ। ਜੇ ਸਿੰਘ ਸਭਾਵਾਂ ਦੇ ਆਗੂ ਇਹ ਪੁਜੀਸ਼ਨ ਲੈਂਦੇ ਕਿ ਅਸੀ ਹਿੰਦੂ ਨਹੀਂ ਪਰ ਜੇ ਆਰੀਆ ਸਮਾਜੀ ਸਿੱਖਾਂ ਨੇ ਹਿੰਦੂਆਂ ਦਾ ਅੰਗ ਮੰਨਦੇ ਹਨ ਤਾਂ ਬੇਸ਼ਕ ਮੰਨਣ। ਇਹ ਪੁਜੀਸ਼ਨ ਤਾਂ ਸਿੱਖਾਂ ਲਈ ਮਾਣ ਦੀ ਗੱਲ ਵੀ ਬਣ ਸਕਦੀ ਸੀ ਕਿ ਹਿੰਦੂ ਆਗੂ ਉਨ੍ਹਾਂ ਨੂੰ ਆਪਣੇ ਧਰਮ ਦਾ ਅੰਗ ਮੰਨਦੇ ਸਨ। ਅਜਮੇਰ ਸਿੰਘ ਤਾਂ ਇਸਦੇ ਉਲਟ ਇਹ ਕਹਿੰਦਾ ਹੈ ਕਿ ਹਿੰਦੂ ਆਗੂਆਂ ਵਲੋਂ ਸਿੱਖ ਧਰਮ ਪ੍ਰਤੀ ਸਤਿਕਾਰ ਦੀ ਭਾਵਨਾ ਦਾ ਪ੍ਰਗਟਾਅ ਵੀ ਇਕ ਭੇਖ ਹੀ ਸੀ। ਜੇ ਇਹ ਉਸਦਾ ਤੁਅਸਬ ਨਹੀਂ ਤਾਂ ਹੋਰ ਕੀ ਹੈ?

ਭਾਰਤੀ ਕੌਮ ਪਰਸਤੀ ਦੇ ਸਵਾਲ ਨੂੰ ਵਿਚਾਰ-ਅਧੀਨ ਲਿਆਉਂਦਿਆਂ ਲੇਖਕ ਨੇ ਆਪਣੇ ਵਲੋਂ ਇਸ ਦੀ "ਅਸਲੀ ਤਾਸੀਰ" ਬਿਆਨ ਕੀਤੀ ਹੈ। ਉਸ ਅਨੁਸਾਰ ਸਰ ਸਈਅੱਦ ਅਹਿਮਦ ਖ਼ਾਨ, ਆਗ਼ਾ ਖ਼ਾਨ ਅਤੇ ਫੇਰ ਮੁਹੰਮਦ ਅਲੀ ਜਿਨਾਹ ਸਾਰੇ ਮੁਸਲਮਾਨ ਆਗੂ

*ਫੁੱਟ ਨੋਟ-2. ਜੀ.ਐਸ. ਛਾਬੜਾ ਦਾ ਐਡਵਾਂਸਡ ਹਿਸਟਰੀ ਆਫ ਦਾ ਪੰਜਾਬ ਜਿਲਦ-2, ਪੰਨੇ 351, 352*



ਪੱਛਮੀ ਵਿਚਾਰਾਂ ਦੇ ਪ੍ਰਭਾਵ ਕਾਰਨ ਭਾਰਤੀ ਕੌਮਪ੍ਰਸਤੀ ਦੇ ਸੰਕਲਪ ਦੇ ਕਾਇਲ ਸਨ ਪਰ ਕਾਂਗਰਸੀ ਆਗੂਆਂ ਦੇ ਰਵੱਈਏ ਕਾਰਨ ਉਹ ਮੁਸਲਿਮ ਕੌਮ ਪਰਸਤੀ ਦੇ ਪੈਂਤੜੇ ਉਤੇ ਆ ਗਏ। ਏਥੇ ਲੇਖਕ ਨੇ ਇਸ ਤੱਥ ਨੂੰ ਮੂਲੋਂ ਹੀ ਭੁਲਾ ਦਿੱਤਾ ਹੈ ਕਿ ਇਹ ਕਾਂਗਰਸ ਪਾਰਟੀ ਹੀ ਸੀ ਜਿਸ ਨੇ ਕੌਮਪ੍ਰਸਤੀ ਦੇ ਪੈਂਤੜੇ ਤੋਂ ਮੁਸਲਿਮ ਫਿਰਕਾਪ੍ਰਸਤੀ ਦਾ ਵਿਰੋਧ ਕੀਤਾ ਸੀ। ਕਾਂਗਰਸ ਲੀਡਰਸ਼ਿਪ ਨੇ ਲਗਾਤਾਰ ਜਿਨਾਹ ਦੀ ਦੋ ਕੌਮਾਂ ਦੀ ਥਿਊਰੀ ਦਾ ਵਿਰੋਧ ਕੀਤਾ ਤੇ ਜੋ ਅਖੀਰ ਉਤੇ ਦੇਸ਼ ਵੰਡਿਆ ਗਿਆ ਤੇ ਪਾਕਿਸਤਾਨ ਕਾਇਮ ਹੋ ਗਿਆ ਤਾਂ ਬੇਸ਼ਕ ਕਾਂਗਰਸ ਨੂੰ ਇਸ ਵਿੱਚ ਨਿਰਦੋਸ਼ ਤਾਂ ਨਹੀਂ ਕਿਹਾ ਜਾ ਸਕਦਾ ਪਰ ਨਾਲ ਹੀ ਇਹ ਗੱਲ ਵੀ ਸਾਹਮਣੇ ਰੱਖਣੀ ਚਾਹੀਦੀ ਹੈ ਕਿ ਦੇਸ਼ ਦੀ ਵੰਡ ਦਾ ਫੈਸਲਾ ਕੇਵਲ ਹਿੰਦੂ ਤੇ ਮੁਸਲਮਾਨ ਲੀਡਰਾਂ ਉਤੇ ਨਿਰਭਰ ਨਹੀਂ ਸੀ, ਕਿਉਂਕਿ ਤੀਜੀ ਧਿਰ ਅੰਗਰੇਜ਼, ਉਸ ਸਮੇਂ ਤੱਕ ਦੇਸ਼ ਦੇ ਹਾਕਮ ਸਨ। ਇਸ ਤੀਜੀ ਧਿਰ ਨੇ ਮੁਸਲਿਮ ਅਵਾਮ ਵਿੱਚ ਮੁਸਲਿਮ ਲੀਗ ਦੀ ਪੁਜੀਸ਼ਨ ਦਾ ਲਾਭ ਉਠਾ ਕੇ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਮਹਾਤਮਾ ਗਾਂਧੀ ਨੇ ਤਾਂ ਲਾਰਡ ਮਾਊਂਟਬੇਟਨ ਨੂੰ ਏਥੋਂ ਤੱਕ ਕਿਹਾ ਸੀ ਕਿ ਦੇਸ਼ ਨੂੰ ਵੰਡਣ ਜਾਂ ਇਕ ਰੱਖਣ ਦਾ ਫੈਸਲਾ ਬਰਤਾਨਵੀਂ ਸਰਕਾਰ ਨਾ ਕਰੇ। ਇਹ ਫੈਸਲਾ ਭਾਰਤੀ ਧਿਰਾਂ ਉਤੇ ਛੱਡ ਦਿੱਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਦਸ ਸਾਲਾਂ ਦੀ ਖਾਨਾਜੰਗੀ ਉਸ ਆਜ਼ਾਦੀ ਨਾਲੋਂ ਬਿਹਤਰ ਹੋਵੇਗੀ, ਜਿਹੜੀ ਅੰਗਰੇਜ਼ਾਂ ਹੱਥੋਂ ਮਿਲ ਰਹੀ ਹੈ।

ਸਿੱਖ ਲੀਡਰਸ਼ਿਪ ਦੇ ਸਿਧਾਂਤਕ ਨਜ਼ਰੀਏ ਉਤੇ ਟਿੱਪਣੀ ਕਰਦਿਆਂ ਅਜਮੇਰ ਸਿੰਘ ਨੇ 1928 ਵਾਲੀ ਨਹਿਰੂ ਰਿਪੋਰਟ ਬਾਰੇ ਸਿਖ ਆਗੂਆਂ ਦੇ ਸੈਕੂਲਰ ਪ੍ਰਤੀਕਰਮ ਦੀ ਆਲੋਚਨਾ ਕੀਤੀ ਹੈ। ਪਰ ਤੱਥਾਂ ਨੂੰ ਮਰਜੀ ਅਨੁਸਾਰ ਚੋਣਵੇਂ ਤਰੀਕੇ ਨਾਲ ਵਰਤਦਿਆਂ ਉਹ ਇਹ ਨਹੀਂ ਦੱਸਦਾ ਕਿ ਨਹਿਰੂ ਰਿਪੋਰਟ ਤਾਂ ਅਗਲੇ ਸਾਲ, 1929 ਵਿਚ ਹੀ ਕਾਂਗਰਸ ਨੇ ਖ਼ੁਦ ਰੱਦ ਕਰ ਦਿੱਤੀ ਸੀ ਤੇ ਰੱਦ ਕਰਨ ਦੀ ਦਲੀਲ ਵੀ ਇਹ ਦਿੱਤੀ ਸੀ ਕਿ ਮੁਸਲਮਾਨ ਤੇ ਸਿਖ ਨਹੀਂ ਮੰਨਦੇ। 1929 ਵਿੱਚ ਲਾਹੌਰ ਵਿੱਚ ਕੀਤੇ ਆਪਣੇ ਸਰਬ ਹਿੰਦ ਸਮਾਗਮ ਵਿੱਚ ਕਾਂਗਰਸ ਨੇ ਆਪਣੇ ਪ੍ਰਸਤਾਵ ਵਿੱਚ ਕਿਹਾ ਸੀ ਕਿ "ਨਹਿਰੂ ਰਿਪੋਰਟ" ਦੇ ਵੇਲਾ ਵਿਹਾ ਜਾਣ ਤੋਂ ਬਾਅਦ ਫਿਰਕੂ ਸਵਾਲ ਉਤੇ ਕਾਂਗਰਸ ਦੀ ਨੀਤੀ ਦਾ ਐਲਾਨ ਬੇਲੋੜਾ ਹੈ। ਕਾਂਗਰਸ ਦਾ ਵਿਸ਼ਵਾਸ਼ ਹੈ ਕਿ ਆਜ਼ਾਦ ਭਾਰਤ ਵਿੱਚ ਫਿਰਕੂ ਸਵਾਲ ਕੌਮੀ ਲੀਹਾਂ ਉੱਤੇ ਸਖਤੀ ਨਾਲ ਅਮਲ ਕੀਤਿਆਂ ਹੀ ਹੱਲ ਹੋ ਸਕਦਾ ਹੈ ਪਰ ਕਿਉਂਕਿ ਸਿੱਖ ਖਾਸ ਤੌਰ ਉਤੇ ਅਤੇ ਮੁਸਲਮਾਨ ਅਤੇ ਹੋਰ ਘੱਟ ਗਿਣਤੀਆਂ ਆਮ ਤੌਰ ਉਤੇ ਨਹਿਰੂ ਰਿਪੋਰਟ ਵਿੱਚ ਦਿੱਤੇ ਗਏ ਫਿਰਕੂ ਸਵਾਲ ਦੇ ਹੱਲ ਬਾਰੇ ਅਸੰਤੁਸ਼ਟ ਹਨ, ਕਾਂਗਰਸ ਸਿੱਖਾਂ ਤੇ ਹੋਰ ਘੱਟ-ਗਿਣਤੀਆਂ ਨੂੰ ਯਕੀਨ ਦੁਆਉਂਦੀ ਹੈ ਕਿ ਇਸ ਸਵਾਲ ਦਾ ਕੋਈ ਹੱਲ ਕਾਂਗਰਸ ਨੂੰ ਮਨਜ਼ੂਰ ਨਹੀਂ ਹੋਵੇਗਾ, ਜਿਹੜਾ ਇਹਨਾਂ ਦੀ ਪੂਰੀ ਤਸੱਲੀ ਨਾ ਕਰੇ।[3]

*ਫੁੱਟ ਨੋਟ-3. ਸਟਰਗਲ ਫਾਰ ਫਰੀਡਮ, ਭਾਰਤੀ ਵਿਦਿਆ ਭਵਨ, ਚੌਪਾਈ ਰੋਡ, ਮੁੰਬਈ, 1969, ਪੰਨਾ 466.*

ਦਹਿਸ਼ਤਗਰਦੀ ਦੀ ਤਹਿਰੀਕ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਭੂਮਿਕਾ ਦੀ ਚਰਚਾ ਕਰਦਿਆਂ ਲੇਖਕ ਨੇ ਉਸਨੂੰ ਸਿੱਖਾਂ ਦੇ ਇਕ ਅਜਿਹੇ ਨਾਇਕ ਦੇ ਤੌਰ ਉਤੇ ਪੇਸ਼ ਕੀਤਾ ਹੈ ਜਿਸਨੇ ਅਕਾਲੀ ਆਗੂਆਂ ਅਤੇ ਪੰਤਵੰਤੇ ਸਿੱਖ ਵਿਦਵਾਨਾਂ ਦੇ ਉਲਟ ਹਿੰਦੂ ਮਾਨਸਿਕਤਾ ਨੂੰ ਠੀਕ ਤਰ੍ਹਾਂ ਸਮਝ ਲਿਆ ਸੀ ਅਤੇ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪਹਿਲਾਂ ਹੀ ਸਿੱਖਾਂ ਨਾਲ ਹੋਣ ਵਾਲੇ ਅਤਿਆਚਾਰਾਂ ਨੂੰ ਆਪਣੀ "ਅੰਤਰ-ਦ੍ਰਿਸ਼ਟੀ" ਨਾਲ ਅਨੁਭਵ ਕਰ ਲਿਆ ਸੀ। ਲੇਖਕ ਨੇ ਉਸ ਸਾਰੇ ਘਟਨਾ ਕ੍ਰਮ ਬਾਰੇ ਮੁਕੰਮਲ ਖਾਮੋਸ਼ੀ ਅਖ਼ਤਿਆਰ ਕੀਤੀ ਹੈ ਜਿਸ ਵਿੱਚ ਭਿੰਡਰਾਂਵਾਲੇ ਦੇ ਹਥਿਆਰਬੰਦ ਟੋਲੇ ਮਾਸੂਮ ਅਤੇ ਨਿੱਹਥੇ ਹਿੰਦੂਆਂ ਦਾ ਕਤਲੇਆਮ ਕਰਕੇ ਅਤੇ ਫਿਰ ਅਕਾਲ ਤਖ਼ਤ ਤੇ ਜਾ ਬੈਠਦੇ ਸਨ। ਇਨ੍ਹਾਂ ਘਟਨਾਵਾਂ ਦੇ ਵੇਰਵੇ ਤਰੀਕ ਵਾਰ ਸਰਕਾਰ ਵਲੋਂ ਜਾਰੀ ਕੀਤੇ ਗਏ 'ਵਾਈਟ-ਪੇਪਰ' ਅਤੇ ਹੋਰ ਪੁਸਤਕਾਂ ਵਿੱਚ ਮੌਜੂਦ ਹਨ। ਭਿੰਡਰਾਂਵਾਲੇ ਨੂੰ ਹੱਕ ਇਨਸਾਫ ਲਈ ਜੂਝਦੇ ਅਤੇ ਆਪਣੇ ਅਕੀਦੇ ਦੇ ਪੱਕੇ ਆਗੂ ਵਜੋਂ ਪੇਸ਼ ਕਰਦਿਆਂ ਲੇਖਕ ਨੇ ਉਸਨੂੰ ਪੂਰੀ ਤਰ੍ਹਾਂ ਬੇਕਸੂਰ ਸਿੱਧ ਕਰਨ ਦਾ ਯਤਨ ਕੀਤਾ ਹੈ। ਇਸ ਲਿਖਤ ਦੇ ਤਰਕ ਅਨੁਸਾਰ ਭਾਰਤ ਸਰਕਾਰ ਨੇ ਇਕ ਨਿਰਦੋਸ਼ ਤੇ ਧਰਮੀ ਪਰਚਾਰਕ ਨੂੰ ਨਾਹੱਕ ਮੌਤ ਦੇ ਘਾਟ ਉਤਾਰਿਆ।

ਇਸ ਲੜੀ ਦੀ ਦੂਜੀ ਪੁਸਤਕ "ਦੇਸ਼ ਭਗਤੀ ਅੰਗਰੇਜ਼-ਭਗਤੀ" ਵਿੱਚ ਅਜਮੇਰ ਸਿੰਘ ਨੇ ਇਕ ਅਸਲੋਂ ਨਿਰਮੂਲ ਧਾਰਨਾ ਪੇਸ਼ ਕਰਦਿਆਂ ਦੇਸ਼ ਭਗਤੀ ਤੇ ਅੰਗਰੇਜ ਭਗਤੀ ਨੂੰ ਇਕੋ ਸਿੱਕੇ ਦੇ ਦੋ ਪਾਸੇ ਦੱਸਿਆ ਹੈ। ਜੇ ਕੁਝ ਹਿੰਦੂ ਰਾਸ਼ਟਰਵਾਦੀ ਆਗੂਆਂ ਨੇ 1980 ਵਿੱਚ ਲੰਡਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੇ ਸਮਾਗਮ ਵਿੱਚ ਸ਼ਿਰਕਤ ਕਰਕੇ ਸਿੱਖਾਂ ਨੂੰ ਗੁਰੂ ਦੇ ਨਾਅ ਉੱਤੇ ਅਪੀਲ ਕੀਤੀ ਕਿ ਉਹ ਦੇਸ਼ ਨੂੰ ਅਜਾਦ ਕਰਾਉਣ ਲਈ ਕੁਰਬਾਨੀ ਕਰਨ ਤਾਂ ਅਜਮੇਰ ਸਿੰਘ ਅਨੁਸਾਰ ਇਹ ਸਿੱਖਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਭਾਰਤੀ ਰਾਸ਼ਟਰਵਾਦ ਵਿੱਚ "ਧਰੂਹ ਲੈਣ" ਦਾ ਯਤਨ ਸੀ। ਸਿੱਖਾਂ ਵਿੱਚ ਪ੍ਰਬਲ ਹੋ ਰਹੇ ਦੇਸ਼ ਭਗਤੀ ਦੇ ਜ਼ਜ਼ਬੇ ਨੂੰ ਨੋਟ ਕਰਦਿਆਂ ਉਹ ਇਸ ਵਰਤਾਰੇ ਵਲ ਸ਼ੱਕ ਤੇ ਹਕਾਰਤ ਦੇ ਰਵੱਈਏ ਦੀ ਗੱਲ ਕਰਦਾ ਹੈ, ਪਰ ਇਹ ਨਹੀਂ ਦੱਸਦਾ ਕਿ ਇਹ ਸ਼ੱਕ ਤੇ ਹਕਾਰਤ ਕਰਨ ਵਾਲੇ ਕੌਣ ਲੋਕ ਸਨ? ਜ਼ਾਹਿਰ ਹੈ ਕਿ ਅਜਿਹਾ ਕਰਨ ਵਾਲੇ ਖ਼ੁਦ ਅੰਗਰੇਜ ਹਾਕਮ ਸਨ ਜਾਂ ਉਨ੍ਹਾਂ ਦੇ ਸਮਰਥਕ ਭਾਰਤੀ। ਉਨ੍ਹਾਂ ਦੀ ਅਜਿਹੀ ਪਹੁੰਚ ਨੂੰ 'ਪਾੜੋ ਤੇ ਰਾਤ ਕਰੋ' ਦੀ ਅੰਗਰੇਜ਼ਾਂ ਦੀ ਨੀਤੀ ਦਾ ਅੰਗ ਦੱਸਣ ਨੂੰ ਉਹ "ਕਪਟ ਭਰੀ ਦਲੀਲਬਾਜ਼ੀ" ਕਹਿੰਦਾ ਹੈ। ਉਸ ਅਨੁਸਾਰ ਸਿੱਖ ਰਾਈਸਾਂ ਤੇ ਚੀਫੀਆਂ ਨੇ ਅੰਗਰੇਜ਼ਾਂ ਨਾਲ ਰਾਜਨੀਤਿਕ ਭਾਈਵਾਲੀ ਇਸ ਕਾਰਨ ਪੱਕੀ ਕੀਤੀ ਕਿਉਂਕਿ ਗਦਰ ਪਾਰਟੀ ਹਿੰਸਕ ਵਿਦਰੋਹ ਦੀ ਤਿਆਰੀ ਵਿੱਚ ਜੁੱਟੀ ਹੋਈ ਸੀ। ਪਰ ਇਹ ਭਾਈਵਾਲੀ ਤਾਂ ਗਦਰ ਪਾਰਟੀ ਦੀ ਕਾਇਮੀ ਤੋਂ ਢਾਈ-ਤਿੰਨ ਦਹਾਕੇ ਪਹਿਲਾ ਪਰਪੱਕ ਹੋ ਚੁੱਕੀ ਸੀ। ਲੇਖਕ ਖ਼ੁਦ ਇਸ ਤੱਥ ਦਾ ਉਲੇਖ ਪਹਿਲੀ ਪੁਸਤਕ ਵਿੱਚ ਕਰ ਚੁੱਕਾ



ਹੈ।

ਅਜਮੇਰ ਸਿੰਘ ਨੇ 'ਸਿੱਖ ਪੰਥ ਦੀ ਅਜੋਕੀ ਦਸ਼ਾ' ਦੀ ਚਰਚਾ ਕਰਦਿਆਂ ਹਰ ਉਸ ਵਿਚਾਰ ਤੇ ਹਰ ਉਸ ਰਾਜਸੀ ਤੇ ਗੈਰ-ਰਾਜਸੀ ਆਗੂ ਦੀ ਸਖਤ ਅਲੋਚਨਾ ਕੀਤੀ ਹੈ। ਜਿਸਨੇ 'ਇਕ ਸਾਂਝੀ ਭਾਰਤੀ ਕੌਮ ਅਤੇ ਇਕ ਸੰਯੁਕਤ ਭਾਰਤ ਦੇ ਆਦਰਸ਼ ਨਾਲ ਵਫ਼ਾ ਨਿਭਾਉਣ ਦੀ ਗੱਲ ਕੀਤੀ ਹੈ। ਇਸ ਸੋਚ ਕਾਰਨ ਉਸਨੇ ਡਾ. ਗੰਡਾ ਸਿੰਘ ਵਲੋਂ ਲਿਖੇ ਗਏ ਸਿੱਖ ਇਤਿਹਾਸ ਉਤੇ ਟਿੱਪਣੀ ਕਰਦਿਆਂ ਇਥੋਂ ਤੱਕ ਕਿਹਾ ਹੈ ਕਿ ਉਨ੍ਹਾਂ ਦਾ ਮਨ ਸਿੱਖ ਕੌਮ ਪ੍ਰਸਤੀ ਦਾ ਹਾਮੀ ਸੀ ਪਰ ਦਿਮਾਗ ਭਾਰਤੀ ਰਾਸ਼ਟਰਵਾਦ ਦੀ ਗ੍ਰਿਫਤ ਤੋਂ ਮੁਕਤ ਨਾ ਹੋ ਸਕਿਆ। ਇਹ ਲੇਖਕ ਦੀ ਅੰਤਰਮੁਖਤਾ ਦੀ ਇੰਤਹਾ ਹੈ ਕਿ ਉਹ ਭਾਰਤੀ ਕੌਮ ਦੇ ਸੰਕਲਪ ਪ੍ਰਤੀ ਕਿਸੇ ਵਿਦਵਾਨ ਦੀ ਰਾਏ ਵੱਲ ਮੁਕੰਮਲ ਅਸਹਿਨਸ਼ੀਲਤਾ ਦਾ ਬੁਲਾਰਾ ਹੋ ਨਿਬੜਿਆ ਹੈ।

ਅਜਮੇਰ ਸਿੰਘ ਦੀ ਦਲੀਲਬਾਜ਼ੀ ਇਸ ਬਾਹਰਮੁਖੀ ਵਰਤਾਰੇ ਨੂੰ ਜਿਹੜਾ ਭਾਰਤੀ ਕੌਮ ਪ੍ਰਸਤੀ ਦੇ ਰੂਪ ਵਿੱਚ ਦੇਸ਼ ਵਿੱਚ ਵੀਹਵੀਂ ਸਦੀ ਦੇ ਆਰੰਭ ਵਿੱਚ ਸਾਹਮਣੇ ਆਇਆ, ਅੱਖੋ-ਪਰੋਖਾ ਨਹੀਂ ਕਰ ਸਕਦੀ। ਇਹ ਕਿਸੇ ਵਿਅਕਤੀ ਦੀ ਮਨੋਕਲਪਿਤ ਸੰਕਲਪ ਨਹੀਂ ਸੀ। ਇਹ ਅੰਗਰੇਜ਼ ਰਾਜ ਵਲੋਂ ਭਾਰਤ ਦੀ ਆਰਥਿਕ ਲੁੱਟ-ਖੋਹ ਅਤੇ ਦੇਸ਼ ਉੱਤੇ ਆਪਣਾ ਰਾਜਸੀ ਤੇ ਰਾਜ-ਪ੍ਰਬੰਧਕ ਕੰਟਰੋਲ ਕਾਇਮ ਰੱਖਣ ਦੇ ਅਮਲ ਵਿੱਚੋਂ ਪੈਦਾ ਹੋਇਆ ਸੀ।

ਲੇਖਕ ਅਨੁਸਾਰ 1947 ਵਿੱਚ ਸਿੱਖਾਂ ਵਲੋਂ ਆਪਣੀ ਹੋਣੀ ਨੂੰ "ਭਾਰਤ ਨਾਲ ਨੱਥੀ ਕਰਨ" ਦੇ ਨਤੀਜੇ ਵਜੋਂ ਉਨ੍ਹਾਂ ਲਈ ਇੱਕ ਵੱਡੀ ਵਿਚਾਰਧਾਰਕ ਅਤੇ ਮਨੋਵਿਗਿਆਨਕ ਗੁੰਝਲ ਖੜੀ ਹੋ ਗਈ ਸੀ। ਲੇਖਕ ਏਥੇ ਪੂਰੀ ਸੱਚਾਈ ਨੂੰ ਸਾਮ੍ਹਣੇ ਨਹੀਂ ਲਿਆ ਰਿਹਾ। ਸੱਚਾਈ ਇਹ ਹੈ ਕਿ ਜਿਵੇਂ ਕਿ ਪਹਿਲਾਂ ਨੋਟ ਕੀਤਾ ਗਿਆ ਹੈ ਕਿ ਸੱਤਾ ਭਾਰਤੀ ਹੱਥਾਂ ਵਿੱਚ ਸੌਂਪਣ ਸਮੇਂ ਦੋ ਮੁੱਖ ਧਿਰਾਂ ਕਾਂਗਰਸ ਅਤੇ ਮੁਸਲਿਮ ਲੀਗ ਵਿਚਕਾਰ ਸਮਝੌਤਾ ਨਾ ਹੋ ਸਕਣ ਕਾਰਨ ਪਹਿਲਕਦਮੀ ਅੰਗਰੇਜ਼ ਸਰਕਾਰ ਦੇ ਹੱਥਾਂ ਵਿਚ ਸੀ। ਸਵਾਲ ਤਾਂ ਉਸ ਸਮੇਂ ਸਿੱਖ ਲੀਡਰਸ਼ਿਪ ਦੀ ਭੂਮਿਕਾ ਦਾ ਹੈ, ਜਿਸ ਉਤੇ ਲੇਖਕ ਨੇ ਆਪਣੇ ਤਅੱਸਬੀ ਰਵੱਈਏ ਕਾਰਨ ਉਜਾਂ ਲਾ ਰਿਹਾ ਹੈ। ਇਨ੍ਹਾਂ ਦੂਸ਼ਣਾਂ ਦੇ ਉਲਟ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਨੇ ਆਪਸੀ ਮੱਤ-ਭੇਦਾਂ ਦੇ ਬਾਵਜੂਦ, ਪਹਿਲ ਇਸ ਗੱਲ ਨੂੰ ਦਿੱਤੀ ਕਿ ਦੇਸ਼ ਇਕ ਰੱਖਿਆ ਜਾਵੇ। ਸਿੱਖ ਲੀਡਰਸ਼ਿਪ ਵਿੱਚ ਉਸ ਸਮੇਂ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ. ਬਲਦੇਵ ਸਿੰਘ ਸ. ਹਰਨਾਮ ਸਿੰਘ ਸ਼ਾਮਿਲ ਸਨ। ਉਸ ਸਮੇਂ ਜਦ ਕਾਂਗਰਸ ਦੇਸ਼ ਨੂੰ ਵੰਡਣਾ, ਹਾਲਾਤ ਦਾ ਇੱਕ ਹੱਲ ਸਮਝਦੀ ਸੀ, ਸਿੱਖ ਆਗੂਆਂ ਦੀ ਸਪੱਸ਼ਟ ਤਰਜੀਹ ਦੇਸ਼ ਨੂੰ ਇੱਕ ਰੱਖਣ ਦੀ ਸੀ, ਵੰਡ ਦੇ ਵਿਰੋਧ ਵਿਚ ਸੀ। ਉਨ੍ਹਾਂ ਕਿਹਾ ਅਸੀਂ ਦੇਸ਼ ਨੂੰ ਇੱਕ ਰੱਖਣਾ ਚਾਹੁੰਦੇ ਹਾਂ ਪਰ ਜੇ ਦੇਸ਼ ਵੰਡਿਆ ਹੀ ਜਾਣਾ ਹੈ ਤਾਂ ਸਿੱਖ ਸਟੇਟ ਵੀ ਜ਼ਰੂਰ ਕਾਇਮ ਕੀਤੀ ਜਾਵੇ। ਸਿੱਖ ਲੀਡਰਸ਼ਿਪ ਦਾ ਇਹ ਪੈਂਤੜਾ ਦੇਸ਼ ਭਗਤੀ ਦੇ ਪੈਮਾਨੇ ਤੇ ਵੀ ਖਰਾ ਉਤਰਦਾ ਸੀ ਤੇ ਧਰਮ-ਨਿਰਪੇਖਤਾ

ਪ੍ਰਤੀ ਤਰਜੀਹ ਵੀ ਦਰਸਾਉਂਦਾ ਸੀ। ਪਰ ਇਹ ਸੰਭਵ ਨਾ ਹੋ ਸਕਿਆ। ਸਿੱਖ ਆਗੂਆਂ ਦੀ ਇਸ ਦਲੀਲ ਦਾ ਜਵਾਬ ਨਾ ਅੰਗਰੇਜ਼ਾਂ ਕੋਲ ਸੀ ਤੇ ਨਾ ਕਾਂਗਰਸ ਕੋਲ ਕਿ ਜੇ ਦੇਸ਼ ਇਸ ਅਧਾਰ ਉੱਤੇ ਵੰਡਿਆ ਜਾ ਰਿਹਾ ਹੈ ਕਿ ਮੁਸਲਮਾਨ ਭਾਈਚਾਰਾ ਹਿੰਦੂ ਮਲਬੇ ਵਾਲੇ ਭਾਰਤ ਵਿਚ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਰੱਖ ਸਕਦਾ ਤਾਂ ਫੇਰ ਕਿਉਂਕਿ ਸਿੱਖ ਭਾਈਚਾਰਾ ਮੁਸਲਿਮ ਬਹੁ-ਗਿਣਤੀ ਵਾਲੇ ਪੰਜਾਬ ਵਿਚ ਸੁਰਖਿਅਤ ਨਹੀਂ ਹੋਵੇਗਾ, ਇਸ ਲਈ ਸਿੱਖਾਂ ਨੂੰ ਵੀ ਉਨ੍ਹਾਂ ਦਾ ਆਪਣਾ ਰਾਜ ਅਥਵਾ ਸਿੱਖ ਸਟੇਟ ਚਾਹੀਦੀ ਹੈ। ਪਰ ਇਹ ਕਠੋਰ ਹਕੀਕਤ ਇਸ ਮੰਗ ਦੇ ਵਿਰੁੱਧ ਭੁਗਤਦੀ ਸੀ ਕਿ ਸਿੱਖ ਬਹੁ-ਗਿਣਤੀ ਕੇਵਲ ਦੋ ਤਹਿਸੀਲਾਂ, ਮੋਗਾ ਤੇ ਤਰਨਤਾਰਨ ਵਿਚ ਸੀ, ਜਿਹੜੀਆਂ ਵੀ ਇਕ ਦੂਜੀ ਨਾਲ ਜੁੜੀਆਂ ਹੋਈਆਂ ਨਹੀਂ ਸਨ। ਇਓਂ ਫ਼ਿਰਕੂ ਆਧਾਰ ਉਤੇ ਹੋ ਰਹੀ ਦੇਸ਼ ਦੀ ਵੰਡ ਵਿੱਚ ਸਿੱਖਾਂ ਦੀ ਪੁਜੀਸ਼ਨ ਡਾਢੀ ਕਮਜ਼ੋਰ ਸੀ। ਜ਼ਮੀਨੀ ਹਰੀਕਤਾਂ ਨੇ ਉਨ੍ਹਾਂ ਲਈ ਵੱਖਰੇ ਰਾਜ ਦਾ ਰਾਹ ਬੰਦ ਕਰ ਦਿੱਤਾ ਸੀ। ਇਸ ਲਈ ਇਹ ਗੱਲ ਤਾਂ ਕਿਸੇ ਤਰ੍ਹਾਂ ਵੀ ਠੀਕ ਨਹੀਂ ਸੀ ਕਿ ਸਿੱਖ ਆਗੂਆਂ ਨੇ ਆਪਣਾ ਕੇਸ ਸਪੱਸ਼ਟਤਾ ਅਤੇ ਈਮਾਨਦਾਰੀ ਨਾਲ ਨਹੀਂ ਰੱਖਿਆ ਸੀ।

ਲੇਖਕ ਸਿੱਖ ਭਾਈਚਾਰੇ ਵਲੋਂ ਕੀਤੀ ਜਾਂਦੀ ਅਰਦਾਸ ਦੇ ਸ਼ਬਦ ਦੁਹਰਾਉਂਦਿਆਂ ਕਹਿੰਦਾ ਹੈ ਕਿ ਉਨ੍ਹਾਂ ਦੇ ਦਿਲਾਂ ਅੰਦਰ ਰੋਜਾਨਾਂ "ਖਾਲਸਾ ਰਾਜ ਦੀ ਬਹਾਲੀ ਦਾ ਖਿਆਲ ਅੰਗੜਾਈਆਂ ਲੈਣ ਲੱਗ ਜਾਂਦਾ ਹੈ।" ਅਰਦਾਸ ਦਾ ਜ਼ਿਕਰ ਉਹ ਡਾ. ਜਸਵੰਤ ਸਿੰਘ ਨੇਕੀ ਦੀ ਇਸ ਸੰਬੰਧੀ ਲਿਖਤ ਦੇ ਹਵਾਲੇ ਨਾਲ ਕਰਦਾ ਹੈ। ਪਰ ਡਾ. ਨੇਕੀ ਤਾਂ ਅਜਿਹੀ ਗੱਲ ਕਿਤੇ ਨਹੀ ਕਹਿੰਦੇ ਕਿ ਸਿੱਖ ਦਿਲਾਂ ਵਿਚ ਅਜਿਹਾ ਜਜ਼ਬਾ ਉਤਪੰਨ ਹੁੰਦਾ ਹੈ। ਏਥੇ ਵੀ ਲੇਖਕ ਸਮੁੱਚੇ ਸੰਦਰਭ ਨਾਲੋਂ ਤੋੜ ਕੇ ਆਪਣੀ ਮਰਜ਼ੀ ਦੇ ਨਤੀਜੇ ਕੱਢਦਾ ਹੈ। ਇਉਂ ਤਾਂ ਅਰਦਾਸ ਕਰਦੇ ਸਮੇਂ ਸੰਤ ਭਿੰਡਰਾਂਵਾਲੇ ਦੇ ਕਾਤਿਲ ਟੋਲੇ ਵੀ "ਸਰਬੱਤ ਦੇ ਭਲੇ" ਦੀ ਕਾਮਨਾ ਕਰਦੇ ਸਨ। ਪਰ ਕੀ ਬੇਕਸੂਰ ਲੋਕਾਂ ਦੇ ਅਚਾਨਕ ਕੀਤੇ ਕਤਲ ਵੀ ਇਸੇ ਦਾ ਪ੍ਰਮਾਣ ਸਨ?

ਇਸ ਲੜੀ ਦੀ ਤੀਜੀ ਪੁਸਤਕ ਵਿੱਚ ਲੇਖਕ ਨੇ ਪੰਜਾਬ ਦੇ ਸੰਕਟ ਦੇ ਦੌਰ ਨੂੰ 'ਇਤਿਹਾਸ ਨਾਲ ਲੱਦਿਆ' ਦੌਰ ਕਿਹਾ ਹੈ। ਉਸ ਅਨੁਸਾਰ 1984 ਸਿੱਖਾਂ ਦੇ ਹਿਰਦਿਆਂ ਵਿੱਚ 'ਖੰਜਰ' ਬਣਕੇ ਖੁਭਿਆ ਹੋਇਆ ਹੈ। ਜਿਸਦੇ ਹਵਾਲੇ ਤੋਂ ਬਗੈਰ ਭੂਤ, ਵਰਤਮਾਨ ਅਤੇ ਭਵਿੱਖ ਕੁਝ ਵੀ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ। ਪਰ ਇਸ ਧਾਰਨਾ ਨੂੰ ਜੇ ਵਰਤਮਾਨ ਸਥਿਤੀ ਦੀਆਂ ਅਸਲ ਹਾਲਤਾਂ ਨਾਲ ਮੇਚ ਕੇ ਵੇਖਿਆ ਜਾਵੇ ਤਾਂ ਇਹ ਯਥਾਰਥਕ ਨਾਲੋਂ ਮਨੋ ਕਲਪਿਤ ਵਧੇਰੇ ਹੈ। ਪਿੱਛਲੀ ਚੌਥਾਈ ਸਦੀ ਵਿੱਚ ਸਿੱਖਾਂ ਨੇ ਹਰ ਤਰ੍ਹਾਂ ਦੀ ਰਾਜਸੀ ਸਥਿਤੀ ਵਿੱਚ ਆਪਣੀ ਭੂਮਿਕਾ ਨਿਭਾਈ ਹੈ। ਸਿਵਾਏ ਇਕ ਵਾਰ ਦੇ ਸਿੱਖਾਂ ਦੀ ਕਿਸੇ ਰਾਜਸੀ ਪਾਰਟੀ ਨੇ ਚੋਣਾਂ ਦੇ ਬਾਈਕਾਟ ਦਾ ਤਾਂ ਨਾਅਰਾ ਵੀ ਨਹੀਂ ਦਿੱਤਾ। ਅਕਾਲੀ ਦਲ (ਬਾਦਲ) ਵਲੋਂ ਇੱਕ ਤੋਂ ਵੱਧ ਵਾਰ ਸਰਕਾਰ ਬਣਾਈ ਗਈ ਹੈ। ਇਹ ਦਲ ਹੁਕਮਰਾਨ ਦੀ ਭੂਮਿਕਾ



ਨਵੀਂ ਵਿਧਾਨ ਅਨੁਸਾਰ ਹੀ ਨਿਭਾਉਂਦਾ ਰਿਹਾ ਹੈ। ਸਿੱਖ 1984 ਨੂੰ ਭੁਲਾਉਂਦੇ ਤਾਂ ਨਹੀਂ ਪਰ ਉਹ ਤੇ ਪੰਜਾਬੀਆਂ ਦੇ ਗੈਰ-ਸਿੱਖਾਂ ਵਰਗ ਉਹਨਾਂ ਘਟਨਾਵਾਂ ਦੇ ਅਸਲ ਨਤੀਜਿਆਂ ਨੂੰ ਵੀ ਸਾਹਮਣੇ ਰੱਖਦੇ ਹਨ ਤੇ ਰੱਖਣਗੇ ਅਤੇ ਅਸਲ ਸਿੱਟੇ ਇਹ ਹਨ ਕਿ ਦਹਿਸ਼ਤਗਰਦੀ ਦੀ ਉਸ ਸਮੇਂ ਚੱਲੀ ਹਨੇਰੀ ਨੂੰ ਸਮੇਂ ਸਿਰ ਹੀ ਰੋਕਣਾ ਚਾਹੀਦਾ ਸੀ। ਲੇਖਕ ਇੱਕ ਪੁੱਠਾ ਤਰਕ ਪੇਸ਼ ਕਰਦਿਆਂ ਇਸ ਹਨੇਰੀ ਨੂੰ 'ਬਲਿਊ ਸਟਾਰ' ਦਾ ਪ੍ਰਤੀਕਰਮ ਕਹਿੰਦਾ ਹੈ, ਜਦ ਕਿ ਵਾਸਤਵਿਕ ਵਿੱਚ 'ਬਲਿਊ ਸਟਾਰ' ਇਸ ਹਨੇਰੀ ਦਾ ਹੀ ਪ੍ਰਤੀਕਰਮ ਸੀ।

ਲੇਖਕ ਦੀ ਇਹ ਸੋਚ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਕਿ "ਭਾਰਤ ਦੇ ਹਾਕਮਾਂ ਦੀ ਬੁਨਿਆਦੀ ਕੀਤੀ ਸਿੱਖਾਂ ਦੇ ਵਿਰੋਧ ਨੂੰ ਪੂਰੀ ਤਰ੍ਹਾਂ ਮਸਲ ਦੇਣ ਦੀ ਹੈ।" ਜੇ ਸੱਚਾਈ ਇਹ ਹੀ ਹੋਵੇ ਤਾਂ ਸਿੱਖਾਂ ਕੋਲ ਨਾ ਆਰਥਿਕ ਸਾਧਨ ਹੋਣ, ਨਾ ਸਮਝਦਾਰ ਰੁਤਬਾ ਹੋਵੇ ਅਤੇ ਨਾ ਹੀ ਉਨ੍ਹਾਂ ਦਾ ਰਾਜਸੱਤਾ ਵਿੱਚ ਕੋਈ ਦਖਲ ਅਥਵਾ ਹਿੱਸਾ ਹੋਵੇ। ਪਰ ਹਰੀਕਤ ਇਸ ਦੇ ਉਲਟ ਹੈ। ਉਹਨਾਂ ਕੋਲ ਇਹ ਸਭ ਕੁਝ ਹੈ। ਸਿੱਖ ਇਸ ਦੇਸ਼ ਦਾ ਰਾਸ਼ਟਰਪਤੀ ਰਹਿ ਚੁੱਕਾ ਹੈ ਅਤੇ ਹੁਣ ਪ੍ਰਧਾਨ ਮੰਤਰੀ ਵੀ ਹੈ। ਸਨਅਤ ਵਿੱਚ ਵਪਾਰ ਵਿੱਚ, ਫੌਜ ਅਤੇ ਸਿਵਲ ਵਿੱਚ ਉਤਲੇ ਪੱਧਰ ਦੀਆਂ ਨੌਕਰੀਆਂ ਵਿੱਚ, ਸਿੱਖਾਂ ਦਾ, ਦੇਸ਼ ਦੀ ਵਸੋਂ ਵਿੱਚ ਉਨ੍ਹਾਂ ਦੀ ਤਨਾਸਬ ਦੇ ਹਿਸਾਬ ਨਾਲ ਬਹੁਤ ਵੱਡਾ ਹਿੱਸਾ ਹੈ।

ਪੰਜਾਬ ਸੰਕਟ ਸਮੇਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਲੋਂ ਅਪਨਾਈ ਗਈ ਨੀਤੀ ਦੀ ਅਲੋਚਨਾ ਕਰਦਿਆਂ ਅਜਮੇਰ ਸਿੰਘ ਨੇ ਉਨ੍ਹਾਂ ਉੱਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਖੱਬੀਆਂ ਤਾਕਤਾਂ ਨੂੰ ਖਾੜਕੂ ਸਿੱਖ ਸੰਘਰਸ਼ ਵਿਰੁੱਧ ਹਥਿਆਰਬੰਦ ਟੱਕਰ ਲਈ ਕੁਰਾਹੇ ਵੱਲ ਧੱਕਿਆ ਅਤੇ ਇਓਂ ਭਾਰਤ ਦੇ ਹੁਕਮਰਾਨ ਵਰਗ ਦੀ ਫਿਰਕੂ ਤੇ ਫਾਸੀਵਾਦੀ ਰਾਜਨੀਤੀ ਦਾ ਖਾਜਾ ਬਣਾਇਆ। ਅਸਲੀਅਤ ਜਿਵੇਂ ਕਿ ਸਭ ਜਾਣਦੇ ਹਨ ਇਹ ਸੀ ਕਿ ਕਮਿਊਨਿਸਟ ਕਾਰਕੁੰਨ ਪੰਜਾਬ ਸੰਕਟ ਦੇ ਗੱਲਬਾਤ ਰਾਹੀਂ ਹੱਲ ਲਈ ਮੁਹਿੰਮ ਵਿੱਚ ਜੁਟੇ ਹੋਏ ਸਨ। ਇਹੋ ਗੱਲ ਖ਼ਾਲਿਸਤਾਨੀ ਦਹਿਸ਼ਤਗਰਦਾਂ ਲਈ ਸਹਿਨਯੋਗ ਨਹੀਂ ਸੀ ਤੇ ਉਨ੍ਹਾਂ ਕਮਿਊਨਿਸਟਾਂ ਨੂੰ ਆਪਣਾ ਨਿਸ਼ਾਨਾਂ ਬਣਾਇਆ। ਉਹਨਾਂ ਕਤਲਾਂ ਲਈ ਜਿਹੜੇ ਖਾੜਕੂਆਂ ਨੇ ਐਲਾਨੀਆਂ ਕੀਤੇ ਅਜਮੇਰ ਸਿੰਘ ਉਲਟਾ ਕਾਮਰੇਡ ਸੁਰਜੀਤ ਸਿੰਘ ਨੂੰ ਦੋਸ਼ ਦੇ ਰਿਹਾ ਹੈ। ਉਸਨੇ ਇੰਦਰਾਂ ਗਾਂਧੀ ਦੇ ਕਤਲ ਨੂੰ ਬੇਅੰਤ ਸਿੰਘ ਤੇ ਕਿਹਰ ਸਿੰਘ ਦਾ "ਕਾਰਨਾਮਾ" ਕਿਹਾ ਹੈ। ਜਿਹੜਾ ਉਸਦੇ ਆਖੇ ਅਨੁਸਾਰ ਸਿੱਖ ਇਤਿਹਾਸ ਦਾ ਇੱਕ ਹੋਰ ਗੌਰਵਸ਼ਾਲੀ ਕਾਂਡ ਸੀ ਤੇ ਸਿੱਖਾਂ ਲਈ ਪ੍ਰੇਰਨਾ ਦਾ ਸਰੋਤ"। ਇੱਕ ਬੇਹਥਿਆਰ ਇਸਤਰੀ ਦਾ ਉਸਦੇ ਆਪਣੇ ਹੀ ਅੰਗ-ਰਖਿਅਕਾਂ ਹੱਥੋਂ, ਜਿਨ੍ਹਾਂ ਉਤੇ ਉਸਦੀ ਰਾਖੀ ਦੀ ਜ਼ਿੰਮੇਵਾਰੀ ਸੀ, ਮਾਰਿਆ ਜਾਣਾ, ਜਿਸਦੀ ਉਦਾਹਰਣ ਸੰਸਾਰ ਇਤਿਹਾਸ ਵਿੱਚ ਵੀ ਵਿਰਲੀ ਮਿਲਦੀ ਹੈ, ਸਿੱਖ ਇਤਿਹਾਸ ਦਾ ਗੌਰਵ ਕਿਵੇਂ ਬਣ ਸਕਦਾ ਸੀ। ਸਿੱਖ ਇਤਿਹਾਸ ਤਾਂ ਮਜ਼ਲੂਮਾਂ ਦੀ ਰਾਖੀ ਦਾ ਇਤਿਹਾਸ ਰਿਹਾ ਹੈ। ਇੰਦਰਾ

ਗਾਂਧੀ ਦੇ ਕਾਤਿਲਾਂ ਦੀ ਕਾਰਵਾਈ ਤਾਂ ਸਗੋਂ ਬੁਜ਼ਦਿਲਾਨਾ ਸੀ।

ਅਜਮੇਰ ਸਿੰਘ ਦੀਆਂ ਤਿੰਨਾਂ ਪੁਸਤਕਾਂ ਵਿੱਚ ਸਿੱਖ ਕੌਮ ਦਾ ਸੰਕਲਪ ਤੇ ਇਸ ਕੌਮ ਵਲੋਂ ਇੱਕ ਵਿਸ਼ੇਸ਼ ਭੂਗੋਲਿਕ ਖਿੱਤੇ ਵਿੱਚ ਰਾਜ-ਸੱਤਾ ਦੀ ਸਥਾਪਤੀ ਦਾ ਲਕਸ਼ ਵਿਦਮਾਨ ਹੈ ਪਰ ਉਸ ਨੇ ਕਿਸੇ ਥਾਂ ਵੀ ਇਸ ਸ਼ਬਦ ਦੀ ਵਿਆਖਿਆ ਨਹੀਂ ਕੀਤੀ। ਉਸਨੇ ਪੰਜਾਬੀ ਕੌਮ ਦੀ ਥਾਂ ਸਿੱਖ ਕੌਮ ਵਰਤ ਕੇ ਦੋਹਾਂ ਸੰਕਲਪਾਂ ਨੂੰ ਗਲਗੱਡ ਕਰ ਦਿੱਤਾ ਹੈ। ਇਸ ਨਾਲ ਪਾਠਕਾਂ ਦੇ ਪੱਲੇ ਜ਼ਰਾ ਜਿੰਨੀ ਸਪੱਸ਼ਟਤਾ ਵੀ ਨਹੀਂ ਪੈਂਦੀ। ਸਮਕਾਲੀ ਰਾਜਸੀ ਵਰਤਾਰਿਆਂ ਨੂੰ ਧਿਆਨ ਵਿੱਚ ਰੱਖਦਿਆਂ ਮੁੱਖ ਸਵਾਲ ਇਹ ਹੋਵੇਗਾ ਕਿ ਇਸ ਭੂਗੋਲਿਕ ਖਿੱਤੇ ਵਿੱਚ ਗੈਰ-ਸਿੱਖ ਪੰਜਾਬੀਆਂ ਦਾ ਕੀ ਸਥਾਨ ਹੈ ਤੇ ਕੀ ਹੋਵੇਗਾ? ਅਜਮੇਰ ਸਿੰਘ ਇਸ ਸਵਾਲ ਦਾ ਜੁਆਬ ਦੇਣ ਤੋਂ ਪਾਸਾ ਵੱਟਦਾ ਹੈ।

ਇਹਨਾਂ ਪੁਸਤਕਾਂ ਬਾਰੇ ਪੱਤਰਕਾਰ ਅਤੇ ਚਿੰਤਕ ਜਸਵੀਰ ਸਮਰ ਦੀ ਇਹ ਟਿੱਪਣੀ ਬਿਲਕੁਲ ਢੁਕਵੀਂ ਹੈ ਕਿ ਇਹਨਾਂ ਦੇ ਲੇਖਕ ਨੇ 'ਭੁਲੇਖੇ' ਪਾਏ ਹਨ ਅਤੇ ਉਹ ਅਕਸਰ ਗੱਲਾਂ ਨੂੰ ਸਮੁੱਚੇ ਹਾਲਾਤ ਨਾਲੋਂ ਤੋੜ ਕੇ ਆਪਣੇ ਹਿਸਾਬ ਨਾਲ ਪੇਸ਼ ਕਰਦਾ ਹੈ। ਕੂਕਿਆਂ, ਪਗੜੀ ਸੰਭਾਲ ਜੱਟਾ, ਦੇ ਆਗੂਆਂ, ਗਦਰੀਆਂ, ਬੱਬਰ ਅਕਾਲੀਆਂ ਤੇ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਕਾਰਜਾਂ ਨੂੰ ਉਹ ਸਮੁੱਚੇ ਹਲਾਤਾਂ ਨਾਲੋਂ ਤੋੜ ਕੇ ਪੰਜਾਬੀ ਅਤੇ ਸਿੱਖ ਵਿਰੋਧੀ ਆਖਣ ਤੱਕ ਚਲਾ ਜਾਂਦਾ ਹੈ।"

ਇਸ ਲੜੀ ਦੀ ਤੀਜੀ ਪੁਸਤਕ ਦੇ ਅਖ਼ੀਰ ਉੱਤੇ ਲੇਖਕ ਨੇ 1985 ਵਿੱਚ ਉਨ੍ਹਾਂ ਸਾਰੇ ਖ਼ਾਲਿਸਤਾਨੀ ਦਹਿਸ਼ਤਗਰਦਾਂ ਦੇ ਪੰਜਾਬ ਵਿੱਚ ਪਰਤ ਆਉਣ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਦੇ ਖਾੜਕੂ ਸਫਾਂ ਵਿੱਚ ਸ਼ਾਮਿਲ ਹੋਣ ਦੀ ਗੱਲ ਕੀਤੀ ਹੈ। ਉਹ ਪੰਜਾਬ ਵਿੱਚ ਲੜੀ ਜਾਣ ਵਾਲੀ ਘਮਸਾਨ ਦੀ ਇੱਕ ਲੜਾਈ ਦਾ ਜ਼ਿਕਰ ਕਰਦਾ ਹੈ, ਜਿਸ ਦਾ ਉਸਦੇ ਆਖੇ ਅਨੁਸਾਰ ਪਿੜ ਬੱਝ ਚੁੱਕਾ ਹੈ।" ਇਸ ਗੱਲ ਵਿੱਚ ਤਾਂ ਸ਼ੱਕ ਨਹੀਂ ਕਿ ਸਿੱਖਾਂ ਅੰਦਰ ਭਿੰਡਰਾਂਵਾਲੇ ਦਾ ਪ੍ਰਭਾਵ ਅਜੇ ਵੀ ਮੌਜੂਦ ਹੈ ਪਰ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਨਿਸ਼ਚੇ ਹੀ ਬਹੁਤ ਘੱਟ ਗਈਆਂ ਹਨ। ਭਾਂਵੇ ਅਜਿਹੇ ਟਾਂਵੇਂ-ਟਾਂਵੇਂ ਐਕਸ਼ਨ ਹੁਣ ਵੀ ਹੁੰਦੇ ਹਨ ਤੇ ਪੁਲਿਸ ਸੰਬੰਧਿਤ ਖਾਲਿਸਤਾਨੀਆਂ ਨੂੰ ਗ੍ਰਿਫਤਾਰ ਵੀ ਕਰਦੀ ਹੈ ਅਤੇ ਉਨ੍ਹਾਂ ਉਤੇ ਮੁਕੱਦਮੇ ਵੀ ਚਲਾਉਂਦੀ ਹੈ। ਫੇਰ ਵੀ ਇਹ ਕਹਿਣਾ ਡਾਢੀ ਅਤਿਕਥਨੀ ਹੋਵੇਗੀ ਕਿ 'ਪਿੜ' ਬੱਝ ਚੁੱਕਾ ਹੈ ਤੇ ਅਸੀਂ ਇੱਕ ਵਾਰ ਫੇਰ ਇਕ ਨਵੇਂ ਸ਼ੰਘਰਸ਼ ਦੀਆਂ ਬਰੂਹਾਂ ਉਤੇ ਹਾਂ। ਦਹਿਸ਼ਤਗਰਦਾਂ ਦੀ ਤਾਕਤ ਕੁਝ ਹਜ਼ਾਰ ਤੋਂ ਵੱਧ ਨਹੀਂ। ਰਾਜ-ਸੱਤਾ ਨਾਲ ਮੱਥਾ ਲਾਉਣਾ ਤੇ ਅਜਿਹੇ ਟਕਰਾਅ ਵਿੱਚੋਂ ਆਪਣੇ ਲਈ ਮੁਆਫਕ ਨਤੀਜੇ ਕੱਢ ਸਕਣਾ ਹੁਣ ਉਨ੍ਹਾਂ ਦੇ ਵੱਸ ਨਹੀਂ।

**1126, ਸੈਕਟਰ 71, ਮੋਹਾਲੀ-160071 ਫੋਨ 98152-97080**



## ਐ ਭੁਪਾਲ

ਐ ਭੁਪਾਲ
ਤੇਰੇ ਮੁਰਦਿਆਂ ਲਈ
ਕੋਈ ਨਾ ਰੋਇਆ
ਕਿਸੇ ਨਾ ਹਾਅ ਦਾ ਨਾਹਰਾ ਲਾਇਆ।
ਨੇਅਲੀ ਵਿਚ 'ਮੁਸਲੇ' ਮਰੇ ਸਨ
ਆਸਾਮੀਆਂ ਦੇ ਨਾਮ ਉਹ ਲੱਗੇ
ਭਿਵੰਡੀ ਵਿਚ ਜਦੋਂ ਲਾਸ਼ਾਂ ਰੁਲੀਆਂ
ਸ਼ਿਵ-ਸੈਨਾ ਦੇ ਸਿਰ ਉਹ ਮੜ੍ਹੀਆਂ
"ਸਿੰਘ-ਅਤਿਵਾਦੀ", ਹਿੰਦੂ ਕੋਹੇ
"ਸਰਕਾਰੀ-ਫੌਜਾਂ" ਹਰਿ-ਮੰਦਰ ਢਾਇਆ
"ਮਾਂ" ਦਾ ਕਤਲ "ਸਰਦਾਰਾਂ" ਕੀਤਾ
ਉਹਨਾਂ ਦਾ ਲਹੂ ਫਿਰ "ਹਿੰਦੂਆਂ" ਪੀਤਾ
ਹਰ ਕੋਈ ਕੋਈ ਦੋਸ਼ੀ ਥਾਪਿਆ
ਪਰ ਜਦੋਂ
ਗੈਸ ਨਾਲ ਕੁਹਰਾਮ ਹੋ ਗਿਆ
ਲਾਸ਼ਾਂ ਸਾਰੀਆਂ ਗੱਡ-ਮੱਡ ਹੋਈਆਂ
ਧਰਮ-ਜ਼ਾਤ ਨਾ ਗਈ ਪਛਾਣੀ
ਦੋਸ਼ੀ ਕਿਸੇ ਨੂੰ ਨਜ਼ਰ ਨਾ ਆਇਆ।
ਉਹ ਤਾਂ ਸਿਰਫ਼ ਮਨੁੱਖ ਮਰੇ ਸਨ
ਮਨੁੱਖਾਂ ਲਈ ਇੱਥੇ
ਕੋਈ ਨਹੀਂ ਰੋਂਦਾ
ਭੁਪਾਲ ਲਈ ਫਿਰ ਕੋਈ ਨਹੀਂ ਰੋਂਦਾ।

## ਦੋ ਰਾਹਾਂ

ਹੱਕ ਸੱਚ ਦਾ
ਹੋਕਾ ਲਾਉਣਾ
ਬਾਗੀ ਹੋਣਾ
ਘਰ ਘਾਟ ਲੁਟਾਉਣਾ
ਪੁੱਠੇ ਲਟਕ ਸਿਰ, ਚੰਮ ਲੁਹਾਉਣਾ।

ਡਰ ਕੇ, ਲਲਚਾ ਕੇ
ਚੁੱਪ ਹੋ ਬਹਿਣਾ
ਸਭ ਕੁਝ ਸਹਿਣਾ
ਸਾਹ ਸਾਹ ਧੁਖਣਾ
ਕੁਝ ਨਾ ਕਹਿਣਾ
ਤਿਲ ਤਿਲ ਮਰਦਿਆਂ
ਜਿਊਂਦੇ ਰਹਿਣਾ।

ਦੋਨੋਂ ਪਾਸੇ ਮੌਤ ਖੜ੍ਹੀ ਹੈ
ਤਾਂ ਕਿਉਂ ਡਰਨਾ
ਘੁੱਟ ਘੁੱਟ ਮਰਨਾ
ਕੁਝ ਕਰ ਦੱਸੀਏ
ਕੁਝ ਦਸ ਸਕੀਏ
ਸੀਸ ਉਠਾ
ਮੜ੍ਹਕ ਨਾਲ ਜਿਊਣਾ।

ਨ. ਸ. ਰਤਨ
**(168/33 ਏ, ਚੰਡੀਗੜ੍ਹ 160020)**

## ਗ਼ਜ਼ਲ

**- ਹਮਾਯੌਂ ਪ੍ਰਵੇਜ਼ ਸ਼ਾਹਿਦ**

ਗ਼ਮਾਂ ਦਾ ਘੇਰਾ ਮਿਰੇ ਚੁਫੇਰੇ ਬੜੇ ਦਿਨਾਂ ਤੋਂ
ਪਤਾ ਨਹੀਂ ਕਿਸ ਦਿਨ ਨਿਜਾਤ ਹੋਣੀ ਉਦਾਸੀਆਂ ਤੋਂ।

ਜਰੇ ਨੇ ਕਿੰਨੇ ਅਜ਼ਾਬ ਮੰਜ਼ਿਲ ਨੂੰ ਛੂਹਣ ਤੀਕਰ,
ਜੋ ਹੋ ਸਕੇ ਤੇ ਪੁੱਛ ਕੇ ਵੇਖੋ ਮੁਸਾਫਰਾਂ ਤੋਂ।

ਖਲੂਸ ਦੌਲਤ ਦੇ ਨਾਲ ਝੋਲੀ ਜੋ ਸਭ ਦੀ ਭਰਦਾ,
ਜ਼ਰਾ ਨਹੀਂ ਡਰਦਾ ਕਦੇ ਵੀ ਉਹ ਤੇ ਮੁਨਾਫਕਤਾ ਤੋਂ।

ਪਤਾ ਉਹ ਦੱਸਦਾ ਪਿਆ ਏ ਮੈਨੂੰ ਤੇ ਮੰਜ਼ਿਲਾਂ ਦਾ,
ਜੋ ਹਾਰਿਆ ਏ ਹਮੇਸ਼ਾ ਬਾਜ਼ੀ ਮੁਕੱਦਰਾਂ ਤੋਂ।

ਜੋ ਜ਼ਿੰਦਗੀ ਨੂੰ ਤਲੀ ਤੇ ਧਰ ਕੇ ਘਰੋਂ ਨਿਕਲੇ,
ਉਹ ਖੌਫ਼ ਖਾਂਦੇ ਨਹੀਂ, ਗੋਲੀਆਂ ਤੇ ਸੂਲੀਆਂ ਤੋਂ।

ਉਹ ਜ਼ਰਦ ਰੁੱਤਾਂ ਦੇ ਵਿਚ ਵੀ 'ਸ਼ਾਹਦ' ਨਾ ਹੋਣ ਪੀਲੇ,
ਬਚਾ ਕੇ ਰੱਖਦੇ ਹਮੇਸ਼ਾ ਦਿਲ ਨੂੰ ਜੋ ਲਾਲਚਾਂ ਤੋਂ।

**"ਸ਼ੌਕ ਸਫ਼ਰ ਦਾ" ਗ਼ਜ਼ਲ ਸੰਗ੍ਰਹਿ ਵਿਚੋਂ**

**ਬੀ-64, ਮੁਹੱਲਾ ਇਸਲਾਮ ਖਾਂ, ਲਾਹੌਰ**

## ਸੋਗ ਸਮਾਚਾਰ

ਇਹਨੀਂ ਦਿਨੀਂ ਆਸਟਰੇਲੀਆ ਨਿਵਾਸੀ ਲੋਕ-ਕਵੀ ਮਾਸਟਰ ਦਰਸ਼ਨ ਸਿੰਘ ਅਤੇ ਲੁਧਿਆਣਾ ਨਿਵਾਸੀ ਸ੍ਰੀ ਪ੍ਰਦੁੱਮਣ ਸਿੰਘ ਬੇਦੀ ਸੰਪਾਦਕ 'ਮੀਰ' ਦੇ ਚਲਾਣੇ ਦੀਆਂ ਦੁਖਦਾਈ ਖ਼ਬਰਾਂ ਮਿਲੀਆਂ ਹਨ। ਅਸੀਂ ਪੀੜਤ ਪਰਿਵਾਰਾਂ ਦੇ ਦਰਦ ਵਿਚ ਸ਼ਾਮਿਲ ਹੁੰਦੇ ਹੋਏ, ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। – ਸੰਪਾਦਕੀ ਮੰਡਲ





# ਇਨਕਲਾਬੀ ਵਿਰਾਸਤ ਦਾ ਦਸਤਾਵੇਜ਼: 'ਗ਼ਦਰ ਲਹਿਰ ਦੇ ਅਣਫੋਲੇ ਵਰਕੇ'

**- ਡਾ. ਭੀਮ ਇੰਦਰ ਸਿੰਘ**

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅਗਸਤ, 1989 ਵਿੱਚ ਪਹਿਲੀ ਵਾਰ ਪ੍ਰਕਾਸ਼ਤ, ਬਾਬਾ ਭਗਤ ਸਿੰਘ ਬਿਲਗਾ ਵੱਲੋਂ ਲਿਖੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਗ਼ਦਰ ਪਾਰਟੀ ਦੇ ਇਤਿਹਾਸ (1908 ਤੋਂ 1952) ਅਤੇ ਸਿਆਸਤ ਦਾ ਇਕ ਅਜਿਹਾ ਦਸਤਾਵੇਜ਼ ਹੈ, ਜਿਸ ਵਿੱਚ ਇੱਕ ਵਿਸ਼ੇਸ਼ ਨੀਤੀ ਤਹਿਤ ਗ਼ਦਰੀਆਂ ਦੀ ਸੂਝ, ਸਿਧਾਂਤ ਅਤੇ ਪ੍ਰਤੀਬੱਧਤਾ ਨੂੰ ਪ੍ਰਸਤੁਤ ਕੀਤਾ ਗਿਆ ਹੈ। ਲਗਭਗ 120 ਸੰਖੇਪ ਮਜ਼ਮੂਨਾਂ ਵਿੱਚ ਵੰਡੀ ਇਸ ਪੁਸਤਕ ਵਿਚ ਗ਼ਦਰ, ਲਾਲ ਪਾਰਟੀ ਅਤੇ ਕਿਰਤੀ ਪਾਰਟੀ ਤੋਂ ਇਲਾਵਾ ਪੈਪਸੂ ਦੀ ਮੁਜ਼ਾਰਾ ਲਹਿਰ ਦੇ ਸੰਗਠਨ, ਵਿਗਠਨ, ਵਿਚਾਰਧਾਰਾ, ਗ਼ਦਰੀ ਕਿਰਦਾਰ, ਯੁੱਧ-ਨੀਤੀ, ਅਖ਼ਬਾਰ ਅਤੇ ਪ੍ਰਚਾਰ ਦਾ ਮਹੱਤਵ, ਗੁਰੀਲਾ ਹਥਿਆਰਬੰਦ ਬਗ਼ਾਵਤ, ਕਾਰਜ-ਵਿਧੀ ਆਦਿ ਪਹਿਲੂਆਂ ਵੱਲ ਸਾਡਾ ਧਿਆਨ ਖਿੱਚਿਆ ਗਿਆ ਹੈ। ਪੁਸਤਕ ਵਿੱਚ ਪ੍ਰਸਤੁਤ ਵੱਖ-ਵੱਖ ਵੇਰਵੇ ਇਸ ਗੱਲ ਦਾ ਪ੍ਰਮਾਣ ਹਨ ਕਿ ਗ਼ਦਰ ਪਾਰਟੀ ਦੀ ਵਿਗਿਆਨਕ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਈ 'ਕਿਰਤੀ ਪਾਰਟੀ' ਦੇ ਕ੍ਰਾਂਤੀਕਾਰੀ ਅੰਦੋਲਨ ਅਤੇ ਜੰਗੇ-ਆਜ਼ਾਦੀ ਦੇ ਇਨਕਲਾਬੀ ਕਾਰਨਾਮੇ ਲੋਕ-ਹਿਤੂ ਸੰਕਲਪਾਂ ਨਾਲ ਜੁੜੇ ਹੋਏ ਸਨ। ਪੁਸਤਕ ਵਿਚਲੇ ਇਤਿਹਾਸਕ ਪ੍ਰਸੰਗਾਂ ਵਿੱਚੋਂ ਜਿੱਥੇ ਗ਼ਦਰ ਲਹਿਰ ਦੇ ਉਭਾਰ ਦੇ ਕਾਰਨਾਂ ਦਾ ਪਤਾ ਚੱਲਦਾ ਹੈ, ਉਥੇ ਗ਼ੁਲਾਮ ਭਾਰਤ ਅੰਦਰ ਅੰਗਰੇਜ਼ ਸਾਮਰਾਜ ਦੀ ਲੁੱਟ-ਖਸੁੱਟ ਅਤੇ ਤਤਕਾਲੀਨ ਪੰਜਾਬ ਦੇ ਸਮਾਜਿਕ-ਆਰਿਥਕ ਪੱਖਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ।

ਇਸ ਪੁਸਤਕਦ ਦਾ ਲੇਖਕ ਬਾਬਾ ਭਗਤ ਸਿੰਘ ਬਿਲਗਾ ਖੁਦ ਗ਼ਦਰ ਪਾਰਟੀ ਦਾ ਪ੍ਰਮੁੱਖ ਮੈਂਬਰ ਅਤੇ ਅਹੁਦੇਦਾਰ ਰਿਹਾ ਹੈ। ਇਹੋ ਕਾਰਨ ਹੈ ਕਿ ਉਹ ਬਰਤਾਨਵੀ ਸਾਮਰਾਜ ਵਿਰੁੱਧ ਉੱਠੀ ਇਸ ਲਹਿਰ ਦਾ ਇਤਿਹਾਸਕ ਗਤੀਸ਼ੀਲਤਾ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੇ ਪਿਛੋਕੜ ਵਿੱਚ 1957 ਦੇ ਗ਼ਦਰ, ਕੂਕਾ ਲਹਿਰ ਆਦਿ ਕੌਮੀ ਲਹਿਰਾਂ ਦੇ ਸੰਬੰਧਾਂ ਅਤੇ ਟਕਰਾਵਾਂ ਨੂੰ ਇਤਿਹਾਸਕ ਹਵਾਲਿਆਂ ਰਾਹੀਂ ਚਿਤਰਦਾ ਹੈ। ਇਸ ਪੁਸਤਕ ਵਿਚਲੀ ਟੈਕਸਟ (Text) ਰਾਹੀਂ ਜੋ ਪ੍ਰਮੁੱਖ ਧੁਨੀ ਉਭਰਦੀ ਹੈ ਉਹ ਹਥਿਆਰਬੰਦ ਜਨਤਕ ਘੋਲ ਰਾਹੀਂ ਸਥਾਪਤੀ ਦਾ ਤਖ਼ਤਾ ਉਲਟਾਉਣਾ ਹੈ। ਅਜਿਹੀ ਹਥਿਆਰਬੰਦ ਕਾਰਵਾਈ ਦਾ ਸ੍ਰੋਤ ਬਾਹਰਲੇ ਮੁਲਕਾਂ ਵਿੱਚ, ਖਾਸ ਤੌਰ ਤੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਗਏ ਪ੍ਰਵਾਸੀ ਪੰਜਾਬੀਆਂ ਦੇ ਮਨਾਂ ਅੰਦਰ ਕਰ ਗਏ ਨਸਲੀ ਅਹਿਸਾਸ ਦੀ ਸੋਝੀ ਵਿੱਚ ਪਿਆ ਹੈ। ਨਸਲੀ ਅਹਿਸਾਸ ਦੀ ਇਹੋ ਸੋਝੀ ਗ਼ਦਰੀਆਂ ਨੂੰ ਗ਼ੁਲਾਮ ਚੇਤਨਾ ਦਾ ਅਹਿਸਾਸ ਕਰਵਾਉਂਦੀ ਹੋਈ ਸਾਮਰਾਜ ਵਿਰੋਧੀ ਭਾਵਨਾ ਨਾਲ ਇਕਸੁਰ ਕਰਨ ਦਾ ਯਤਨ ਕਰਦੀ ਹੈ। ਖ਼ਾਸ ਗੱਲ ਇਹ ਹੈ

ਕਿ ਇਸ ਸੋਝੀ ਦਾ ਦਾਇਰਾ ਕੇਵਲ ਅੰਗਰੇਜ਼ ਸਾਮਰਾਜ ਦੇ ਵਿਰੋਧ ਤੱਕ ਮਹਿਦੂਦ ਨਹੀਂ ਰਹਿੰਦਾ ਸਗੋਂ ਦੇਸੀ ਰਾਜਿਆਂ, ਮਹਾਰਾਜਿਆਂ, ਰਾਏ ਬਹਾਦਰਾਂ, ਸਰਦਾਰਾਂ ਤੇ ਜਾਗੀਰਦਾਰਾਂ ਆਦਿ ਦੇ ਵਿਰੋਧ ਤੱਕ ਚਲਾ ਜਾਂਦਾ ਹੈ। ਗ਼ਦਰ ਪਾਰਟੀ ਦੀ ਇਹੋ ਸਿਆਸਤ ਉਨ੍ਹਾਂ ਨੂੰ ਤਤਕਾਲੀਨ ਸਿਆਸੀ ਪਾਰਟੀਆਂ ਅਤੇ ਗਰੁੱਪਾਂ ਜਿਵੇਂ ਯੂਨੀਅਨਿਸਟ, ਕਾਂਗਰਸ ਇਥੋਂ ਤੱਕ ਕਿ ਸੀ.ਪੀ.ਆਈ. ਨਾਲੋਂ ਵੱਖਰਿਆਉਂਦੀ ਹੈ। ਸਮੁੱਚੇ ਤੌਰ 'ਤੇ ਗ਼ਦਰ ਪਾਰਟੀ ਦਾ ਜੋ ਸਿਆਸੀ ਨਿਸ਼ਾਨਾ ਉਭਰਦਾ ਹੈ ਉਹ ਜਮਹੂਰੀ, ਆਰਥਿਕ-ਬਰਾਬਰੀ, ਧਾਰਮਿਕ ਸਹਿਣਸ਼ੀਲਤਾ, ਊਚ-ਨੀਚ ਅਤੇ ਜ਼ਾਤ-ਪਾਤ ਤੋਂ ਛੁਟਕਾਰੇ ਵਾਲਾ ਮਜ਼ਦੂਰ, ਕਿਸਾਨਾਂ ਅਤੇ ਕਿਰਤੀ ਪੱਖੀ ਹੈ। ਇਸ ਸਿਆਸੀ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੀ ਟੇਕ ਹਥਿਆਰਬੰਦ-ਇਨਕਲਾਬ 'ਤੇ ਰੱਖੀ ਜਾਂਦੀ ਹੈ।

ਗ਼ਦਰ ਪਾਰਟੀ ਦੀ ਇਹੋ ਸਿਆਸਤ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵੱਖ-ਵੱਖ ਬਸਤੀਆਂ ਦੇ ਲੋਕਾਂ ਦੀ ਸਾਮਰਾਜ ਵਿਰੁੱਧ ਲੜਾਈ ਦਾ ਇਕ ਅਟੁੱਟ ਅੰਗ ਬਣਦੀ ਹੈ। ਸਿੱਟੇ ਵਜੋਂ ਰੂਸ, ਆਇਰਲੈਂਡ, ਸਲੋਵਾਕੀਆ, ਮਿਸਰ, ਚੀਨ, ਅਫ਼ਗਾਨਿਸਤਾਨ ਆਦਿ ਮੁਲਕਾਂ ਵਿੱਚ ਚੱਲ ਰਹੀਆਂ ਤਤਕਾਲੀਨ ਤਰੱਕੀ-ਪਸੰਦ ਲਹਿਰਾਂ ਨਾਲ ਗ਼ਦਰ ਪਾਰਟੀ ਦੇ ਕਾਫ਼ੀ ਨੇੜਲੇ ਸੰਬੰਧ ਜੁੜਦੇ ਹਨ। ਇਨ੍ਹਾਂ ਸ਼ਕਤੀਆਂ ਦੀਆਂ ਪ੍ਰਤੀਨਿਧ ਜਥੇਬੰਦੀਆਂ ਦੇ ਦਫ਼ਤਰ ਸਾਨਫਰਾਂਸਿਸਕੋ ਵਿਖੇ ਹੋਣ ਕਾਰਨ ਇਨ੍ਹਾਂ ਕੇਂਦਰਾਂ ਵਿਚਕਾਰ ਸੰਚਾਰ, ਵਿਚਾਰ ਅਤੇ ਸਾਹਿਤ ਦਾ ਆਦਾਨ-ਪ੍ਰਦਾਨ ਬਣਿਆ ਰਹਿੰਦਾ ਹੈ। ਅਜਿਹੇ ਦੌਰ ਵਿੱਚ ਗ਼ਦਰ ਅਖ਼ਬਾਰ ਨਾ ਕੇਵਲ ਤਤਕਾਲੀਨ ਹਿੰਦੁਸਤਾਨ ਦੇ ਸਿਆਸੀ, ਸੱਭਿਆਚਾਰਕ, ਸਮਾਜਿਕ ਹਾਲਤਾਂ ਦਾ ਵਿਸ਼ਲੇਸ਼ਣ ਹੀ ਕਰਦਾ ਹੈ ਸਗੋਂ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਆ ਰਹੇ ਸਿਆਸੀ ਉਭਾਰਾਂ ਨੂੰ ਵੀ ਆਪਣਾ ਵਿਸ਼ਾ ਬਣਾਉਂਦਾ ਹੈ। ਗ਼ਦਰ ਅਖ਼ਬਾਰ ਦੀ ਇਸ ਅੰਤਰਰਾਸ਼ਟਰੀ ਸੂਝ ਦਾ ਅਸਰ ਇਹ ਹੁੰਦਾ ਹੈ ਕਿ ਇਹ ਲੱਖਾਂ ਦੀ ਤਾਦਾਦ ਵਿੱਚ ਛਪਣ ਲੱਗਦਾ ਹੈ ਅਤੇ ਇਹ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਗ਼ਦਰ ਪਾਰਟੀ ਵੱਲ ਪ੍ਰੇਰਦਾ ਹੈ। ਬਾਬਾ ਬਿਲਗਾ ਜੀ ਗ਼ਦਰ ਅਖ਼ਬਾਰ ਦੇ ਇਸ ਮਹੱਤਵਪੂਰਨ ਰੋਲ ਬਾਰੇ ਲਿਖਦੇ ਹਨ :

"ਗ਼ਦਰ ਅਖ਼ਬਾਰ ਦੇ ਪ੍ਰਭਾਵ ਸਦਕਾ ਆਪ ਮੁਹਾਰੇ ਗ਼ਦਰ ਕਮੇਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਪਨਾਮਾ, ਸਿੰਘਾਪੁਰ, ਮਨੀਲਾ, ਹਾਂਗਕਾਂਗ, ਚੀਨ, ਸੰਘਾਈ ਅਤੇ ਸਿਆਮ (ਥਾਈਲੈਂਡ) ਵਿਚ ਅਜਿਹੀਆਂ ਕਮੇਟੀਆਂ ਤਟਫ਼ਟ ਹੀ ਹੋਂਦ ਵਿਚ ਆ ਗਈਆਂ ਸਨ। ਅਮਰੀਕਾ ਅਤੇ ਕੈਨੇਡਾ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਬਰਾਂਚ ਫਿਲਪੀਨ ਦੇ ਗ਼ਦਰੀਆਂ ਦੀ ਸੀ। ਦਰਸੀ ਚੰਚਹੀਆਂ ਦੇ ਬਿਆਨ ਅਨੁਸਾਰ ਅਮਰੀਕਾ ਤੇ ਕੈਨੇਡਾ ਵਿੱਚ ਵਸਦੇ ਕੱਲ੍ਹ ਦੇ ਅਨਪੜ੍ਹ ਹੁਣ ਲਿਖਾਰੀ ਬਣਨੇ ਸ਼ੁਰੂ ਹੋ ਗਏ ਸਨ ਅਤੇ ਉਨ੍ਹਾਂ ਵਿਚ ਆਗੂਆਂ ਵਾਲੇ ਗੁਣ ਪੈਦਾ ਹੋ ਗਏ ਹਨ। ਉਨ੍ਹਾਂ ਦਾ ਸਵੈ-ਭਰੋਸਾ ਬੁਲੰਦੀਆਂ ਵੱਲ ਜਾ ਰਿਹਾ ਸੀ।" (ਪੰਨਾ-30)

ਗ਼ਦਰ ਅਖ਼ਬਾਰ ਤੋਂ ਬਾਅਦ 'ਕਿਰਤੀ', ਪਰਚਾ ਵੀ ਗ਼ਦਰ ਲਹਿਰ ਦੀ ਵਿਚਾਰਧਾਰਾ



ਦਾ ਬੁਲਾਰਾ ਬਣ ਗਿਆ ਅਤੇ ਇਸ ਦੀ ਪ੍ਰਕਾਸ਼ਨਾ ਸਦਕਾ ਲੋਕਾਂ ਨੂੰ ਨਵੀਂ ਸੇਧ ਮਿਲੀ। ਅੰਗਰੇਜ਼ ਸਾਮਰਾਜ ਦੇ ਕਰੜੇ ਬੰਧਨਾਂ ਦੇ ਬਾਵਜੂਦ ਉਹ ਪਰਚਾ 1939 ਈ. ਤੱਕ ਚੱਲਦਾ ਰਿਹਾ। ਕਿਰਤੀ ਕਮਿਊਨਿਸਟਾਂ ਨੇ ਜੰਗ ਦੌਰਾਨ ਫਿਰ 'ਲਾਲ ਝੰਡਾ' ਕੱਢਣਾ ਸ਼ੁਰੂ ਕੀਤਾ ਜੋ ਕਿਰਤੀ ਲਹਿਰ ਦੇ ਹਰ ਗਾਹਕ ਤੱਕ ਪਹੁੰਚਾਇਆ ਜਾਂਦਾ ਸੀ।

ਗ਼ਦਰ ਪਾਰਟੀ ਪਹਿਲਾਂ ਭਾਵੇਂ ਫਰਾਂਸ ਦੇ ਇਨਕਲਾਬੀ ਅਸੂਲਾਂ ਜਿਵੇਂ 'ਆਜ਼ਾਦੀ, ਬਰਾਬਰੀ ਅਤੇ ਭਰੱਪਣ' ਤੋਂ ਸੇਧ ਲੈਂਦੀ ਰਹੀ ਪਰ ਰੂਸ ਦੇ ਅਕਤੂਬਰ ਇਨਕਲਾਬ ਤੋਂ ਬਾਅਦ ਇਸ ਦੀ ਵਿਚਾਰਧਾਰਾ ਵਿੱਚ ਇਕ ਨਵਾਂ ਮੋੜ ਆਉਂਦਾ ਹੈ। ਬਾਲਸ਼ਵਿਕ ਇਨਕਲਾਬੀਆਂ ਦੇ ਕਾਰਜਾਂ ਦਾ ਗ਼ਦਰ ਪਾਰਟੀ ਦੀਆਂ ਸਰਗਰਮੀਆਂ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਇਹ ਪਾਰਟੀ ਮਜ਼ਦੂਰਾਂ ਤੇ ਕਿਸਾਨਾਂ ਦੀ ਜਥੇਬੰਦਕ ਬਗ਼ਾਵਤ ਦੇ ਭੇਦ ਵਿੱਚ ਯਕੀਨ ਕਰਨ ਲੱਗਦੀ ਹੈ। ਇਹੋ ਕਾਰਨ ਹੈ ਕਿ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਨੂੰ ਰੂਸ ਦੇ ਨਵੇਂ ਪ੍ਰਬੰਧ ਦਾ ਜਾਇਜ਼ਾ ਲੈਣ ਲਈ ਮਾਸਕੋ ਭੇਜਿਆ ਜਾਂਦਾ ਹੈ ਜਿਥੇ ਉਹ ਭਾਰਤ ਦੀ ਨੁਮਾਇੰਦਗੀ ਕਰਦੇ ਹਨ।

ਗ਼ਦਰ ਲਹਿਰ ਉੱਪਰ ਸੋਵੀਅਤ ਯੂਨੀਅਨ ਅਤੇ ਮਾਰਕਸਵਾਦ ਦੇ ਅਸਰ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਸ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾਣ ਲੱਗਦਾ ਹੈ ਕਿ ਇਨਕਲਾਬ ਦੀ ਅਸਲੀ ਸ਼ਕਤੀ ਮਿਹਨਤਕਸ਼ ਜਨਤਾ ਹੁੰਦੀ ਹੈ, ਜਿਨ੍ਹਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਉਨ੍ਹਾਂ ਨੂੰ ਸੰਗਠਿਤ ਕੀਤਾ ਜਾਂਦਾ ਹੈ। ਮਿਹਨਤਕਸ਼ ਜਨਤਾ ਵਿਚ ਸਹੀ ਸਿਆਸੀ ਸੂਝ ਪੈਦਾ ਕਰਨੀ ਅਤਿ ਜ਼ਰੂਰੀ ਹੁੰਦੀ ਹੈ। ਯਰਕਾਊ ਅੱਤਵਾਦ ਦੀ ਥਾਂ ਇੱਕ ਸਾਰਥਿਕ ਜੁਝਾਰੂ ਰਾਜਨੀਤੀ ਉਸਾਰਨ ਦੀ ਲੋੜ ਹੁੰਦੀ ਹੈ। ਆਦਰਸ਼ਵਾਦ ਅਤੇ ਸੁਧਾਰਵਾਦ ਦੀ ਆਪਣੀ ਲੋੜ ਅਤੇ ਸੀਮਾ ਹੁੰਦੀ ਹੈ ਜੋ ਸਮਾਜ ਦੀ ਬੁਨਿਆਦੀ ਤਬਦੀਲੀ ਨੂੰ ਹੌਲੀ-ਹੌਲੀ ਨਿਰੇ ਸਮਝੌਤਿਆਂ ਵਿਚ ਨਸ਼ਟ ਕਰ ਦਿੰਦਾ ਹੈ। 1914-15 ਦੀ ਅਸਫ਼ਲਤਾ ਤੋਂ ਬਾਅਦ ਅਤੇ ਸੋਵੀਅਤ-ਇਨਕਲਾਬ ਦੇ ਵਾਪਰਨ ਉਪਰੰਤ ਗ਼ਦਰ ਲਹਿਰ ਦੀ ਯੁੱਧ-ਨੀਤੀ ਵਿਚ ਇਹ ਪ੍ਰਮੁੱਖ ਝੁਕਾਅ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਆਪਣੇ ਇਸ ਸਿਧਾਂਤਕ ਨਜ਼ਰੀਏ ਸਦਕਾ ਹੀ ਗ਼ਦਰ ਪਾਰਟੀ ਆਪਣੀਆਂ ਕਮਜ਼ੋਰੀਆਂ ਨੂੰ ਜਾਂਚਣਾ ਚਾਹੁੰਦੀ ਹੈ। ਪੁਸਤਕ ਵਿਚਲੇ ਹਵਾਲੇ ਨਾਲ ਬਾਬਾ ਬਿਲਗਾ ਗ਼ਦਰ ਪਾਰਟੀ ਦੀ ਅਸਫ਼ਲਤਾ ਸੰਬੰਧੀ ਕੁਝ ਪ੍ਰਸ਼ਨ ਖੜ੍ਹੇ ਕਰਦੇ ਹਨ :

ਪੰਜਾਬ ਦੀ ਇਕ ਯੂਨਾਈਟਿਡ ਪ੍ਰੋਵਿਨਸ਼ੀਅਲ ਕਮਿਊਨਿਸਟ ਕਮੇਟੀ (1938), ਜਿਸ ਨੂੰ ਗ਼ਦਰੀ ਬਾਬਿਆਂ ਦੀ ਸਿਆਸੀ ਵਿਰਾਸਤ ਮਿਲੀ ਹੋਵੇ, ਮਾਲੀ ਤੌਰ 'ਤੇ ਜਿਸ ਦੀ ਪਿੱਠ 'ਤੇ ਗ਼ਦਰ ਪਾਰਟੀ ਦਾ ਸਰਮਾਇਆ ਹੋਵੇ ਅਤੇ ਬੇਲਾਗ ਸਿਰਲਥ ਨੌਜਵਾਨ ਗ਼ਦਰ ਕਮਿਊਨਿਸਟ ਜਿਸ ਦੀਆਂ ਸਫ਼ਾਂ ਵਿੱਚ ਲਗਾਤਾਰ ਵਾਧਾ ਕਰ ਰਹੇ ਹੋਣ, ਉਹ ਪਾਰਟੀ ਪਿਸ਼ਾਵਰ ਤੋਂ ਦਿੱਲੀ ਤੱਕ ਇਹ ਮਜ਼ਬੂਤ ਇਨਕਲਾਬੀ ਪਾਰਟੀ ਅਦਾ ਕਰ ਸਕਦੀ ਸੀ। ਇਹ

ਕਿਉਂ ਨਾ ਹੋਇਆ? ਇਸ ਦੇ ਜਵਾਬ ਵਿਚ ਹੋਰਨਾਂ ਪੱਖਾਂ 'ਤੇ ਵੀ ਨਜ਼ਰ ਮਾਰਨੀ ਜ਼ਰੂਰੀ ਹੈ। (ਪੰਨਾ-196)

ਪੁਸਤਕ ਲੇਖਕ ਬਾਬਾ ਬਿਲਗਾ ਦੁਆਰਾ ਉਭਾਰਿਆ ਗਿਆ, ਇਹ ਨੁਕਤਾ ਅੱਜ ਵੀ ਗੰਭੀਰ ਸੰਵਾਦ ਦੀ ਮੰਗ ਕਰਦਾ ਹੈ। ਪੁਸਤਕ ਵਿਚਲਾ ਇਕ ਹੋਰ ਨੁਕਤਾ ਵੀ ਸਾਡਾ ਧਿਆਨ ਖਿੱਚਦਾ ਹੈ ਕਿ ਗ਼ਦਰ ਪਾਰਟੀ ਨੇ ਹਥਿਆਰਬੰਦ ਇਨਕਲਾਬ ਦਾ ਐਲਾਨ ਉਸ ਸਮੇਂ ਕੀਤਾ ਸੀ ਜਦੋਂ ਕੌਮੀ ਮੁਕਤੀ ਦੀ ਚੇਤਨਾ ਆਪਣੇ ਮੁੱਢਲੇ ਪੜਾਅ ਉੱਤੇ ਹੀ ਸੀ। ਹਿੰਦੁਸਤਾਨ ਵਿੱਚ ਜਗੀਰੂ, ਪਿਛਾਂਹ-ਖਿਚੂ ਅਤੇ ਸਰਕਾਰ-ਪ੍ਰਸਤ ਤਬਕਿਆਂ ਦਾ ਦਬਦਬਾ ਕਾਇਮ ਸੀ। ਉਸ ਵੇਲੇ ਦੇਸ਼ ਅੰਦਰ ਕੋਈ ਅਜਿਹੀ ਵਰਨਣਯੋਗ ਇਨਕਲਾਬੀ ਜਥੇਬੰਦੀ ਮੌਜੂਦ ਨਹੀਂ ਸੀ ਜਿਹੜੀ ਗ਼ਦਰੀ ਇਨਕਲਾਬੀਆਂ ਦੀ ਸੋਚ ਨਾਲ ਬਰ ਮੇਲ ਸਕਦੀ। ਇੱਥੋਂ ਤੱਕ ਕਿ ਉਸ ਵੇਲੇ ਤੱਕ ਤਤਕਾਲੀਨ ਕਾਂਗਰਸ ਪਾਰਟੀ ਸਾਮਰਾਜਵਾਦੀ ਹਕੂਮਤ ਕੋਲੋਂ ਨਿਗੂਣੀਆਂ ਜਿਹੀਆਂ ਰਿਆਇਤਾਂ ਲੈਣ ਲਈ ਯਤਨਸ਼ੀਲ ਸੀ। ਇਹੋ ਕਾਰਨ ਸੀ ਕਿ ਮਹਾਤਮਾ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਪਹਿਲੀ ਸੰਸਾਰ ਜੰਗ ਸਮੇਂ ਅੰਗਰੇਜ਼ ਹਕੂਮਤ ਪ੍ਰਤੀ ਵਫ਼ਾਦਾਰੀ ਵਾਲਾ ਰਵੱਈਆ ਅਖ਼ਤਿਆਰ ਕੀਤਾ ਹੋਇਆ ਸੀ। ਪੁਸਤਕ ਵਿਚਲੇ ਵੱਖ-ਵੱਖ ਮਜ਼ਮੂਨਾਂ ਤੋਂ ਜਿੱਥੇ ਕਾਂਗਰਸ ਅਤੇ ਗ਼ਦਰ ਪਾਰਟੀ ਦੇ ਵਿਰੋਧ ਬਾਰੇ ਸਪੱਸ਼ਟ ਹੁੰਦਾ ਹੈ ਉਥੇ ਗ਼ਦਰ ਦੇ ਨਤੀਜੇ, ਗ਼ਦਰੀਆਂ ਦੀ ਸੋਚ ਤੋਂ ਉਲਟ ਚਲੇ ਜਾਣ ਬਾਰੇ ਵੀ ਭੇਦ ਉਜਾਗਰ ਹੁੰਦੇ ਹਨ। ਗ਼ਦਰ ਦੀ ਅਸਫਲਤਾ ਦਾ ਕਾਰਨ ਸਿਰਫ਼ ਅੰਗਰੇਜ਼ ਸਾਮਰਾਜੀ ਹਕੂਮਤ ਦੀ ਸਖ਼ਤੀ ਹੀ ਨਹੀਂ ਸੀ ਸਗੋਂ ਕਾਂਗਰਸ ਦਾ ਵੱਡਾ ਹਿੱਸਾ ਇਸ ਦਾ ਵਿਰੋਧੀ ਸੀ। ਮਦਨ ਮੋਹਨ ਮਾਲਵੀਆ ਦਾ ਹੇਠ ਲਿਖਿਆ ਬਿਆਨ ਇਸ ਗੱਲ ਦੀ ਸਪੱਸ਼ਟ ਗਵਾਹੀ ਭਰਦਾ ਹੈ :

"ਪੰਡਤ (ਮਦਨ ਮੋਹਨ) ਮਾਲਵੀਆ ਨੇ ਵਾਇਸਰਾਏ ਕੌਂਸਲ ਵਿੱਚ (1919) ਰੋਸ ਵਜੋਂ ਹੀ ਬਿਆਨ ਦਿੱਤਾ ਸੀ, "ਜੇਕਰ ਅਸੀਂ ਉਸ ਵੇਲੇ ਮਦਦ ਨਾ ਕਰਦੇ ਤਾਂ ਬਾਹਰੋਂ ਆਏ ਗ਼ਦਰੀਆਂ ਨੇ ਤਖ਼ਤਾ ਉਲਟਾ ਦੇਣਾ ਸੀ।" (ਪੰਨਾ127)

ਪੁਸਤਕ ਲੇਖਕ ਬਾਬਾ ਬਿਲਗਾ ਜੀ ਇਸ ਗੱਲ ਨੂੰ ਬਾਰ-ਬਾਰ ਜ਼ੋਰ ਦੇ ਕੇ ਕਹਿੰਦੇ ਹਨ ਕਿ ਭਾਵੇਂ ਗ਼ਦਰ ਲਹਿਰ ਬਰਤਾਨਵੀ ਹਕੂਮਤ ਜਾਂ ਭਾਰਤੀ ਬੁਰਜੂਆ ਅਤੇ ਜਗੀਰੂ ਸ਼ਕਤੀਆਂ ਦੁਆਰਾ ਕੀਤੇ ਵਿਰੋਧ ਦਾ ਸ਼ਿਕਾਰ ਹੋ ਗਈ, ਇਸ ਦੇ ਬਾਵਜੂਦ ਇਹ ਵੱਖ-ਵੱਖ ਪੜਾਅ ਤੈਅ ਕਰਦੀ ਹੋਈ ਕੌਮੀ ਮੁਕਤੀ ਅੰਦਲੋਨ ਅਤੇ ਕਿਸਾਨ-ਮਜ਼ਦੂਰ ਘੋਲਾਂ ਵਿੱਚ ਗਹਿਰਾ ਅਸਰ ਛੱਡ ਗਈ। ਗ਼ਦਰੀ ਬਾਬਿਆਂ ਦੀਆਂ ਹੈਰਾਨਕੁੰਨ ਸ਼ਹਾਦਤਾਂ, ਕਾਲੇਪਾਣੀ ਦੀਆਂ ਕਠੋਰ ਸਜ਼ਾਵਾਂ, ਸਿਰਲੱਥ ਯੋਧਿਆਂ ਦੇ ਸਿਰੜੀ ਕਾਰਨਾਮਿਆਂ, ਐਮ.ਐਨ. ਰਾਏ ਨਾਲ ਵਿਰੋਧ ਆਦਿ ਸਬੰਧੀ ਇਹ ਪੁਸਤਕ ਇਕ ਮਹੱਤਵਪੂਰਨ ਦਸਤਾਵੇਜ਼ ਦਾ ਕੰਮ ਕਰਦੀ ਹੈ। ਗ਼ਦਰ ਲਹਿਰ ਦੇ ਵੱਖ-ਵੱਖ ਪੜਾਵਾਂ ਬਾਰੇ ਭਰਪੂਰ ਜਾਣਕਾਰੀ ਦਿੰਦੀ ਹੋਈ ਇਹ ਪੁਸਤਕ



ਲੋਕ-ਪੱਖੀ ਅਤੇ ਕ੍ਰਾਂਤੀਕਾਰੀ ਰੂਪਾਂ ਦੀ ਨਿਸ਼ਾਨਦੇਹੀ ਕਰਦੀ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰੋਕਾਰਾਂ ਨਾਲ ਬਰ ਮੇਚਦੀ ਹੋਈ ਇਹ ਲਹਿਰ ਦੱਬੇ-ਕੁੱਚਲੇ ਲੋਕਾਂ ਦੇ ਹੱਕ ਵਿਚ ਭੁਗਤਦੀ ਹੈ। ਲੋਕਾਂ ਦੇ ਸ਼ਾਨਾਮੱਤੇ ਇਤਿਹਾਸ ਲੇਖਨ ਦੇ ਪਰੰਪਰਕ ਦ੍ਰਿਸ਼ਟੀਕੋਣ ਅੱਗੇ ਇਹ ਪੁਸਤਕ ਪ੍ਰਸ਼ਨ ਚਿੰਨ੍ਹ ਵੀ ਲਗਾਉਂਦੀ ਹੈ।

ਆਜ਼ਾਦੀ ਤੋਂ ਬਾਅਦ ਹੋਏ ਅੰਗਰੇਜ਼ ਸਾਮਰਾਜ ਅਤੇ ਭਾਰਤੀ ਹਾਕਮਾਂ ਵਿਚਕਾਰ ਸਮਝੌਤੇ ਨੂੰ ਇਸ ਪੁਸਤਕ ਵਿਚ ਵਿਸ਼ੇਸ਼ ਤੌਰ 'ਤੇ ਗੌਰ ਕੀਤੀ ਗਈ ਹੈ। ਕਾਂਗਰਸ ਪਾਰਟੀ ਅਤੇ ਅੰਗਰੇਜ਼ ਸਾਮਰਾਜ ਵਿਚਕਾਰ ਜਿਨ੍ਹਾਂ ਸ਼ਰਤਾਂ ਅਨੁਸਾਰ ਸਮਝੌਤਾ ਹੁੰਦਾ ਹੈ ਉਨ੍ਹਾਂ ਸ਼ਰਤਾਂ ਦੀ ਨਿਸ਼ਾਨਦੇਹੀ ਕਰਦਿਆਂ ਬਾਬਾ ਜੀ ਲਿਖਦੇ ਹਨ :

1. ਆਜ਼ਾਦ ਹਿੰਦੋਸਤਾਨ ਵਿਚ ਅੰਗਰੇਜ਼ਾਂ ਦਾ ਲੱਗਿਆ ਸਰਮਾਇਆ ਮਹਿਫ਼ੂਜ਼ ਰਹੇਗਾ ਤੇ ਉਸ ਦਾ ਮੁਨਾਫ਼ਾ ਵਲਾਇਤ ਨੂੰ ਲੈ ਜਾਣ ਦੀ ਖੁੱਲ੍ਹ ਹੋਵੇਗੀ।
2. ਅੰਗਰੇਜ਼ ਅਫ਼ਸਰਾਂ ਨੂੰ ਹਿੰਦੁਸਤਾਨੀ ਖਜ਼ਾਨੇ ਵਿੱਚੋਂ ਮਿਲ ਰਹੀਆਂ ਪੈਨਸ਼ਨਾਂ ਬਾਦਸਤੂਰ ਇੰਗਲੈਂਡ ਭੇਜੀਆਂ ਜਾਂਦੀਆਂ ਰਹਿਣਗੀਆਂ।
3. ਆਜ਼ਾਦੀ ਦੀ ਲਹਿਰ ਨੂੰ ਜ਼ੋਰ ਨਾਲ ਕੁਚਲਣ ਵਾਲੇ ਅਫ਼ਸਰਾਂ ਦੀ ਨੌਕਰੀ ਕਾਇਮ ਰਹੇਗੀ।
4. ਅੰਗਰੇਜ਼ਾਂ ਦੇ ਝੋਲੀ ਝੁੱਕਾਂ ਨੂੰ ਮਿਲੇ ਮੁਰੱਬੇ, ਜਗੀਰਾਂ ਅਤੇ ਰਿਆਇਤਾਂ ਬਾਦਸਤੂਰ ਕਾਇਮ ਰਹਿਣਗੀਆਂ ਅਤੇ ਉਨ੍ਹਾਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।
5. ਲੇਡੀ ਅਤੇ ਲਾਰਡ ਮਾਊਂਟਬੈਟਨ ਨੂੰ ਹਿੰਦੋਸਤਾਨ ਦਾ ਪਹਿਲਾ ਸ਼ਹਿਰੀ ਬਣਾ ਦਿੱਤਾ ਗਿਆ ਸੀ ਤੇ ਲਾਰਡ ਮਾਊਂਟਬੈਟਨ ਨੂੰ ਗਵਰਨਰ ਜਨਰਲ ਦੀ ਪਦਵੀ ਦੇ ਦਿੱਤੀ ਗਈ ਸੀ। (ਪੰਨਾ-301)

ਪਰ ਦੂਸਰੇ ਪਾਸੇ ਗ਼ਦਰੀ ਬਾਬੇ ਚਾਹੁੰਦੇ ਸਨ ਕਿ ਅੰਗਰੇਜ਼ ਹਕੂਮਤ ਦੇ ਡਿਸਚਾਰਜ ਕੀਤੇ ਬਾਗ਼ੀ ਫੌਜੀਆਂ ਨੂੰ ਸਨਮਾਨਿਤ ਕਰਕੇ ਮੁੜ ਬਹਾਲ ਕੀਤਾ ਜਾਵੇ। ਆਈ.ਐਨ.ਏ. ਦੇ ਯੋਧਿਆਂ ਨੂੰ ਆਜ਼ਾਦ ਹਿੰਦੋਸਤਾਨ ਦੀ ਫ਼ੌਜ ਵਿਚ ਥਾਂ ਦਿੱਤੀ ਜਾਵੇ। ਅਣਖੀਲੇ ਹਿੰਦੋਸਤਾਨ ਫ਼ੌਜੀ ਅਫ਼ਸਰਾਂ, ਜਿਹੜੇ ਅੰਗਰੇਜ਼ ਬਦਸਲੂਕੀ ਖਿਲਾਫ਼ ਉੱਠੇ ਸਨ, ਨੂੰ ਬਹਾਲ ਕਰਕੇ ਉੱਚ ਪਦਵੀਆਂ ਦਿੱਤੀਆਂ ਜਾਣ।

ਇਸ ਤਰ੍ਹਾਂ ਇਹ ਪੁਸਤਕ ਗ਼ਦਰੀਆਂ ਦੀ ਅਣਖ, ਸਵੈਮਾਣ, ਆਤਮ-ਗੌਰਵ, ਕੌਮੀ ਤੇ ਕੌਮਾਂਤਰੀ ਏਕਤਾ ਦੀ ਭਾਵਨਾ, ਕੁਰਬਾਨੀ ਤੇ ਜਜ਼ਬੇ ਦਾ ਸੰਚਾਰ ਕਰਦੀ ਹੋਈ ਸਿਆਸੀ ਅਤੇ ਇਨਕਲਾਬੀ ਚੇਤਨਾ ਦਾ ਪ੍ਰਕਾਰਜ ਕਰਦੀ ਹੈ। ਗ਼ਦਰ ਪਾਰਟੀ ਤੋਂ ਬਾਅਦ ਕਿਰਤੀ ਪਾਰਟੀ ਅਤੇ ਫਿਰ ਲਾਲ ਪਾਰਟੀ ਤੱਕ ਦੇ ਸਮੇਂ ਨੂੰ ਇਹ ਪੁਸਤਕ ਵਿਸਥਾਰਪੂਰਵਕ ਅਤੇ ਇਤਿਹਾਸਕ ਹਵਾਲਿਆਂ ਸਮੇਤ ਪੇਸ਼ ਕਰਦੀ ਹੈ। ਪੁਸਤਕ ਵਿਚਲੀਆਂ ਮਾਸਟਰ ਹਰੀ ਸਿੰਘ ਦੇ ਹਵਾਲੇ ਨਾਲ ਲਿਖੀਆਂ ਹੇਠ ਲਿਖੀਆਂ ਸਤਰਾਂ ਸਾਨੂੰ ਗ਼ਦਰ ਲਹਿਰ ਦੀ ਇਤਿਹਾਸਕ

ਗਤੀਸ਼ੀਲਤਾ ਬਾਰੇ ਦੱਸਦੀਆਂ ਹਨ :

ਇਨ੍ਹਾਂ ਗ਼ਦਰੀ ਸੂਰਵੀਰਾਂ ਦੀਆਂ ਸ਼ਹਾਦਤਾਂ ਐਵੇਂ ਅਜਾਈ ਨਹੀਂ ਗਈਆਂ। ਕੁਝ ਦੇਰ ਇਹ ਲਹਿਰ ਮੱਧਮ ਪੈ ਕੇ ਫੇਰ ਉਠੀ ਸੀ। ਇਨ੍ਹਾਂ ਗ਼ਦਰੀ ਯੋਧਿਆਂ ਦੇ ਨਕਸ਼ੇ ਕਦਮ 'ਤੇ ਚੱਲ ਕੇ ਹਜ਼ਾਰਾਂ ਨੇ ਮਹਾਨ ਕੁਰਬਾਨੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਪੰਜਾਬ ਵਿਚ ਚੱਲੀ ਹਰ ਇਨਕਲਾਬੀ ਲਹਿਰ 'ਤੇ ਗ਼ਦਰ ਪਾਰਟੀ ਦੀ ਛਾਪ ਹੈ। ਇਸ ਦੇ ਮੈਂਬਰਾਂ ਨੇ ਹਮੇਸ਼ਾਂ ਅੱਗੇ ਹੋ ਕੇ ਲੋਕਾਂ ਲਈ ਕੁਰਬਾਨੀਆਂ ਕੀਤੀਆਂ। 1952 ਤੱਕ, ਜਦੋਂ ਗ਼ਦਰ ਪਾਰਟੀ ਤੋੜ ਦਿੱਤੀ ਗਈ ਸੀ, ਇਸ ਦੇ ਮੈਂਬਰ ਕੁਰਬਾਨੀਆਂ ਦੀ ਅਗਲੀ ਸਫ਼ ਵਿਚ ਰਹੇ ਸਨ।(ਪੰਨਾ-173)

ਪੁਸਤਕ ਲੇਖਕ ਕਿਰਤੀ ਪਾਰਟੀ ਨੂੰ ਪੰਜਾਬ ਅੰਦਰ ਖੱਬੇ ਪੱਖੀ ਵਿਚਾਰਧਾਰਾ ਦੀ ਮੁੱਖ ਪਾਰਟੀ ਮੰਨਦਾ ਹੋਇਆ 'ਕਿਰਤੀ' ਅਖ਼ਬਾਰ ਅਤੇ ਇਸ ਦੁਆਲੇ ਉਸਾਰੀ ਕਮਿਊਨਿਸਟ ਲਹਿਰ ਨੂੰ ਮਹੱਤਵਪੂਰਨ ਤਰੀਕੇ ਨਾਲ ਪੇਸ਼ ਕਰਦਾ ਹੈ। ਲੇਖਕ ਦਾ ਵਿਚਾਰ ਹੈ ਕਿ ਭਾਵੇਂ ਕਿਰਤੀ ਪਾਰਟੀ ਦਾ ਜਥੇਬੰਦਕ ਢਾਂਚਾ ਸਮੇਂ-ਸਮੇਂ ਸਿਰ ਬਦਲਦਾ ਰਿਹਾ ਪਰ ਇਸ ਨੇ ਪੰਜਾਬ ਅੰਦਰ ਕਮਿਊਨਿਸਟ ਲਹਿਰ ਉਸਾਰੀ ਵਿਚ ਅਹਿਮ ਯੋਗਦਾਨ ਪਾਇਆ। ਕਿਰਤੀ ਪਾਰਟੀ ਦਾ ਘੇਰਾ ਸਿਰਫ ਪੰਜਾਬ ਤੱਕ ਹੀ ਮਹਿਦੂਦ ਨਹੀਂ ਸੀ ਸਗੋਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵੀ ਇਸਨੇ ਇਨਕਲਾਬੀ ਸੋਚ ਨੂੰ ਫੈਲਾਉਣ ਦਾ ਕਾਰਜ ਕੀਤਾ। ਭਾਵੇਂ ਬਾਅਦ ਵਿਚ ਸੀ.ਪੀ.ਆਈ. ਅਤੇ ਕਿਰਤੀ ਪਾਰਟੀ ਸਮਾਨਾਂਤਰ ਚੱਲਦੀਆਂ ਰਹੀਆਂ ਪਰ ਕਿਰਤੀ ਪਾਰਟੀ ਨੇ ਮੁੱਖ ਤੌਰ 'ਤੇ ਸੀ.ਪੀ.ਆਈ. ਨੂੰ ਆਪਣੀ ਵਫ਼ਾਦਾਰੀ ਵੀ ਕਾਇਮ ਰੱਖੀ। ਬਾਬਾ ਬਿਲਗਾ ਕਿਰਤੀ ਅਖ਼ਬਾਰ ਦੇ ਫਰਵਰੀ, 1927 ਅੰਕ ਵਿਚ ਦਰਜ ਰਿਪੋਰਟ ਵਿਚ ਕਿਰਤੀ ਪਾਰਟੀ ਅਤੇ ਕਿਰਤੀ ਅਖ਼ਬਾਰ ਦੀ ਦੇਣ ਅਤੇ ਇਸ ਦੇ ਪ੍ਰਮੁੱਖ ਨਿਸ਼ਾਨਿਆਂ ਦੀ ਨਿਸ਼ਾਨਦੇਹੀ ਕਰਦਿਆਂ ਲਿਖਦਾ ਹੈ :

(1) ਕਿਰਤੀ ਜਿਸ ਨਿਸ਼ਾਨੇ ਨੂੰ ਲੈ ਕੇ ਪ੍ਰਕਾਸ਼ਤ ਹੋਇਆ ਸੀ ਉਸ 'ਤੇ ਚੱਲਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

(2) ਕਿਰਤੀ ਨੇ ਆਪਣਾ ਨਿਸ਼ਾਨਾ ਸਵਰਾਜ ਜਾਂ ਹੋਮ ਰੂਲ ਨਹੀਂ ਬਲਕਿ ਹਿੰਦੁਸਤਾਨ ਦੀ ਪੂਰਨ ਆਜ਼ਾਦੀ ਮਿਥਿਆ ਸੀ ਅਤੇ ਅੱਗੇ ਮਜ਼ਦੂਰ ਕਿਸਾਨ ਰਾਜ ਦੀ ਸਥਾਪਨਾ ਸੀ। ਅਸੀਂ ਆਪਣੇ ਇਸ ਸਟੈਂਡ 'ਤੇ ਅਡੋਲ ਖੜ੍ਹੇ ਰਹੇ ਹਾਂ ਤੇ ਅੱਗੇ ਵੀ ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਖੜ੍ਹੇ ਰਹਾਂਗੇ।

(3) ਹਿੰਦੋਸਤਾਨ ਨੂੰ ਪੂਰਨ ਆਜ਼ਾਦੀ ਉਨ੍ਹਾਂ ਹੀ ਤੌਰ ਤਰੀਕਿਆਂ ਨਾਲ ਮਿਲੇਗੀ ਜਿਨ੍ਹਾਂ ਨਾਲ ਦੁਨੀਆਂ ਦੇ ਹੋਰ ਗੁਲਾਮ ਦੇਸ਼ਾਂ ਨੂੰ (ਭਾਵ ਹਥਿਆਰਬੰਦ ਇਨਕਲਾਬ ਜ਼ਰੀਏ) ਹੋਰ ਕੋਈ ਤਰੀਕਾ, ਬਾਈਕਾਟ ਜਾਂ ਸਤਿਆਗ੍ਰਹਿ ਆਦਿ ਕਾਮਯਾਬੀ ਵੱਲ ਨਹੀਂ ਲਿਜਾ ਸਕਦਾ। ਅਸੀਂ ਇਸ ਤਰੀਕੇ 'ਤੇ ਖੜ੍ਹੇ ਹਾਂ ਤੇ ਅੱਗੇ ਨੂੰ ਵੀ ਇਸ ਤੇ ਹੀ ਖੜ੍ਹੇ



ਰਹਾਂਗੇ।

(4) ਕਿਰਤੀ ਦਾ ਇਹ ਨਿਸ਼ਚਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਤੇ ਸਮਾਜਵਾਦ ਲਈ ਲੜਾਈ ਦੁਨੀਆਂ ਭਰ ਦੇ ਲੋਕਾਂ ਦੀ ਆਜ਼ਾਦੀ ਤੇ ਸੋਸ਼ਲਿਜ਼ਮ ਦੀ ਲੜਾਈ ਦੀ ਇਕ ਕੜੀ ਹੈ। ਇਸ ਲਈ ਅਸੀਂ ਹਿੰਦੋਸਤਾਨੀ ਲੋਕਾਂ ਦੀ ਜਦੋਜਹਿਦ ਦਾ ਵੇਰਵਾ ਦੁਨੀਆਂ ਦੇ ਇਨਕਲਾਬੀਆਂ ਅੱਗੇ ਰੱਖਦੇ ਰਹਾਂਗੇ ਅਤੇ ਦੁਨੀਆਂ ਵਿਚ ਚੱਲ ਰਹੀਆਂ ਇਨਕਲਾਬੀ ਲਹਿਰਾਂ ਬਾਰੇ ਹਿੰਦੋਸਤਾਨ ਦੇ ਲੋਕਾਂ ਨੂੰ ਜਾਣੂ ਕਰਵਾਉਂਦੇ ਰਹਾਂਗੇ।

ਪਿਛਲੇ ਸਾਲ ਅਸੀਂ ਚੀਨੀ ਲੋਕਾਂ ਦੇ ਆਜ਼ਾਦੀ ਦੇ ਘੋਲ ਬਾਰੇ ਤੇ ਅਫਗਾਨਿਸਤਾਨ ਦੀ ਆਜ਼ਾਦੀ ਬਾਰੇ ਲਿਖਦੇ ਹਾਂ। ਇੰਗਲੈਂਡ ਦੇ ਕੋਲੇ ਦੇ ਮਜ਼ਦੂਰਾਂ ਦੀ ਹੜਤਾਲ ਬਾਰੇ, ਇਟਲੀ ਵਿਚ ਫਾਸ਼ਿਸ਼ਟ ਰੁਝਾਨ ਬਾਰੇ ਅਤੇ ਐਬੇਸੀਨੀਆ ਉੱਤੇ ਫਾਸ਼ਿਸਟ ਇਟਲੀ ਦੇ ਹਮਲੇ ਬਾਰੇ ਆਦਿ ਕੌਮਾਂਤਰੀ ਘਟਨਾਵਾਂ 'ਤੇ ਚਾਨਣਾ ਪਾਉਂਦੇ ਰਹੇ ਹਾਂ। ਅੱਗੇ ਨੂੰ ਵੀ ਇਹ ਸਿਲਸਿਲਾ ਜਾਰੀ ਰਹੇਗਾ।

(5) ਰੂਸ ਵਿਚ ਮਜ਼ਦੂਰ ਕਿਸਾਨ ਰਾਜ ਕਾਇਮ ਹੋ ਚੁੱਕਿਆ ਹੈ ਤੇ ਉਥੋਂ ਦੇ ਲੋਕ ਉਸਾਰੀ ਕਰਕੇ ਸੋਸ਼ਲਿਜ਼ਮ ਵੱਲ ਵਧ ਰਹੇ ਹਨ। ਇਸ ਬਾਰੇ ਅਸੀਂ ਆਪਣੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ ਤੇ ਅੱਗੇ ਨੂੰ ਵੀ ਸੋਵੀਅਤ ਰੂਸ ਦੀ ਹਾਲਤ ਬਾਰੇ ਲਿਖਦੇ ਰਹਾਂਗੇ।

(6) ਕੌਮੀ ਸ਼ਹੀਦ ਮੁਲਕ ਦੀ ਵਡਮੁੱਲੀ ਵਿਰਾਸਤ ਹੁੰਦੇ ਹਨ। ਅਸੀਂ ਇਨ੍ਹਾਂ ਦੇ ਕਾਰਨਾਮਿਆਂ ਤੇ ਜ਼ਿੰਦਗੀਆਂ ਬਾਰੇ ਲਿਖਦੇ ਆਏ ਹਾਂ। ਅੱਗੇ ਨੂੰ 1914-16 ਦੇ ਗ਼ਦਰੀ ਸ਼ਹੀਦਾਂ, ਬੱਬਰ ਅਕਾਲੀਆਂ, ਨੌਜਵਾਨ ਇਨਕਲਾਬੀ ਸ਼ਹੀਦਾਂ ਦੀਆਂ ਜ਼ਿੰਦਗੀਆਂ ਬਾਰੇ ਲਿਖਦੇ ਰਹਾਂਗੇ। (ਪੰਨਾ-180)

ਇਸ ਤਰ੍ਹਾਂ ਕਿਰਤੀ ਪਾਰਟੀ ਤੋਂ ਬਾਅਦ ਬਣੀ ਲਾਲ ਪਾਰਟੀ ਸੰਬੰਧੀ ਵੀ ਪੁਸਤਕ ਲੇਖਕ ਬਹੁਤ ਮਹੱਤਵਪੂਰਨ ਜਾਣਕਾਰੀ ਉਪਲਬਧ ਕਰਵਾਉਂਦਾ ਹੈ। ਉਸ ਅਨੁਸਾਰ ਲਾਲ ਪਾਰਟੀ ਨੇ ਨਕੋਦਰ ਵਿਚ ਇਕੱਠੇ ਹੋ ਕੇ ਲਾਲ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਰਦਿਆਂ ਹੀ ਕਮਿਊਨਿਸਟ ਲਹਿਰ ਵਿੱਚ ਆਈ ਖੜੋਤ ਤੇ ਬੇਹਰਕਤੀ ਦੇ ਵਾਤਾਵਰਣ ਨੂੰ ਦੂਰ ਕਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਲਾਲ ਪਾਰਟੀ ਅਸਲ ਵਿਚ ਕਿਰਤੀ ਪਾਰਟੀ ਦਾ ਹੀ ਦੂਜਾ ਨਾਂ ਸੀ ਜਿਸ ਨੇ ਆਪਣੀਆਂ ਜ਼ਿਲ੍ਹਾ ਕਮੇਟੀਆਂ ਅਤੇ ਮੁੱਢਲੀਆਂ ਇਕਾਈਆਂ ਨੂੰ ਸਰਗਰਮ ਕੀਤਾ। ਲਾਲ ਪਾਰਟੀ ਦੇ ਆਗੂ ਭਾਵੇਂ 1948 ਦੇ ਛਾਪਿਆਂ ਵਿੱਚ ਗ੍ਰਿਫ਼ਤਾਰ ਕਰ ਲਏ ਸਨ ਫਿਰ ਵੀ ਲਾਲ ਪਾਰਟੀ ਨੇ ਸਰਕਾਰ ਦੀ ਲੋਕ-ਮਾਰੂ ਕਾਰਵਾਈ ਦਾ ਮਜ਼ਬੂਤੀ ਨਾਲ ਮੁਕਾਬਲਾ ਕੀਤਾ। ਇਸਦੇ ਵੱਡੇ ਨੇਤਾ ਜਿਵੇਂ ਤੇਜਾ ਸਿੰਘ ਸੁਤੰਤਰ ਅਤੇ ਬਾਬਾ ਬੂਝਾ ਸਿੰਘ ਰੂਪੋਸ਼ ਹੋ ਗਏ ਸਨ ਅਤੇ ਅਤੇ ਲਾਲ ਝੰਡਾ (ਗੁਪਤ ਅਖ਼ਬਾਰ) ਦੁਬਾਰਾ ਸ਼ੁਰੂ ਹੋ ਗਿਆ ਸੀ। ਲਾਲ ਪਾਰਟੀ ਨੇ ਪੈਪਸੂ ਦੀ ਮੁਜ਼ਾਰਾ ਲਹਿਰ ਵਿਚ ਸਰਗਰਮੀ ਨਾਲ ਭਾਗ ਲਿਆ ਅਤੇ ਸਫਲਤਾ ਹਾਸਲ ਕੀਤੀ ਜਿਹੜੀ ਕਿ ਇਸ ਦੀ ਮਹਾਨ ਜਿੱਤ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਗ਼ਦਰੀਆਂ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਵੀ ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਹੈ। ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ, ਮੇਵਾ ਸਿੰਘ ਲੋਪੋਕੇ, ਹਰੀ ਸਿੰਘ ਉਸਮਾਨ, ਤੇਜਾ ਸਿੰਘ ਸੁਤੰਤਰ, ਬਾਬਾ ਭਗਤ ਸਿੰਘ ਬਿਲਗਾ ਆਦਿ ਗ਼ਦਰੀਆਂ ਦੇ ਕਠਿਨ ਜੀਵਨ ਦੇ ਵਡਮੁੱਲੇ ਵੇਰਵਿਆਂ ਰਾਹੀਂ ਇਹ ਪੁਸਤਕ ਪਰੰਪਰਾਗਤ ਇਤਿਹਾਸ ਲੇਖਨ ਅੱਗੇ ਪ੍ਰਸ਼ਨ-ਚਿੰਨ੍ਹ ਪੈਦਾ ਕਰਦੀ ਹੈ। ਅੰਗਰੇਜ਼ ਸਮਾਰਾਜ ਦੁਆਰਾ ਸਿਰਜੇ ਹਿੰਦੁਸਤਾਨ ਦੀ ਲੁੱਟ ਦੇ ਇਤਿਹਾਸ ਨੂੰ ਬਾਬਾ ਬਿਲਗਾ ਵੰਗਾਰਦਾ ਹੀ ਨਹੀਂ ਸਗੋਂ ਸਾਡੇ ਇਤਿਹਾਸ ਦੀ ਇਨਕਲਾਬੀ ਵਿਰਾਸਤ ਨੂੰ ਸਾਹਮਣੇ ਵੀ ਲਿਆਉਂਦਾ ਹੈ। ਆਪਣੇ ਇਨਕਲਾਬੀ ਵਿਰਸੇ ਨੂੰ ਪੁਨਰ-ਸੁਰਜੀਤ ਕਰਦਾ ਹੋਇਆ ਲੇਖਕ ਇਨਕਲਾਬੀ ਵਿਵੇਕ ਨੂੰ ਸਹੀ ਸਿੱਧ ਕਰਨ ਲਈ ਅੰਗਰੇਜ਼ ਸਾਮਰਾਜ ਦੀ ਹਿੰਸਕ ਅਤੇ ਲੋਟੂ ਸਿਆਸਤ ਨੂੰ ਵੀ ਉਜਾਗਰ ਕਰ ਜਾਂਦਾ ਹੈ। ਗ਼ਦਰ ਲਹਿਰ ਨਾਲ ਸੰਬੰਧਿਤ ਲਿਖੀਆਂ ਗਈਆਂ ਪੁਸਤਕਾਂ ਵਿਚ ਇਹ ਪੁਸਤਕ ਇਕ ਮਹੱਤਵਪੂਰਨ ਸਥਾਨ ਰੱਖਦੀ ਹੈ। ਗ਼ਦਰ ਲਹਿਰ ਦੇ ਅਣਗੌਲੇ ਪਰ ਵਡਮੁੱਲੇ ਪੱਖਾਂ ਨੂੰ ਉਭਾਰਦੀ ਹੋਈ ਇਹ ਪੁਸਤਕ ਇਨਕਲਾਬੀ ਲਹਿਰਾਂ ਸਬੰਧੀ ਅਗਲੇਰੀ ਅਤੇ ਬਹੁ-ਪੱਖੀ ਖੋਜ ਲਈ ਹਵਾਲਾ ਪੁਸਤਕ (Reference Book) ਦੇ ਤੌਰ 'ਤੇ ਸਾਹਮਣੇ ਆਉਂਦੀ ਹੈ। ਬਾਬਾ ਬਿਲਗਾ ਜੀ ਦਾ ਇਹ ਇਕ ਸੁਹਿਰਦ ਯਤਨ ਹੈ ਜਿਸ ਵਿਚ ਉਨ੍ਹਾਂ ਨੇ ਗ਼ਦਰ ਲਹਿਰ ਦੇ ਇਤਿਹਾਸਕ, ਸਮਾਜਿਕ, ਸਿਆਸੀ, ਸੱਭਿਆਚਾਰਕ ਅਤੇ ਸਾਹਿਤਕ ਨੁਕਤਿਆਂ ਦਾ ਮੁਲਾਂਕਣ ਕੀਤਾ ਹੈ।

ਗ਼ਦਰ ਲਹਿਰ ਨਾਲ ਸੰਬੰਧਿਤ ਖੋਜ, ਅਧਿਐਨ ਅਤੇ ਅਧਿਆਪਨ ਸੰਬੰਧੀ ਅਜੇ ਵੀ ਸਾਡੇ ਚਿੰਤਕਾਂ, ਖੋਜਾਰਥੀਆਂ ਅਤੇ ਇਤਿਹਾਸਕਾਰਾਂ ਦਾ ਧਿਆਨ ਬਹੁਤਾ ਆਸ਼ਾਜਨਕ ਨਹੀਂ ਹੈ। ਹਾਲਾਂਕਿ ਇਸ ਲਹਿਰ ਨੇ ਸੁਚੇਤ ਤੌਰ 'ਤੇ ਗੁਲਾਮੀ ਦੀ ਜਿਲ੍ਹਣ ਵਿੱਚੋਂ ਕੱਢਣ ਲਈ ਹਿੰਦੋਸਤਾਨੀ ਲੋਕਾਂ ਅੰਦਰ ਦੇਸ਼-ਭਗਤੀ ਦਾ ਜਜ਼ਬਾ ਜਗਾਇਆ ਸੀ। ਗ਼ਦਰੀਆਂ ਦੇ ਆਜ਼ਾਦ ਭਾਰਤ ਦੇ ਸੁਪਨੇ ਤੇ ਮਨੁੱਖੀ ਸਖਸ਼ੀਅਤਾਂ ਦੀ ਸੰਪੂਰਨ ਉਸਾਰੀ ਅਤੇ ਖੁਸ਼ਹਾਲੀ ਲਈ ਪੁਸਤਕ ਦੇ ਆਖਰੀ ਸ਼ਬਦ ਸਾਡਾ ਧਿਆਨ ਖਿੱਚਦੇ ਹਨ :

ਅੱਜ ਵੀ ਜੀਵਤ ਗ਼ਦਰੀ ਤੇ ਉਨ੍ਹਾਂ ਦੇ ਕਿਰਤੀ ਵਾਰਸ ਪੰਜਾਬ ਦੇ ਘੋਲ ਵਿਚ ਵਿਸ਼ੇਸ਼ ਹਿੱਸਾ ਪਾ ਰਹੇ ਹਨ। ਗ਼ਦਰੀਆਂ ਨੇ ਜੋ ਸ਼ਮ੍ਹਾਂ ਪੰਜਾਹ ਸਾਲ ਪਹਿਲਾਂ ਜਗਾਈ ਸੀ, ਅੱਜ ਵੀ ਜਗਮਗਾਉਂਦੀ ਹੈ। ਉਹ ਆਜ਼ਾਦ ਭਾਰਤ ਵਿਚ ਹੋ ਰਹੀਆਂ ਕੁਰੀਤੀਆਂ ਦੇ ਖਿਲਾਫ ਲੋਕਾਂ ਦੇ ਹੱਕਾਂ ਲਈ ਉਸੇ ਲਗਨ, ਦਿਆਨਤਦਾਰੀ ਤੇ ਦਲੇਰੀ ਨਾਲ ਸੰਘਰਸ਼ ਕਰ ਰਹੇ ਹਨ। "ਸ਼ਾਅਲਾ ਮੇਰਾ ਦੇਸ਼ ਆਜ਼ਾਦ ਖੁਸ਼ਹਾਲ ਰਹੇ।" ਗ਼ਦਰੀਆਂ ਦੀ ਆਖ਼ਰੀ ਖ਼ਾਹਿਸ਼ ਸੀ। ਇਹ ਪੂਰੀ ਹੋ ਕੇ ਰਹੇਗੀ। (ਪੰਨਾ-308)

ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਫੋਨ: 98149-02040



## ਦੋ ਗ਼ਜ਼ਲਾਂ

- ਹਰਸ਼ਰਨ ਸ਼ਰੀਫ

1.

ਅਸਾਡਾ ਭਿੰਨ ਹੈ ਬਾਣਾ ਤੇ ਵੱਖਰੀ ਸ਼ਾਨ ਦੁਨੀਆਂ 'ਤੇ।
ਗੁਰਾਂ ਨੇ ਬਾਖ਼ੁਸ਼ੀ ਹੈ ਸਾਨੂੰ ਅਲੱਗ ਪਹਿਚਾਣ ਦੁਨੀਆਂ 'ਤੇ।

ਕਿਸੇ ਦੇ ਖ਼ੂਨ ਦੇ ਕਤਰੇ ਕਿਸੇ ਦੀ ਦਿਲ ਦੀ ਧੜਕਣ ਨੇ,
ਲਹੂ ਦੇ ਦਾਨ ਤੋਂ ਵੱਡਾ ਨਹੀਂ ਹੈ ਦਾਨ ਦੁਨੀਆਂ 'ਤੇ।

ਕਹਾਣੀ ਵਿੱਚ ਦਾਦੀ ਦੀ ਸੀ ਹਰ ਦਾਨਵ ਇੱਕ ਅੱਖਾਂ ਪਰ,
ਹਕੀਕਤ ਵਿਚ ਮਿਲੇ ਦੋ ਅੱਖੀਏ ਸ਼ੈਤਾਨ ਦੁਨੀਆਂ 'ਤੇ।

ਸਲੀਬਾਂ, ਸੂਲੀਆਂ, ਤਵੀਆਂ ਦੇ ਕੰਨੀ ਮਚ ਪਿਆ ਭਾਂਬੜ,
ਜਦੋਂ ਵੀ ਸੱਚ ਨੇ ਕੀਤਾ ਕੋਈ ਫ਼ੁਰਮਾਨ ਦੁਨੀਆਂ 'ਤੇ।

ਪਤਾ ਨਈਂ ਨਰਕ ਵਿਚ ਜਾ ਕੇ ਇਹ ਕਿਹੜਾ ਫੁਲ ਖਿੜਾਏਗਾ,
ਕਦਰ ਕਰਦਾ ਨਹੀਂ ਇਨਸਾਨ ਦੀ ਇਨਸਾਨ ਦੁਨੀਆਂ 'ਤੇ।

ਕਲਮ ਮੇਰੀ 'ਚੋਂ ਬਣਕੇ ਹਰਫ਼ ਕਿਰਦੇ ਹੰਝੂ ਲੂਣਾ ਦੇ,
ਜਦੋਂ ਵੀ ਵੇਖਦਾ ਹਾਂ ਵਿਚਰਦਾ ਸਲਵਾਨ ਦੁਨੀਆਂ 'ਤੇ।

ਸ਼ਰੀਫ! ਇਸ ਜਗ ਦੀ ਹਰ ਜਣਨੀ ਦੀ ਕੁਖ ਹੈ ਜਾਂਚਣੀ ਪੈਣੀ,
ਅਸਾਂ ਨੂੰ ਪੈ ਗਏ ਗਿਣਨੇ ਜੋ ਕੁਲ ਸ਼ਮਸ਼ਾਨ ਦੁਨੀਆਂ 'ਤੇ।

2.

ਕਦੇ ਮੈਂ ਸ਼ੋਰ ਸੁਣਦਾ ਹਾਂ ਚੁਫੇਰੀ ਚੁਪ ਚਾਂ ਵਿੱਚੋਂ।
ਕਦੇ ਖਾਮੋਸ਼ੀਆਂ ਨੂੰ ਖੋਜ ਲੈਂਦਾ ਮਹਿਫਿਲਾਂ ਵਿੱਚੋਂ।

ਇਹ ਕਾਲੇ ਹਰਫ਼ ਮੈਨੂੰ ਜਾਪਦੇ ਨੇ ਜੁਗਨੂੰਆਂ ਵਰਗੇ,
ਪੜ੍ਹਾਂ ਤਾਂ ਛਲਕਦਾ ਹੈ ਨੂਰ ਇਹਨਾਂ ਅੱਖਰਾਂ ਵਿੱਚੋਂ।

ਭੁਲੇਖਾ ਪਾ ਰਹੇ ਨੇ ਦੂਰ ਤੋਂ ਜੋ ਸ਼ਾਂਤ ਹੋਵਣ ਦਾ,
ਨਿਕਲਦਾ ਵੇਖਿਐ ਲਾਵਾ ਮੈਂ ਉਹਨਾਂ ਪਰਬਤਾਂ ਵਿੱਚੋਂ।

ਕਿਸੇ ਨੂੰ ਬਾਲੜੀ ਦੇ ਤੋਤਲੇ ਬੋਲਾਂ 'ਚ ਨਈ ਦਿਸਦਾ,
ਕਿਸੇ ਨੂੰ ਉਹ ਨਜ਼ਰ ਆਉਂਦਾ ਹੈ ਗੁੰਗੇ ਪੱਥਰਾਂ ਵਿੱਚੋਂ।

ਕਸੌਟੀ ਕੋਲ ਨਾ ਮੇਰੇ, ਪਰਖਣੇ ਦਾ ਨਾ ਵੱਲ ਮੈਨੂੰ,
ਮੈਂ ਕਿੱਦਾਂ ਲੱਭ ਲਵਾਂ ਦਰਵੇਸ਼ ਇਹਨਾ ਫੱਕਰਾਂ ਵਿੱਚੋਂ?

ਕਲਮ ਨੂੰ ਰੋਕ ਲਈ ਪਾਂਦਾ, ਸਫ਼ੇ ਦੀ ਹਿੱਕ 'ਤੇ ਚਲਣੋਂ,
ਜਦੋਂ ਵੀ ਸ਼ੋਰ ਉਠਦਾ ਹੈ ਮੇਰੇ ਮਨ ਦੀ ਸਰਾਂ ਵਿੱਚੋਂ।

ਹੈ ਰੱਬ ਦਾ ਸ਼ੁਕਰ, ਮੇਰੇ ਦੁਸ਼ਮਣਾਂ ਤੋਂ ਦੋਸਤ ਨੇ ਅਣਜਾਣ,
ਨਹੀਂ ਤਾਂ ਬੇਲੀਆਂ ਦੇ ਤੀਰ ਆਂਦੇ ਵੈਰੀਆਂ ਵਿੱਚੋਂ।

ਉਡਾਰੀ ਖ਼ਿਆਲ ਦੀ ਲਾ ਕੇ ਜਦੋਂ ਵੀ ਸ਼ਿਅਰ ਬੰਨ੍ਹਦਾ ਹਾਂ,
ਨਵਾਂ ਹੀ ਰੰਗ ਚੁਣਦਾਂ ਚੇਤਨਾ ਦੀ ਕਹਿਕਸ਼ਾਂ ਵਿੱਚੋਂ।

ਸ਼ਰੀਫ਼! ਆਪਾਂ ਜੇ ਐਨਕ ਧਰਮ ਦੀ ਕੁਝ ਦੇਰ ਲਾਹ ਦੇਈਏ,
ਨਜ਼ਰ ਆਵਣਗੀਆਂ ਕੁਝ ਖ਼ੂਬੀਆਂ ਵੀ ਕਾਫ਼ਰਾਂ ਵਿੱਚੋਂ।

ਗ਼ਜ਼ਲ ਵਿਲਾ, ਜੋਗਿੰਦਰ ਨਗਰ, ਪਟਿਆਲਾ

## ਸੋਮਦੱਤ ਦਿਲਗੀਰ ਦੀਆਂ ਦੋ ਗ਼ਜ਼ਲਾਂ

### 1.

ਸੁਰਾਂ ਬਾਗੀ ਨੇ, ਰਾਗਾਂ ਦੀ ਹਿਫ਼ਾਜ਼ਤ ਹੋ ਨਹੀਂ ਸਕਣੀ
ਤੇ ਹੁਣ ਸ਼ਾਇਦ ਸਹੀ ਸੁਰ ਦੀ ਸ਼ਨਾਖ਼ਤ ਹੋ ਨਹੀਂ ਸਕਣੀ।

ਬਖੇਰਾ ਪਾ ਲਿਆ ਰੌਲਾ, ਤੂੰ ਟਿਕ ਕੇ ਬੈਠ ਜਾ ਹੁਣ ਤਾਂ,
ਕਿ ਟੁੱਟੀ ਤਾਲ ਦੀ ਤੈਥੋਂ ਮੁਰੰਮਤ ਹੋ ਨਹੀਂ ਸਕਣੀ।

ਕਲਾ ਨੂੰ ਤਾਂ ਹਮੇਸ਼ਾ ਸਾਧਨਾ ਹੀ ਮਾਣ ਦਿੰਦੀ ਹੈ,
ਇਹ ਮਸਲਾ ਦਿਲ ਦਾ ਹੈ, ਇਸ ਦੀ ਤਜਾਰਤ ਹੋ ਨਹੀਂ ਸਕਣੀ।



ਤੂੰ ਹੱਥਾਂ ਨਾਲ ਲਾਉਂਦਾ ਏ, ਬੁਝਾਉਂਦਾ ਨਾਲ ਪੈਰਾਂ ਦੇ,
ਤੇਰੀ ਹਾਂ ਵਿਚ ਰਲਾਵਾਂ ਹਾਂ, ਇਹ ਹਿੰਮਤ ਹੋ ਨਹੀਂ ਸਕਣੀ।

ਜਲੇ ਦੁੱਧ ਦੇ ਨੇ, ਫੂਕਾਂ ਮਾਰਦੇ ਸਭ ਲੋਕ ਲੱਸੀ ਨੂੰ,
ਇਨ੍ਹਾਂ ਕੋਲੋਂ ਤਾਂ ਹੁਣ ਤੇਰੀ ਹਿਮਾਇਤ ਹੋ ਨਹੀਂ ਸਕਣੀ।

ਇਰਾਦਾ ਪਾਕ ਉੱਚਾ ਲਕਸ਼, ਜਜ਼ਬਾ, ਹੋਸ਼ ਸ਼ਾਮਿਲ ਕਰ,
ਇਕੱਲੇ ਲਾਲ ਰੰਗ ਤੋਂ ਹੀ ਬਗ਼ਾਵਤ ਹੋ ਨਹੀਂ ਸਕਣੀ।

### 2.

ਇਹ ਕੈਸੀ ਅੱਗ ਨਫ਼ਰਤ ਦੀ, ਦਿਲਾਂ ਵਿਚ ਭਰ ਰਹੇ ਨੇ ਉਹ,
ਕਿ ਸਾਡੇ ਨਿੱਘ ਨੂੰ ਵੀ, ਸੇਕ ਵਰਗਾ ਕਰ ਰਹੇ ਨੇ ਉਹ।

"ਤੁਹਾਡੇ ਸਿਰ ਵੀ ਢੱਕਾਂਗੇ" ਇਹ ਹਾਮੀ ਭਰ ਰਹੇ ਨੇ ਉਹ,
ਅਜੇ ਤਾਂ ਆਪਣੇ ਹੱਥ-ਪੈਰ ਨਿੱਘੇ ਕਰ ਰਹੇ ਨੇ ਉਹ।

ਠਰ੍ਹੀ ਹੋਈ ਰਾਤ, ਲੋਈ ਲੈਕੇ ਉੱਤੇ ਪੋਹ ਦੇ ਚਾਨਣ ਦੀ,
ਕਿ ਸਦੀਆਂ ਤੋਂ ਹੀ ਏਦਾਂ ਜਿਸਮ ਨਿੱਘਾ ਕਰ ਰਹੇ ਨੇ ਉਹ।

ਖਲਾ ਵਿਚ ਭਟਕਦੇ ਫਿਰਦੇ, ਮੇਰੇ ਜਜ਼ਬਾਤ ਹਾਲੇ ਵੀ,
ਸਜ਼ਾ ਕਿਸ ਜ਼ੁਰਮ ਦੀ ਏਡੀ, ਨਿਮਾਣੇ ਜਰ ਰਹੇ ਨੇ ਉਹ।

ਪਰਿੰਦੇ ਦੇਸ਼ ਮੇਰੇ ਦੇ ਨੇ ਕਿਨੇ ਬੌਖਲਾ ਚੁੱਕੇ
ਬਿਨਾਂ ਸੋਚੇ, ਬਿਨਾਂ ਸਮਝੇ, ਉਡਾਰੀ ਭਰ ਰਹੇ ਨੇ ਉਹ।

ਬੁਝਾ ਕੇ ਚੰਨ, ਸੂਰਜ ਤਾਰਿਆਂ ਦੇ ਦੀਪ ਸਭ ਹੱਥੀਂ,
ਗਗਨ ਅੰਗਾਰਿਆਂ ਦੇ ਨਾਲ ਸਾਰਾ ਭਰ ਰਹੇ ਨੇ ਉਹ।

ਬਣੇ ਨੇ ਲੋਕ ਕੰਢੀ ਦੇ ਨਿਰੇ ਹੀ ਬਰਫ਼ ਦੇ ਪੁਤਲੇ
ਤੇ ਹੋਣਾ ਰੂ-ਬ-ਰੂ ਸੂਰਜ ਦੇ ਹਿੰਮਤ ਕਰ ਰਹੇ ਨੇ ਉਹ।

ਪਿੰਡ ਤੇ ਡਾਕਖਾਨਾ-ਜੇਜੋਂ-144530 ਹੁਸ਼ਿਆਰਪੁਰ।
ਮੋਬਾਇਲ: 94656-67989

# ਗਜ਼ਲ

- ਪ੍ਰੀਤਮ ਪੰਧੇਰ

ਖੁਲ੍ਹਦੇ ਗਏ ਦਰਵਾਜੇ ਸਾਰੇ ਅੰਦਰ ਚਾਨਣ ਹੋਇਆ।
ਫੇਰ ਕਿਤੇ ਇਹ ਸਿਰ ਨਾ ਝੁਕਿਆ, ਦਿਲ ਦਾ ਸ਼ੀਸ਼ਾ ਧੋਇਆ।

ਮੈਂ ਮਿੱਟੀ ਦਾ ਪਲ ਪਲ ਕਿਰਦਾ, ਸਾਹੀਂ ਡੋਰ ਪਰੋਇਆ।
ਤੁਰਦਾ ਆਇਆਂ, ਤੁਰਦਾ ਜਾਣਾ, ਰਸਤਾ ਮੰਜ਼ਿਲ ਹੋਇਆ।

ਮਾਨਵ ਦੀ ਚੇਤੰਨਤਾ ਉਸਦੀ ਸ਼ਕਤੀ ਹੈ ਬਣ ਜਾਂਦੀ,
ਦੀਵੇ ਅੱਗੇ ਨੇਰ੍ਹੇ ਘਰ ਦਾ ਨੇਰ੍ਹਾ ਕਦੋਂ ਖ਼ਲੋਇਆ।

ਆਪਣੀ ਰਾਖੀ ਆਪੇ ਕਰਨੀ ਪੈਂਦੀ ਕਹਿਣ ਸਿਆਣੇ।
ਸੋਮ ਨਾਥ ਦਾ ਮੰਦਿਰ ਲੁੱਟਿਆ ਅਰਜਾਂ ਕਰਦਾ ਹੋਇਆ।

ਲੱਖ ਕਰੋੜਾਂ ਕਾਮੇ ਹੱਥ ਅੱਜ ਭੁੱਖਣ ਭਾਣੇ ਸੌਂਦੇ,
ਚੰਦ ਰੋਟੀ ਚੋਰਾਂ ਨੂੰ ਇਨ ਤੋਂ ਕਾਬੂ ਨਾ ਕਰ ਹੋਇਆ।

ਇਸ ਚੰਦਰੇ ਮੌਸਮ ਵਿੱਚ ਲੋਕੀਂ ਵਾਂਗ ਚੁਰਸਤੇ ਵੰਡੇ,
ਸਦੀਆਂ ਹੋਈਆਂ ਇਹਨਾਂ ਤੋਂ, ਇਕ ਰਸਤੇ ਤੁਰ ਨਾ ਹੋਇਆ।

ਸੁਰਗਾਂ ਦੀ ਆਸਾ ਵਿੱਚ ਬੰਦਾ ਨਰਕੀ ਜੀਣ ਹੰਢਾਵੇ,
ਇਸ ਜੀਵਨ ਦਾ ਭਾਵੀ ਸੁਖ ਵੀ ਇਸ ਤੋਂ ਲੈ ਨਾ ਹੋਇਆ।

ਮਹਿੰਗਾਈ ਦੀ ਮੱਕੜੀ ਖਾਂਦੀ ਨੋਚ-ਨੋਚ ਕੇ ਜੀ ਨੂੰ,
ਜ਼ਿੰਦਗਾਨੀ ਦਾ ਹਰ ਪਲ ਗੁਜ਼ਰੇ ਕੰਡਿਆਂ ਸੰਗ ਪਰੋਇਆ।

ਕੁੱਖਾਂ ਵੀ ਨੇ ਕਬਰਾਂ ਬਣੀਆਂ, ਹੁਣ ਧੀਆਂ ਦੀ ਖਾਤਰ,
ਮਮਤਾ ਦੇ ਸਾਗਰ ਸੁੱਕ ਚੱਲੇ, ਰੱਬਾ ਇਹ ਕੀ ਹੋਇਆ।

ਸੌ ਵਾਰੀ ਮਰਦੇ ਨੇ ਨਿਸਦਿਨ ਜੀਣ ਦੀ ਖ਼ਾਤਰ 'ਪ੍ਰੀਤਮ'
ਅਣਖ ਦੀ ਖ਼ਾਤਰ ਜਿਨ੍ਹਾਂ ਤੋਂ ਇਕ ਵਾਰੀ ਮਰ ਨਾ ਹੋਇਆ.

**1843, ਗਲੀ ਨੰਬਰ-6, ਮਹਾਰਾਜ ਨਗਰ, ਲੁਧਿਆਣਾ-141001**



# ਪੰਜਾਬੀ ਸੂਫ਼ੀ ਕਵਿਤਾ ਦੀ ਧੁਨੀ

- ਡਾ. ਸੁਖਦੇਵ ਸਿੰਘ

ਮੱਧਕਾਲੀਨ ਭਾਰਤੀ ਸਮਾਜ ਨੂੰ ਨਵੀਂ ਰੰਗਤ ਦੇਣ ਵਿਚ ਸੂਫ਼ੀ ਅਤੇ ਭਗਤੀ ਲਹਿਰ ਦਾ ਮਹੱਤਵਪੂਰਨ ਯੋਗਦਾਨ ਹੈ। ਭਾਰਤੀ ਅਤੇ ਸਾਮੀ ਸੱਭਿਆਚਾਰਾਂ ਦੇ ਆਪਸੀ ਟਕਰਾਉ, ਸੰਵਾਦ ਅਤੇ ਸੁਮੇਲ ਨਾਲ ਜਿਹੜੀ ਨਵੀਂ ਸਥਿਤੀ ਪੈਦਾ ਹੋਈ, ਉਸ ਦੇ ਫ਼ਲਸਰੂਪ ਭਾਰਤੀ ਸਮਾਜ ਬਹੁਲਤਾਵਾਦੀ ਸਰੂਪ ਧਾਰਨ ਕਰਦਾ ਹੈ। ਦੋ ਅਸਲੋਂ ਵੱਖਰੇ ਸੱਭਿਆਚਾਰਾਂ ਦੇ ਸੰਵਾਦ ਤੇ ਸੁਮੇਲ ਦੀ ਪ੍ਰਕਿਰਿਆ ਦੇ ਸਿੱਟੇ ਵਜੋਂ ਨਾ ਕੇਵਲ ਭਾਰਤ ਦੀ ਸਮਾਜਿਕ-ਸੰਰਚਨਾ ਅਤੇ ਮਾਨਸਿਕਤਾ ਵਿਚ ਪਰਿਵਰਤਨ ਵਾਪਰੇ, ਸਗੋਂ ਸਾਡੇ ਦਰਸ਼ਨ, ਧਾਰਮਿਕ ਚਿੰਤਨ, ਕਲਾਵਾਂ ਅਤੇ ਭਾਸ਼ਾਵਾਂ ਉੱਪਰ ਦੂਰ-ਰਸ ਪ੍ਰਭਾਵ ਪੈਣੇ ਸ਼ੁਰੂ ਹੋਏ। ਸੂਫ਼ੀਆਂ, ਭਗਤਾਂ/ਸੰਤਾਂ ਤੇ ਸਿੱਖ ਗੁਰੂ ਸਾਹਿਬਾਨ ਦੀ ਉਦਾਰਵਾਦੀ ਤੇ ਸੁਲਾਹਕੁੱਲ ਨੀਤੀ ਕਾਰਣ ਦੋ ਅਸਲੋਂ ਓਪਰੇ ਸੱਭਿਆਚਾਰ ਟਕਰਾਉ ਦੀ ਥਾਂ ਸੰਵਾਦ ਤੇ ਸੁਮੇਲ ਦੀ ਸਥਿਤੀ ਵਿਚ ਆਏ। ਭਾਰਤੀ ਸਮਾਜ ਅੰਦਰ ਸੱਭਿਆਚਾਰਕ ਪੁਨਰ-ਜਾਗਰਣ ਦਾ ਜਿਹੜਾ ਨਵਾਂ ਦੌਰ ਸ਼ੁਰੂ ਹੋਇਆ, ਉਸ ਵਿਚ ਸੂਫ਼ੀ, ਭਗਤ ਤੇ ਗੁਰੂ ਸਾਹਿਬਾਨ ਪੇਸ਼-ਪੇਸ਼ ਸਨ। ਇਸਲਾਮ ਵਿਚ ਅਕੀਦੇ ਦੀ ਸਾਂਝ ਦੇ ਬਾਵਜੂਦ ਸੂਫ਼ੀ ਦਰਵੇਸ਼ ਮੁਗ਼ਲ ਹਾਕਮਾਂ ਨਾਲੋਂ ਭਾਰਤੀ ਜਨ-ਮਾਨਸ ਦੇ ਵਧੇਰੇ ਨੇੜੇ ਰਹੇ।

ਪੰਜਾਬੀ ਸੂਫ਼ੀ ਕਵਿਤਾ ਦੇ ਵਿਲੱਖਣ ਸਾਰ ਨੂੰ ਸਮਝਣ ਲਈ ਸੂਫ਼ੀ ਲਹਿਰ ਦੇ ਇਤਿਹਾਸਕ ਵਿਕਾਸ, ਭਾਰਤ ਵਿਚ ਇਲਾਮ ਦੇ ਪ੍ਰਵੇਸ਼ ਤੇ ਇਸ ਦੇ ਸਿੱਟੇ ਵਜੋਂ ਪੈਦਾ ਹੋਈ ਸੱਭਿਆਚਾਰਕ ਸੰਵਾਦ ਦੀ ਸਥਿਤੀ, ਭਾਰਤੀ ਖਿੱਤੇ ਵਿਚ ਇਸਲਾਮ ਅਤੇ ਸੂਫ਼ੀ ਮੱਤ ਦੇ ਆਪਸੀ ਰਿਸ਼ਤੇ, ਸੂਫ਼ੀਆਂ ਦੁਆਰਾ ਇਸਲਾਮ ਦੇ ਭਾਰਤੀਕਰਣ ਵਿਚ ਨਿਭਾਈ ਗਈ ਫ਼ੈਸਲਾਕੁਨ ਭੂਮਿਕਾ, ਇਸਲਾਮੀ ਸ਼ਰ੍ਹਾ ਦੇ ਕਠੋਰ ਸਨਾਤਨੀ ਨਿਭਾਅ ਦੀ ਥਾਂ ਧਰਮ ਦੇ ਸਰਲੀਕਰਣ ਵਿਚ ਸੂਫ਼ੀ ਦਰਵੇਸ਼ਾਂ ਦਾ ਯੋਗਦਾਨ, ਸਮਕਾਲੀ ਭਾਰਤੀ ਧਾਰਮਿਕ ਪਰੰਪਰਾਵਾਂ ਤੇ ਸੰਤਾਂ/ਭਗਤਾਂ ਪ੍ਰਤੀ ਸੂਫ਼ੀਆਂ ਦਾ ਉਦਾਰਵਾਦੀ ਸਲਾਹਕੁੱਲ ਰਵੱਈਆ ਅਤੇ ਭਾਰਤੀ/ਪੰਜਾਬੀ ਲੋਕਧਾਰਾ, ਮਿਥਿਹਾਸ ਤੇ ਸਥਾਨਕ ਭਾਸ਼ਾਵਾਂ ਵੱਲ ਸੂਫ਼ੀ ਕਵੀਆਂ ਦਾ ਆਕਰਸ਼ਣ ਤੇ ਨਜ਼ਰੀਆ ਆਦਿ ਤੱਥਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਇਥੇ ਇਸ ਗੱਲੋਂ ਵੀ ਸੁਚੇਤ ਰਹਿਣ ਦੀ ਜ਼ਰੂਰਤ ਹੈ ਕਿ ਇਸਲਾਮ ਨਾਲ ਧਾਰਮਿਕ ਅਕੀਦੇ ਦੀ ਸਾਂਝ ਦੇ ਬਾਵਜੂਦ ਪੰਜਾਬੀ ਸੂਫ਼ੀ ਕਵੀ ਅਰਬੀ/ਫ਼ਾਰਸੀ ਦੀ ਸਨਾਤਨੀ ਕਾਵਿ-ਪਰੰਪਰਾ ਤੋਂ ਬੇਨਿਆਜ਼ ਰਹੇ। ਭਾਵੇਂ ਪੰਜਾਬ ਅੰਦਰ ਮੁੱਢਲੇ ਸੂਫ਼ੀ ਮੁਗ਼ਲ ਹਾਕਮਾਂ ਨਾਲ ਪ੍ਰਚਾਰਕਾਂ ਵਜੋਂ ਆਏ, ਪਰ ਉਚੇਰੀਆਂ ਆਤਮਿਕ ਕਦਰਾਂ ਨੂੰ ਪ੍ਰਣਾਏ ਹੋਣ ਕਰਕੇ ਉਹ ਛੇਤੀ ਹੀ ਰਾਜ ਦਰਬਾਰਾਂ ਤੋਂ ਦੂਰ ਤੇ ਆਮ ਮਖ਼ਲੂਕ ਦੇ ਨੇੜੇ ਹੁੰਦੇ ਚਲੇ ਗਏ। ਸੱਯਦ ਸੁਲੇਮਾ ਨਦਵੀ ਦਾ ਇਹ ਕਹਿਣਾ ਉਚਿਤ ਹੈ ਕਿ —

"ਇਸਲਾਮੀ ਯੁੱਗ ਵਿਚ ਦੋ ਪ੍ਰਕਾਰ ਦੀ ਬਾਦਸ਼ਾਹਤ ਨਾਲ ਨਾਲ ਕਾਇਮ ਰਹੀ, ਇਕ ਤਖ਼ਤ ਤੇ ਤਾਜ ਵਾਲੇ ਹੁਕਮਰਾਨਾਂ ਦੀ, ਦੂਜੀ ਖਾਨਕਾਹਾਂ ਵਿਚ ਬੋਰੀਆਂ ਉਪਰ ਬੈਠਣ ਵਾਲੇ (ਦਰਵੇਸ਼ਾਂ) ਦੀ। ਇਕ ਤੋਪ ਅਤੇ ਤਲਵਾਰ ਨਾਲ ਰਾਜਾਂ ਨੂੰ ਗੁਲਾਮ ਬਣਾਉਂਦੇ ਰਹੇ, ਦੂਜੇ ਆਪਣੇ ਉੱਚੇ ਆਚਰਣ ਨਾਲ ਲੋਕਾਂ ਦੇ ਦਿਲਾਂ-ਦਿਮਾਗਾਂ ਨੂੰ ਜਿਤਦੇ ਰਹੇ।'

ਨਿਰਸੰਦੇਹ, ਸੂਫ਼ੀ ਮੱਤ ਦਾ ਮੂਲ ਪ੍ਰੇਰਣਾ ਸ੍ਰੋਤ ਇਸਲਾਮ, ਪੈਗ਼ੰਬਰ ਹਜ਼ਰਤ ਮੁਹੰਮਦ ਦੀਆਂ ਸਿੱਖਿਆਵਾਂ, ਕੁਰਆਨ ਅਤੇ ਹਦੀਸ ਦਾ ਦਰਸ਼ਨ ਹੈ। ਏ. ਜੇ. ਆਰਬਾਰੀ, ਅਨੈਮੇਰੀ ਸ਼ਿਮਲ, ਪ੍ਰੋ.

ਹਿਲਮੀ, ਏ. ਐੱਮ. ਏ. ਸ਼ੁਸ਼ਤਰੀ, ਜੇ. ਸਪੈਂਸਰ ਤਰਮਿੰਘਮ ਅਤੇ ਜੌਹਨ ਏ. ਸੁੱਭਾਨ ਆਦਿ ਚਿੰਤਕ ਸੂਫ਼ੀ ਮੱਤ ਨੂੰ ਇਸਲਾਮ ਦਾ ਹੀ ਅੰਦਰੂਨੀ ਦਾਇਰਾ ਕਹਿੰਦੇ ਹਨ।[2] ਇਸਲਾਮੀ ਧਰਮ-ਸ਼ਾਸਤਰੀਆਂ ਦੇ ਮੁਕਾਬਲੇ ਮੁੱਢਲੇ ਪੜਾਅ ਦੀ ਸੂਫ਼ੀ ਸਾਧਕਾਂ ਨੇ ਸ਼ਰ੍ਹੱਈ ਬੰਧੇਜ਼ ਦੀ ਥਾਂ ਆਤਮਿਕ-ਸਾਧਨਾ ਦੇ ਸਿਧਾਂਤਾਂ ਦੀ ਵਿਆਖਿਆ ਉੱਪਰ ਜ਼ੋਰ ਦਿੱਤਾ। ਸੂਫ਼ੀ ਮੱਤ ਦੇ ਉਦਭਵ ਤੇ ਪਾਸਾਰ ਬਾਰੇ ਵੀ ਵਿਦਵਾਨਾਂ ਵਿਚ ਮੱਤ-ਭੇਦ ਹਨ। ਬਹੁ-ਗਿਣਤੀ ਸੂਫ਼ੀ ਮੱਤ ਨੂੰ ਇਸਲਾਮ ਦਾ ਹੀ ਅਗਲੇਰਾ ਵਿਸਥਾਰ ਜਾਂ ਸਹਿਜ ਵਿਕਾਸ ਮੰਨਦੀ ਹੈ ਪਰ ਆਰ. ਏ. ਨਿਕਲਸਨ ਅਤੇ ਈ. ਜੀ. ਏ. ਬਰਾਊਨ ਆਦਿ ਪੱਛਮੀ ਵਿਦਵਾਨ ਸੂਫ਼ੀ ਮੱਤ ਨੂੰ ਸਨਾਤਨੀ ਇਸਲਾਮ ਦੇ ਕੱਟੜ ਤੇ ਸ਼ੱਰ੍ਹਈ ਰੂਪ ਦੇ ਖਿਲਾਫ਼ ਈਰਾਨੀ ਰਹੱਸਵਾਦੀਆਂ ਦਾ ਪ੍ਰਤੀਕਰਮ ਮੰਨਦੇ ਹਨ, ਜਿਨ੍ਹਾਂ ਉੱਪਰ ਯੂਨਾਨੀ ਨਵ-ਅਫ਼ਲਾਤੂਨੀ (ਫਲਾਤੀਨਸ ਦਾ ਚਿੰਤਨ) ਵਿਚਾਰਾਂ ਦਾ ਪ੍ਰਭਾਵ ਸੀ।[3] ਸਾਡੇ ਅਧਿਐਨ ਲਈ ਮਹੱਤਵਪੂਰਨ ਨੁਕਤਾ ਇਹ ਹੈ ਕਿ ਭਾਵੇਂ ਇਰਾਨੀ ਸੂਫ਼ੀ ਮੱਤ ਸ਼ਰ੍ਹਈ ਇਸਲਾਮ ਦੀ ਸਨਾਤਨੀ ਕਠੋਰਤਾ ਦੇ ਵਿਰੁੱਧ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ, ਪਰ ਭਾਰਤ ਵਿਚ ਆਉਣ ਵਾਲੇ ਮੁੱਢਲੇ ਸੂਫ਼ੀਆਂ ਦਾ ਇਸਲਾਮ ਨਾਲ ਕੋਈ ਵਿਰੋਧ ਨਹੀਂ ਸੀ। ਸੱਚ ਤਾਂ ਇਹ ਕਿ ਹਜ਼ਰਤ ਮਖ਼ਦੂਮ ਅਲੀ ਹੁਜਵੀਰੀ (ਕਰਤਾ ਕਸ਼ਫ਼ੂਲ ਮਹਿਜੂਬ, ਮੌਤ 1702 ਈ.) ਅਤੇ ਸ਼ੇਖ਼ ਫ਼ਰੀਦ ਵਰਗੇ ਮੁੱਢਲੇ ਸੂਫ਼ੀ ਸੰਤਾਂ ਨੇ ਉਤਰੀ ਭਾਰਤ ਵਿਚ ਇਸਲਾਮ ਦੇ ਪ੍ਰਚਾਰ-ਪ੍ਰਸਾਰ ਲਈ ਮਹੱਤਵਪੂਰਨ ਭੂਮਿਕਾ ਨਿਭਾਈ।[4] ਪਰ ਪਿਛਲੇਰੇ ਸੂਫੀਆਂ ਜਿਵੇਂ ਮੀਆਂ ਮੀਰ, ਦਾਰਾ ਸ਼ਿਕੋਹ, ਅਬੁੱਲ ਫ਼ਜ਼ਲ ਅਤੇ ਫ਼ੈਅਜ਼ੀ ਆਦਿ ਨੇ ਇਸਲਾਮ ਦੀ ਸਰਬ-ਉੱਚਤਾ ਦਾ ਪ੍ਰਚਾਰ ਕਰਨ ਤੋਂ ਸੰਕੋਚ ਕੀਤਾ। ਇਨ੍ਹਾਂ ਨੇ ਧਰਮ ਪ੍ਰਚਾਰਕਾਂ ਵਾਲਾ ਮਿਸ਼ਨਰੀ ਕੰਮ ਤਿਆਗ ਦਿੱਤਾ ਅਤੇ ਇਹ ਵੱਖ-ਵੱਖ ਭਾਰਤੀ ਧਰਮਾਂ ਤੇ ਦਾਰਸ਼ਨਿਕ ਪੱਧਤੀਆਂ ਦੇ ਅਧਿਐਨ ਵੱਲ ਰੁਚਿਤ ਹੋ ਗਏ।[5] ਅਕਬਰ ਅਤੇ ਜਹਾਂਗੀਰ ਦੇ ਸ਼ਾਸ਼ਨ ਕਾਲ ਵਿਚ ਸੰਸਕ੍ਰਿਤ ਗ੍ਰੰਥਾਂ ਦੇ ਫ਼ਾਰਸੀ ਅਨੁਵਾਦ ਹੋਏ। ਅਬੁੱਲ ਫ਼ਜ਼ਲ ਨੇ 'ਆਇਨੇ-ਅਕਬਰੀ' ਵਿਚ ਹਿੰਦੂ ਵਿਸ਼ਵਾਸਾਂ ਅਤੇ ਧਾਰਨਾਵਾਂ ਬਾਰੇ ਵਿਸਥਾਰਪੂਰਬਕ ਚਰਚਾ ਕੀਤੀ।[6] ਦਾਰਾ ਸ਼ਿਕੋਹ ਨੇ ਬਨਾਰਸ ਦੇ ਵਿਦਵਾਨਾਂ ਦੁਆਰਾ ਪੰਜਾਹ ਕੁ ਉਪਨਿਸ਼ਦਾਂ ਦੇ ਤਰਜ਼ਮੇ 'ਸ਼ਰੇ ਅਕਬਰ' ਅਨੁਵਾਨ ਹੇਠ ਕਰਵਾਏ। ਸ਼ੇਖ਼ ਮੁਹੰਮਦ ਗੌਸ ਗਵਾਲੀਅਰੀ ਨੇ ਆਪਣੀਆਂ ਫ਼ਾਰਸੀ ਪੁਸਤਕਾਂ 'ਬਹਿਰੁਲ-ਹੈਵਾਤ' ਅਤੇ 'ਜਵਾਹਰ ਖ਼ਮਸਾ' ਵਿਚ ਜੋਗੀਆਂ ਦੀ ਤਪ-ਸਾਧਨਾ ਦਾ ਉਲੇਖ ਕੀਤਾ ਹੈ।[7] ਸ਼ਾਹ ਇਨਾਇਤ ਕਾਦਰੀ ਦੀ ਪੁਸਤਕ 'ਦਸਤੂਰ-ਉਲ-ਅਮਲ' ਵਿਚ ਪ੍ਰਾਚੀਨ ਹਿੰਦੂ ਸਾਧਨਾ-ਮਾਰਗਾਂ (ਯੋਗ ਆਦਿ) ਦਾ ਜ਼ਿਕਰ ਹੈ।[8] ਆਪਣੇ ਉਦਾਰਵਾਦੀ ਰਵੱਈਏ ਤੇ ਸੁਲਾਹ-ਕੁੱਲ ਨੀਤੀ ਕਾਰਣ ਸੂਫ਼ੀਆਂ ਨੇ ਇਸਲਾਮ ਦੇ ਭਾਰਤੀਕਰਣ ਲਈ ਰਾਹ ਪੱਧਰਾ ਕੀਤਾ। ਸਾਦਗੀ, ਪਰਹੇਜ਼ਗਾਰੀ ਤੇ ਧਾਰਮਿਕ ਰਵਾਦਾਰੀ ਕਾਰਨ ਸੂਫ਼ੀ ਫ਼ਕੀਰ ਆਮ ਲੋਕਾਂ ਤੇ ਸਥਾਨਕ ਵਸੋਂ ਦੇ ਵਧੇਰੇ ਨੇੜੇ ਰਹੇ। ਉਨ੍ਹਾਂ ਨੇ ਅਰਬ-ਈਰਾਨ ਦੀ ਧਰਤੀ ਤੇ ਪੈਦਾ ਹੋਏ ਓਪਰੇ ਧਰਮ ਅਤੇ ਅਜਨਬੀ ਸੱਭਿਆਚਾਰ ਨੂੰ ਭਾਰਤੀ ਪੁੱਠ ਦੇ ਕੇ ਮੁਗ਼ਲ ਹੁਕਮਰਾਨਾਂ ਅਤੇ ਭਾਰਤੀ ਜਨ-ਮਾਨਸ ਵਿਚ ਪੁਲ ਦਾ ਕੰਮ ਕੀਤਾ। ਸ਼ਾਇਦ ਇਸੇ ਕਰਕੇ ਪ੍ਰਸਿੱਧ ਪਾਕਿਸਤਾਨੀ ਚਿੰਤਕ ਸੱਯਦ ਅਲੀ ਅੱਬਾਸ ਜਲਾਲਪੁਰੀ ਭਾਰਤੀ ਸੂਫ਼ੀ ਮੱਤ ਦੀ ਵਿਲੱਖਣਤਾ ਯੂਨਾਨੀ ਰਹੱਸਵਾਦ, ਭਾਰਤੀ ਵੇਦਾਂਤ ਅਤੇ ਤਸੱਵੁਫ਼ ਦੇ ਸੁਮੇਲ ਵਿਚ ਵੇਖਦਾ ਹੈ। ਉਸ ਅਨੁਸਾਰ, ਪੰਜਾਬੀ ਦੀ ਸੂਫ਼ੀਆਨਾ ਸ਼ਾਇਰੀ ਵਿਚ ਦੁਨੀਆਂ ਦੀਆਂ ਤਿੰਨ ਵੱਡੀਆਂ ਰੀਤਾਂ-ਯੂਨਾਨੀ ਇਸ਼ਰਾਕ, ਹਿੰਦੀ ਵੇਦਾਂਤ ਅਤੇ ਮੁਸਲਮਾਨਾਂ ਦੇ ਤਸੱਵੁਫ਼ ਦਾ ਸੁਮੇਲ ਹੋਇਆ ਹੈ।[9] ਇਸਲਾਮ ਬਾਰੇ ਜਰਮਨ



ਮੂਲ ਦੀ ਵਿਸ਼ੇਸ਼ਗ ਅਨੈਮੇਰੀ ਸ਼ਿਮਲ ਪੰਜਾਬੀ, ਸਿੰਧੀ ਤੇ ਪਸ਼ਤੋ ਦੀ ਸੂਫ਼ੀ ਕਵਿਤਾ ਬਾਰੇ ਚਰਚਾ ਕਰਦਿਆਂ ਇਹ ਕਹਿੰਦੀ ਹੈ ਕਿ ਉਨ੍ਹਾਂ ਭਾਸ਼ਾਵਾਂ ਦੇ ਸੂਫ਼ੀ ਕਵੀਆਂ ਨੇ ਗ਼ਜ਼ਲ ਵਰਗੇ ਫ਼ਾਰਸੀ ਕਾਵਿ ਰੂਪ ਦੀ ਥਾਂ 'ਦੋਹੜੇ', 'ਕਾਫ਼ੀ' ਅਤੇ 'ਵਾਈ' ਵਰਗੇ ਸਥਾਨਕ ਕਾਵਿ ਰੂਪਾਂ ਦੀ ਚੋਣ ਕੀਤੀ। ਉੱਤਰੀ ਪੱਛਮੀ ਭਾਰਤ ਦੀਆਂ ਇਨ੍ਹਾਂ ਬੋਲੀਆਂ ਦੇ ਸੂਫ਼ੀ ਕਵੀਆਂ ਨੇ ਜਿੱਥੇ ਦੇਸੀ ਸੰਗੀਤਕ ਸ਼ੈਲੀਆਂ, ਸਤਾਨਕ ਲੋਕ-ਕਹਾਣੀਆਂ ਅਤੇ ਆਮ ਲੋਕਾਂ ਦੇ ਰੋਜ਼-ਮਰ੍ਹਾ ਦੇ ਜੀਵਨ 'ਚ ਵਰਤੇ ਜਾਂਦੇ ਬਿੰਬਾਂ-ਪ੍ਰਤੀਕਾਂ ਨੂੰ ਆਪਣੇ ਰਹੱਸਮਈ ਵਿਚਾਰਾਂ ਦੇ ਪ੍ਰਗਟਾਵੇ ਦੇ ਸਾਧਨ ਵਜੋਂ ਵਰਤਿਆ, ਉਥੇ ਇਨ੍ਹਾਂ ਨੇ ਭਾਰਤੀ ਭਾਸ਼ਾਵਾਂ ਦੇ ਇਸਲਾਮੀਕਰਣ ਦੇ ਅਮਲ ਨੂੰ ਵੀ ਤਿੱਖਾ ਕੀਤਾ।[10] ਇਉਂ ਪੰਜਾਬੀ, ਸਿੰਧੀ ਤੇ ਪਸ਼ਤੋ ਆਦਿ ਬੋਲੀਆਂ ਦੀ ਸੂਫ਼ੀ ਕਵਿਤਾ ਭਾਰਤੀ ਤੇ ਸਾਮੀ ਸੱਭਿਆਚਾਰਾਂ ਵਿਚਕਾਰ ਬਹੁ-ਪਰਤੀ ਸੰਵਾਦ ਨੂੰ ਜਨਮ ਦਿੰਦੀ ਹੈ।

ਸੂਫ਼ੀਆਂ ਦਾ 'ਵਹਿਦਤ-ਉਲ-ਵਜੂਦ' ਦਾ ਫ਼ਲਸਫ਼ਾ ਵਰਣ-ਭੇਦ, ਰੰਗ, ਨਸਲ ਤੇ ਜਾਤੀ/ਜਮਾਤੀ ਵੰਡਾਂ ਤੇ ਨਫ਼ਰਤ 'ਚ ਫਸੇ ਮੱਧਕਾਲੀਨ ਭਾਰਤੀ ਸਮਾਜ ਲਈ ਵਰਦਾਨ ਸੀ। ਭਾਰਤੀ ਸੂਫ਼ੀਆਂ ਨੇ ਮੋਮਨ-ਕਾਫ਼ਰ, ਸਵਰਨ-ਮਲੇਸ਼ ਅਤੇ ਨਾਰ-ਭਤਾਰ ਦੀ ਅਖੌਤੀ ਵੰਡ ਤੇ ਵਖਰੇਵੇਂ ਨੂੰ ਮੁੱਢੋਂ ਰੱਦ ਕੀਤਾ ਅਤੇ ਹਰ ਮਨੁੱਖ ਅੰਦਰ ਇਕੋ ਅਲਾਹੀ ਨੂਰ ਦਾ ਹੋਕਾ ਦਿੱਤਾ। ਡਾ. ਸ਼ੁਜਾ ਅਲਹੱਕ ਸੂਫ਼ੀ ਅਤੇ ਭਗਤੀ ਲਹਿਰ ਦੀ ਮੂਲ ਪ੍ਰਾਪਤੀ ਇਨ੍ਹਾਂ ਦੀ 'ਇਕ-ਈਸ਼ਵਰਵਾਦੀ' ਦ੍ਰਿਸ਼ਟੀ (unitarian vision) ਨੂੰ ਮੰਨਦਾ ਹੈ।[11] ਭਾਰਤੀ ਖਿੱਤੇ ਤੱਕ ਪਹੁੰਚਦਿਆਂ ਤਸੱਵੁਫ਼ ਦੀ ਨੁਹਾਰ ਵੀ ਬਦਲਣ ਲੱਗਦੀ ਹੈ, ਉਸ ਵਿਚ ਵੇਦਾਂਤ, ਜੋਗ ਅਤੇ ਬੁੱਧ ਮੱਤ ਦੇ ਸਿਧਾਂਤਾਂ-ਸੰਕਲਪਾਂ ਦੀਆਂ ਗੂੰਜਾਂ ਸੁਣਾਈ ਦੇਣ ਲੱਗਦੀਆਂ ਹਨ। ਉਤਰੀ ਭਾਰਤ ਦੇ ਕੁਝ ਸੂਫ਼ੀਆਂ ਨੇ ਤਾਂ ਹਿੰਦੂ ਜੀਵਨ-ਜਾਚ ਨੂੰ ਹੀ ਅਪਣਾ ਲਿਆ। ਪੰਜਾਬ ਦੇ ਕੁਝ ਸੂਫ਼ੀ ਲਾਲ ਅਤੇ ਭਗਵੇਂ ਰੰਗ ਦਾ ਲਿਬਾਸ ਪਾਉਂਦੇ ਰਹੇ। ਬੁੱਲ੍ਹੇ ਸ਼ਾਹ ਨੇ ਆਪਣੀ ਇਕ ਕਾਫ਼ੀ ਵਿਚ ਸਾਵੇ ਤੇ ਸੂਹੇ ਪਹਿਰਾਵੇ ਵਲ ਇਸ਼ਾਰਾ ਕੀਤੀ ਹੈ। ਪੰਜਾਬੀ ਸੂਫ਼ੀ ਕਵੀ ਮੀਆਂ ਜਾਨ ਮੁਹੰਮਦ ਨੇ ਤਾਅ-ਉਮਰ ਜੋਗੀਆ ਰੰਗ ਦਾ ਲਿਬਾਸ ਪਾਇਆ।[12] ਜੋਗੀਆਂ ਤੇ ਸਿੱਧਾਂ ਦੇ ਪ੍ਰਭਾਵ ਕਰਕੇ ਪੰਜਾਬ ਦੇ ਸੂਫ਼ੀਆਂ ਵਿਚ ਸੋਟਾ ਤੇ ਚਿੱਪੀ ਫੜਨ ਦਾ ਰਿਵਾਜ਼ ਰਿਹਾ। ਉੱਤਰੀ ਭਾਰਤ ਵਿੱਚ ਸੂਫ਼ੀਆਂ ਦੀ ਲੋਕ-ਪ੍ਰੀਤ ਦਾ ਪ੍ਰਮਾਣ ਇਹ ਹੈ ਕਿ ਖ਼ਵਾਜ਼ਾ ਮੁਈਅਨਦੀਨ ਚਿਸ਼ਤੀ (ਅਜਮੇਰ) ਨੂੰ ਆਪਣੇ ਰੂਹਾਨੀ ਵਿਚਾਰਾਂ ਨਾਲ ਰਾਜਾ ਰਾਮ ਦੇਉ ਅਤੇ ਪ੍ਰਸਿੱਧ ਜੋਗੀ ਜੈਪਾਲ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਪ੍ਰੇਰਿਆ। ਇਕ ਹਿੰਦੂ ਔਰਤ ਨਾਲ ਵਿਆਹ ਕਰਵਾਇਆ[13] ਅਤੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਸਥਾਨਕ ਭਾਸ਼ਾ (ਰਾਜਸਥਾਨੀ) ਦੀ ਚੋਣ ਕੀਤੀ। ਦਿਲਚਸਪ, ਪਰ ਮਹੱਤਵਪੂਰਨ ਤੱਥ ਇਹ ਹੈ ਕਿ ਸ਼ੇਖ਼ ਬਹਾਉਦੀਨ ਜ਼ਕਰੀਆ ਅਤੇ ਸ਼ਾਹ ਰੁਕਨ-ਇ-ਆਲਮ ਦੀਆਂ ਮੁਲਤਾਨ ਸਥਿਤ ਦਰਗਾਹਾਂ ਦੇ ਅੰਦਰੂਨੀ ਭਾਗ ਵਿਚ ਸਵਾਸਤਿਕ ਦੇ ਚਿੰਨ੍ਹ ਬਣੇ ਹੋਏ ਹਨ।[14] ਪੰਜਾਬ, ਰਾਜਸਥਾਨ ਅਤੇ ਸਿੰਧ ਵਿੱਚ ਸੂਫ਼ੀਆਂ ਦੀਆਂ ਦਰਗਾਹਾਂ ਹਿੰਦੂ ਮੁਸਲਿਮ ਦੋਹਾਂ ਫਿਰਕਿਆਂ ਵਿਚ ਮਕਬੂਲ ਰਹੀਆਂ। ਰਾਮ ਦੇਵੜਾ, ਖਾਟੂ, ਨਰਹੜ (ਰਾਜਸਥਾਨ), ਮਲੇਰਕੋਟਲਾ (ਪੰਜਾਬ) ਉੱਚ ਅਤੇ ਭਿੱਟ (ਪਾਕਿਸਤਾਨ) ਦੀਆਂ ਸੂਫ਼ੀ ਦਰਗਾਹਾਂ ਹਿੰਦੂ ਵੱਸੋਂ ਵਿੱਚ ਵੀ ਸਤਿਕਾਰੀਆਂ ਅਤੇ ਪੂਜਨਯੋਗ ਹਨ। ਇਸ ਦੀ ਪ੍ਰਮਾਣਿਕ ਮਿਸਾਲ ਖ਼ਵਾਜ਼ਾ ਬਖ਼ਤਿਆਰ ਕਾਕੀ ਦਾ ਗੁਰਭਾਈ ਤੇ ਖ਼ਵਾਜ਼ਾ ਮੁਈਅਨ-ਉਦ-ਦੀਨ ਚਿਸ਼ਤੀ ਦਾ ਖਲੀਫ਼ਾ ਹਮੀਦ-ਉਦ-ਦੀਨ ਸੂਫ਼ੀ ਨਾਗੌਰੀ ਹੈ, ਜਿਸ ਨੇ ਹੱਥੀਂ ਖੇਤੀ (ਕਿਰਤ) ਕੀਤੀ ਅਤੇ ਮਾਸ ਖਾਣ ਤੇ ਜੀਵ-ਹੱਤਿਆ ਦਾ ਵਿਰੋਧ ਕੀਤਾ। ਉਸ ਨੇ

ਆਪਣੀ ਪੁਸਤਕ 'ਅਸੂਲ-ਅਤ-ਤਰੀਕ' ਵਿਚ ਹਿਰਦੇ ਦੀ ਸ਼ੁਧੀ, ਸਾਦਗੀ, ਪਰਹੇਜ਼ਗਾਰੀ ਅਤੇ ਮਨ ਦੀ ਵਿਸ਼ਾਲਤਾ ਉੱਪਰ ਜ਼ੋਰ ਦਿੱਤਾ।[15] 'ਸੁਲਤਾਨੁਹ ਤਾਰਕੀਨ' ਦੇ ਲਕਬ ਨਾਲ ਮਸ਼ਹੂਰ ਇਸ ਸੂਫ਼ੀ ਦਰਵੇਸ਼ ਦੀ ਮਾਨਤਾ ਹਿੰਦੂ-ਮੁਸਲਿਮ ਦੋਹਾਂ ਫ਼ਿਰਕਿਆਂ ਵਿਚ ਸਮਾਨ ਰੂਪ ਵਿਚ ਹੈ। (ਨਾਗੌਰ ਦੀ ਹਿੰਦੂ ਵਜੋਂ ਉਸ ਦੇ ਮਜ਼ਾਰ ਨੂੰ 'ਤਾਰਾ ਕਿਸ਼ਨ' ਦਾ ਮਜ਼ਾਰ ਕਹਿੰਦੀ ਹੈ, ਹਿੰਦੂ ਭਾਈਚਾਰੇ ਵਿੱਚ ਉਸ ਦੇ ਗਊ-ਰੱਖਿਅਕ ਹੋਣ ਬਾਰੇ ਕੋਈ ਮਨੌਤਾਂ ਪ੍ਰਚੱਲਤ ਹਨ। ਪ੍ਰੋ. ਹਮਾਊਂ ਕਬੀਰ[16] ਅਤੇ ਤਾਰਾ ਚੰਦ[17] ਨੇ ਆਪਣੀਆਂ ਚਰਚਿਤ ਪੁਸਤਕਾਂ ਵਿਚ ਮੱਧਕਾਲੀਨ ਭਾਰਤੀ ਸਮਾਜ-ਸੱਭਿਆਚਾਰ, ਕਲਾਵਾਂ ਤੇ ਭਾਸ਼ਾਵਾਂ ਉੱਪਰ ਇਸਲਾਮ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਤੱਥ ਵੱਲ ਵੀ ਧਿਆਨ ਦੁਆਇਆ ਕਿ ਭਾਰਤ ਵਿਚ ਪੈਦਾ ਹੋਈਆਂ ਇਸਲਾਮ ਦੀ ਸਥਾਨਕ ਵੰਨਗੀਆਂ ਨੇ ਸਾਂਝੇ ਗੰਗਾ-ਜਮਨੀ ਸਭਿਆਚਾਰ ਦੀ ਸਿਰਜਣਾ ਕੀਤੀ, ਜਿਸ ਨੇ ਨਸਲੀ/ਜਾਤੀ ਤੇ ਫ਼ਿਰਕੂ ਕੁਤੱਤਣ ਨੂੰ ਘੱਟ ਕਰਕੇ ਆਪਸੀ ਭਾਈਚਾਰੇ ਤੇ ਰਵਾਦਾਰੀ ਦਾ ਮਾਹੌਲ ਪੈਦਾ ਕੀਤਾ ਹੈ।

ਇਸਲਾਮ ਨੂੰ ਭਾਰਤੀ ਲੋਕ-ਮਾਨਸ ਦਾ ਅੰਗ ਬਣਾਉਣ ਲਈ ਭਾਰਤੀ ਸੂਫ਼ੀਆਂ ਨੇ ਅਰਬੀ/ਫ਼ਾਰਸੀ ਦੀ ਥਾਂ ਸਥਾਨਕ ਬੋਲੀਆਂ, ਲੋਕ-ਧਾਰਾ, ਭਾਰਤੀ ਮਿਥਿਹਾਸ, ਸਥਾਨਕ ਕਲਾ-ਰੂਪਾਂ, ਸੰਗੀਤ ਦੀਆਂ ਦੇਸੀ ਸ਼ੈਲੀਆਂ ਅਤੇ ਸਥਾਨਕ ਲੋਕ-ਨਾਇਕਾਂ ਦਾ ਸਹਾਰਾ ਲਿਆ।.ਇਸ ਸੰਦਰਭ ਵਿੱਚ ਡਾ. ਹਰਿਭਜਨ ਸਿੰਘ ਦੇ ਇਹ ਸ਼ਬਦ ਦੁਹਰਾਉਣੇ ਕੁਥਾਂ ਨਹੀਂ ਹੋਣਗੇ;

..... ਅਸਲ ਵਿਚ ਹਿੰਦੁਸਤਾਨੀ ਸੂਫ਼ੀਆਂ ਨੇ ਆਪਣੇ ਯਤਨਾਂ ਰਾਹੀਂ ਹਿੰਦੋਸਤਾਨ ਵਿਚ ਇਸਲਾਮ ਦੀਆਂ ਸਥਾਨਕ ਵੰਨਗੀਆਂ ਨੂੰ ਜਨਮ ਦਿੱਤਾ। ਮੱਕਾ, ਮੁਹੰਮਦ ਤੇ ਅਰਬੀ ਭਾਸ਼ਾ ਵਿਚ ਲਿਖਿਆ ਕੁਰਾਨ ਪੰਜਾਬੀ ਲੋਕ ਮਾਨਸ ਤੋਂ ਦੂਰ ਦੀਆਂ ਵਸਤਾਂ ਹਨ। ਉਨ੍ਹਾਂ ਦਾ ਸਥਾਨ, ਸਮਾਂ ਤੇ ਚਰਿਤਰ ਦੂਰ ਦਾ ਹੈ। ਪੰਜਾਬੀ ਸੂਫ਼ੀਆਂ ਨੇ ਇਸਲਾਮ ਨੂੰ ਪੰਜਾਬੀ ਲੋਕ-ਮਾਨਸ ਦੇ ਨੇੜੇ ਦੀ ਵਸਤੂ ਬਣਾ ਦਿੱਤਾ।[18]

ਬੋਲੀ ਪੱਖੋਂ ਪੰਜਾਬੀ ਸੂਫ਼ੀ ਕਵੀ ਗੁਰਬਾਣੀ ਅਤੇ ਭਗਤ ਬਾਣੀ ਦੇ ਮੁਕਾਬਲੇ ਵਧੇਰੇ ਲੋਕ-ਪੱਖੀ ਅਤੇ ਸੁਗਮ ਹਨ। ਉਨ੍ਹਾਂ ਨੇ ਇਸਲਾਮ ਦੇ ਦਾਰਸ਼ਨਿਕ ਤੇ ਧਾਰਮਿਕ ਸੰਕਲਪਾਂ ਨੂੰ ਸਥਾਨਕ ਭਾਸ਼ਾਵਾਂ ਦੀ ਠੇਠ ਸ਼ਬਦਾਵਲੀ ਦੁਆਰਾ ਸਰਲ ਪ੍ਰਗਟਾਵਾ ਦਿੱਤਾ। ਬੁੱਲ੍ਹੇ ਸ਼ਾਹ ਤੋਂ ਇਲਾਵਾ ਬਾਕੀ ਸਾਰੇ ਪੰਜਾਬੀ ਸੂਫ਼ੀ ਕਵੀ ਇਸਲਾਮ ਦੇ ਦਾਰਸ਼ਨਿਕ ਤੇ ਧਰਮ-ਸ਼ਾਸ਼ਤਰੀ ਪ੍ਰਸ਼ਨਾਂ ਜਾਂ ਕੁਰਆਨੀ ਸੰਕਲਪਾਂ ਦੀ ਸ਼ਾਸਤਰੀ ਵਿਆਖਿਆ ਤੋਂ ਦੂਰ ਹੀ ਰਹੇ। ਬਾਣੀਕਾਰਾਂ ਦੀ ਨਿਸਬਤ ਸੂਫ਼ੀ ਕਾਵਿ ਸਿਧਾਂਤ-ਮੁੱਖ ਘੱਟ ਤੇ ਅਨੁਭਵ-ਸਿਧ ਕਵੀ ਵਧੇਰੇ ਹਨ। ਗੂੜ੍ਹ ਕੁਰਆਨੀ ਰਹੱਸਾਂ ਦੀਆਂ ਭੁੱਲ-ਭੁਲਾਈਆਂ 'ਚ ਗੁਆਚਣ ਦੀ ਥਾਂ ਉਹ 'ਸਵਾ ਸੇਰ ਦੀ ਮਸਤੀ' ਜਾਂ 'ਤੇਰੇ ਇਸ਼ਕ ਨਚਾਇਆ ਕਰ ਥੱਈਆ-ਥੱਈਆ' ਦੀ ਸਦਾਅ ਹੀ ਦਿੰਦੇ ਰਹੇ। ਪੰਜਾਬ ਦੇ ਜਨ-ਸਾਧਾਰਨ ਅਤੇ ਸਥਾਨਕ ਰਵਾਇਤਾਂ ਨਾਲ ਪੰਜਾਬੀ ਸੂਫ਼ੀ ਕਵੀਆਂ ਦੀ ਸਾਂਝ ਦਾ ਪ੍ਰਮਾਣ ਹੈ ਕਿ ਉਨ੍ਹਾਂ ਦੇ ਜਨ-ਜੀਵਨ 'ਚ ਆਮ ਵਰਤੋਂ ਦੀਆਂ ਚੀਜ਼ਾਂ ਨੂੰ ਪਵਿੱਤਰ ਧਾਰਮਿਕ ਚਿੰਨ੍ਹਾਂ ਦਾ ਰੁਤਬਾ ਦੇ ਦਿੱਤਾ। ਸਥਾਨਕ ਧੰਦਿਆਂ ਤੇ ਘਰੇਲੂ ਦਸਤਕਾਰੀ ਨਾਲ ਜੁੜੀ ਸ਼ਬਦਾਵਲੀ ਜਿਵੇਂ ਚਰਖਾ, ਪੂਣੀ, ਸਾਲੂ, ਤ੍ਰਿੰਞਣ ਅਤੇ ਛੱਲਾ ਆਦਿ ਪੰਜਾਬੀ ਸੂਫ਼ੀ ਕਵਿਤਾ ਵਿਚ ਮਾਰਫ਼ਤ ਦੀਆਂ ਰਮਜ਼ਾਂ ਨੂੰ ਸਮਝਾਉਣ ਵਾਲੀਆਂ ਤਸ਼ਬੀਹਾਂ ਤੇ ਚਿੰਨ੍ਹ ਬਣ ਜਾਂਦੇ ਹਨ। ਤਖ਼ਤ ਹਜ਼ਾਰਾ, ਰਾਂਝੇ ਦੀ ਝੋਕ ਅਤੇ ਝਨਾਂ ਦਾ ਪੱਤਣ ਇਸਲਾਮ ਦੀਆਂ ਮੁਕੱਦਸ ਥਾਵਾਂ 'ਮੱਕਾ-ਕਾਅਬਾ' ਦੇ ਬਦਲ ਬਣ ਜਾਂਦੇ ਹਨ। ਅਮੀਰ



ਖੁਸਰੋ (ਹਿੰਦਵੀ), ਸ਼ਾਹ ਲਤੀਫ਼ ਭਿਟਾਈ (ਸਿੰਧੀ), ਸ਼ਾਹ ਹੁਸੈਨ ਅਤੇ ਬੁੱਲ੍ਹੇਸ਼ਾਹ ਦੀ ਕਵਿਤਾ ਵਿਚ ਹਜ਼ਰਤ ਮੁਹੰਮਦ, ਰਾਮ, ਕ੍ਰਿਸ਼ਨ, ਰਾਂਝਾ, ਮਹੀਂਵਾਲ ਅਤੇ ਪੁਨਲ (ਪੁੰਨੂੰ) ਆਦਿ ਦੀ ਆਰਾਧਨਾ ਸਮਾਨ ਸ਼ਰਧਾ ਨਾਲ ਹੋਈ ਹੈ। ਅਮੀਰ ਖੁਸਰੋ (ਮੌਤ 1325 ਈ.) ਤੱਕ ਪਹੁੰਚਦਿਆਂ ਭਾਰਤੀ ਤਿੱਥ-ਤਿਉਹਾਰ, ਰਸਮਾਂ, ਰੰਗ, ਪਹਿਰਾਵਾ/ਅਭੂਸ਼ਣ ਅਤੇ ਪੂਜਾ-ਅਰਚਾ ਦੀਆਂ ਵਿਧੀਆਂ ਉੱਤਰੀ ਭਾਰਤ ਦੇ ਸੂਫ਼ੀਆਂ ਲਈ ਖਿੱਚ ਦਾ ਸਾਧਨ ਬਣ ਗਏ ਸੀ। ਪੰਜਾਬੀ, ਸਰਾਇਕੀ, ਸਿੰਧੀ ਅਤੇ ਰਾਜਸਥਾਨੀ ਸੂਫ਼ੀ ਕਵਿਤਾ ਵਿਚ ਹੀਰ, ਸੱਸੀ ਤੇ ਸੋਹਣੀ ਦੀਆਂ ਪ੍ਰੇਮ-ਗਾਥਾਵਾਂ ਬਹੁਤ ਮਕਬੂਲ ਹੋਈਆਂ। ਪੰਜਾਬੀ ਸੂਫ਼ੀ ਕਵੀਆਂ ਦੁਆਰਾ ਕਲਪਿਆ ਜੋਗੀ ਵੀ ਸਾਂਝੇ ਸੱਭਿਆਚਾਰਕ ਚਿੰਨ੍ਹਾਂ ਨੂੰ ਧਾਰਣ ਕਰਨ ਵਾਲਾ ਪ੍ਰੇਮੀ ਨਾਇਕ ਹੈ। ਪੰਜਾਬੀ/ਭਾਰਤੀ ਸੂਫ਼ੀ ਕਵਿਤਾ ਵਿਚ ਇਸਲਾਮ ਦੇ ਭਾਰਤੀਕਰਣ ਦੀ ਪ੍ਰਕਿਰਿਆ ਬਾਰੇ ਕੁਝ ਉਦਾਹਰਣ ਦੇਖੇ ਜਾ ਸਕਦੇ ਹਨ :

ਮਾਥੇ ਤਿਲਕ ਹਾਥ ਪਿਚਕਾਰੀ,
ਮੋਰੇ ਆਂਗਣ ਹੋਰੀ ਖੇਲਣ ਆਇਆ,
ਖਵਾਜ਼ਾ ਨਿਜਾਮਉਦੀਨ ਚੁਸਤ ਖਿਲਾੜੀ,
ਬਾਂਹ ਪਕਰ ਮੋਰਾ ਘੁੰਗਟ ਉਠਾਇਆ। (ਅਮੀਰ ਖੁਸਰੋ)
ਮੈਂਡੀ ਦਿਲੜੀ ਰਾਂਝਣ ਰਾਵਲ ਮੰਗੇ॥
ਜੰਗਲ ਬੇਲੇ ਫਿਰਾਂ ਢੂੰਡੇਂਦੀ, ਰਾਂਝਣ ਮੇਰੇ ਸੰਗੇ॥ (ਸ਼ਾਹ ਹੁਸੈਨ)
ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ
ਜਿਤ ਵਲ ਯਾਰ ਉਤੇ ਵਲ ਕਾਅਬਾ, ਭਾਵੇਂ ਫੋਲ ਕਿਤਾਬਾਂ ਚਾਰੇ
ਨੀ ਮੈਂ ਕਮਲੀ ਆਂ.............।

ਹੋਰੀ ਖੇਲੂੰਗੀ ਕਹਿ ਬਿਸਮਿੱਲਾ
ਨਮ ਨਬੀ ਕੀ ਰਤਨ ਚੜ੍ਹੀ ਬੂਦ ਪੜ੍ਹੀ ਇਲ ਇੱਲਾ,
ਰੰਗ ਰੰਗੀਲੀ ਉਹੀ ਖਿਲਾਵੇ ਜੋ ਸਿੱਖੀ ਹੋਵੇ ਫ਼ਨਾ ਫੀ ਅੱਲਾ।

ਮੈਂ ਵੈਸਾ ਜੋਗੀ ਦੇ ਨਾਲ ਨੀ ਮੱਥੇ ਤਿਲਕ ਲਗਾ ਕੇ
ਮਾਏ ਨੀ ਇਕ ਜੋਗੀ ਆਇਆ,
ਦਰ ਸਾਡੇ ਉਸ ਧੂਆਂ ਪਾਇਆ
ਮੰਗਦੈ ਹੀਰ ਸਿਆਲ ਨੀ, ਬੈਠਾ ਭੇਸ ਵਟਾ ਕੇ। (ਬੁੱਲ੍ਹੇ ਸ਼ਾਹ)

ਪੰਜਾਬ ਦੀ ਧਰਤੀ ਦੇ ਸੱਚ ਅਤੇ ਆਮ ਸਧਾਰਨ ਲੋਕਾਂ ਦੇ ਦੁੱਖ-ਸੁੱਖ ਨਾਲ ਨੇੜਲਾ ਰਿਸ਼ਤਾ ਰੱਖਣ ਕਰਕੇ ਹੀ ਸੂਫ਼ੀ ਦਰਵੇਸ਼ ਧਾਰਮਿਕ ਵਖਰੇਵੇਂ ਦੇ ਬਾਵਜੂਦ ਜਨ-ਮਾਨਸ ਵਿਚ ਸਤਿਕਾਰ ਦੇ ਭਾਗੀ ਬਣੇ ਰਹੇ। ਜਦੋਂ ਇਸਲਾਮ ਆਮ ਲੋਕਾਂ ਦੀ ਥਾਂ ਪੁਜਾਰੀ ਵਰਗ ਅਤੇ ਰਾਜਸ਼ਾਹੀ ਦਾ ਹਿੱਤ ਪਾਲਣ ਲੱਗਾ ਤਾਂ ਸੂਫ਼ੀ ਦਰਵੇਸ਼ ਜਾਂ ਤਾਂ ਸ਼ਾਹ ਹੁਸਨ ਵਾਂਗ ਇਸਲਾਮ ਤੋਂ ਉਦਾਸੀਨ ਹੋ ਗਏ ਜਾਂ ਬੁੱਲ੍ਹੇ ਸ਼ਾਹ ਵਾਂਗ ਅੰਦਰੂਨੀ ਸਤਿ ਗੁਆ ਚੁੱਕੇ ਸ਼ਰੁਈ ਇਸਲਾਮ ਦੇ ਵਿਰੋਧ ਵਿਚ ਜਾ ਖੜ੍ਹੇ ਹੋਏ। ਉਂਜ ਤਾਂ ਫ਼ਰੀਦ ਵਰਗੇ ਮੁੱਢਲੇ ਪੜਾਅ ਦੇ ਸੂਫ਼ੀਆਂ ਨੇ ਵੀ ਇਸਲਾਮ ਦੇ

ਸੰਸਥਾਈ ਰੂਪ ਦੀ ਥਾਂ ਉਸ ਦੇ ਆਤਮਿਕ ਪੱਖ ਨੂੰ ਹੀ ਵਧੇਰੇ ਮਹੱਤਵ ਦਿੱਤਾ ਸੀ। ਸਾਮੰਤੀ ਆਰਥਿਕ-ਸਮਾਜਿਕ ਵਿਵਸਥਾ ਅਤੇ ਮਨੂੰਵਾਦੀ ਵਰਣ-ਪ੍ਰਥਾ ਕਰਕੇ ਨਿੱਘਰ ਚੁੱਕੇ ਭਾਰਤੀ ਸਮਾਜ ਲਈ ਇਸਲਾਮ ਦਾ ਆਗਮਨ ਇੱਕ ਰਾਹਤ ਸਮਾਨ ਸੀ। ਬ੍ਰਾਹਮਣੀ ਧਰਮ-ਤੰਤਰ ਦੁਆਰਾ ਠੋਸੀ ਕਠੋਰ ਧਰਮ-ਸਾਧਨਾ ਅਤੇ ਮਨੂੰਵਾਦੀ ਵਰਣ-ਪ੍ਰਥਾ ਦੀ ਜਾਤ-ਪਾਤ ਤੇ ਉਚ-ਨੀਚ ਵਾਲੀ ਸਮਾਜਿਕ ਦਰਜੇਬੰਦੀ ਦੇ ਸਤਾਏ ਆਮ ਲੋਕਾਂ ਲਈ ਇਸਲਾਮ ਦੀ ਧਾਰਮਿਕ ਰਵਾਦਾਰੀ ਤੇ ਬਰਾਬਰੀ ਦਾ ਸਿਧਾਂਤ ਖਿੱਚ ਭਰਪੂਰ ਸੀ। ਸਦੀਆਂ ਤੋਂ ਦੁਰਕਾਰੇ ਅਤੇ ਸਮਾਜਿਕ ਮਨੁੱਖੀ ਹੱਕਾਂ ਤੋਂ ਬੇਦਖਲ ਕੀਤੇ 'ਅਛੂਤ' ਲੋਕਾਂ ਨੇ ਧੜਾ ਧੜ ਇਸਲਾਮ ਕਬੂਲ ਕੀਤਾ। ਜਿਸ ਪੜਾਅ ਤੱਕ ਇਸਲਾਮ ਦਾ ਰੋਲ ਸੁਲਾਹਕੁੱਲ, ਉਸਾਰੂ ਤੇ ਲੋਕ-ਪੱਖੀ ਰਿਹਾ, ਸੂਫ਼ੀ ਉਸ ਦੇ ਨਾਲ ਰਹੇ। ਪਿਛਲੇਰੇ ਮੱਧਕਾਲ ਵਿਚ ਜਦੋਂ ਮੁਗ਼ਲ ਹਾਕਮ ਜ਼ਾਲਮ ਤੇ ਵਿਭਚਾਰੀ ਬਣ ਗਏ ਤਾਂ ਸੂਫ਼ੀਆਂ ਨੇ ਇਸਲਾਮ ਦੇ ਲੋਕ-ਵਿਰੋਧੀ ਤੇ ਕਰਮਕਾਂਡੀ ਪੱਖ ਦੀ ਕਰੜੀ ਆਲੋਚਨਾ ਕੀਤੀ। ਵਹਿਦਤ-ਉਲ-ਵਜੂਦ ਦਾ ਫ਼ਲਸਫ਼ਾ ਮਨੁੱਖਤਾ ਅੰਦਰ ਜਾਤ, ਰੰਗ, ਨਸਲ ਵਰਣ ਅਤੇ ਲਿੰਗ ਭੇਦ ਜਾਂ ਵਖਰੇਵਿਆਂ ਨੂੰ ਨਹੀਂ ਮੰਨਦਾ। ਸੂਫ਼ੀਆਂ ਦੀ ਸੁਲਾਹ-ਕੁੱਲ ਅਤੇ ਧਾਰਮਿਕ ਰਵ੍ਹਾਦਾਰੀ ਵਾਲੀ ਉਦਾਰਵਾਦੀ ਨੀਤੀ ਨੇ ਨਸਲੀ ਤੇ ਜਾਤ-ਪਾਤੀ ਵਿਤਕਰੇ ਅਤੇ ਫ਼ਿਰਕੂ ਹਿੰਸਾ ਨੂੰ ਰੱਦ ਕੀਤਾ। ਸ਼ਾਹ ਹੁਸੈਨ ਨੇ 'ਸਭੇ ਜਾਤੀ ਉਚੀਆਂ, ਨਿਮਾਣੀ ਫਕੀਰਾਂ ਦੀ ਜਾਤ' ਕਹਿ ਕੇ ਸਮਾਜਿਕ ਤੇ ਆਰਥਿਕ ਵਖਰੇਵਿਆਂ ਵਾਲੀ ਵਿਵਸਥਾ ਤੇ ਚੋਟ ਕੀਤੀ। ਸੁਲਤਾਨ ਬਾਹੂ, ਅਲੀ ਹੈਦਰ ਅਤੇ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮੋਮਨ-ਕਾਫ਼ਰ, ਸ਼ੀਆ-ਸੁੰਨੀ, ਹਿੰਦੂ-ਤੁਰਕ ਅਤੇ ਸਵਰਨ-ਮਲੇਸ਼ ਦੀ ਵੰਡ ਨੂੰ ਨਕਾਰਿਆ ਗਿਆ ਹੈ :

ਨਾ ਮੈਂ ਆਲਮ ਨਾ ਮੈਂ ਫ਼ਾਜ਼ਿਲ,
ਨਾ ਮੁਫ਼ਤੀ ਨਾ ਕਾਜੀ ਹੂੰ।
ਨਾ ਦਿਲ ਮੇਰਾ ਦੋਜ਼ਖ ਮੰਗੇ,
ਨਾ ਸ਼ੌਕ ਬਹਿਸ਼ਤੀ ਰਾਜੀ ਹੂ
ਨਾ ਮੈਂ ਤ੍ਰੀਹੇ ਰੋਜ਼ੇ ਰਖੇ ਨਾ ਮੈਂ ਪਾਕਿ ਨਮਾਜ਼ੀ ਹੂ
ਬਾਝ ਵਿਸਾਲ ਅੱਲਾ ਦੇ ਬਾਹੂ,
ਦੁਨੀਆਂ ਕੂੜੀ ਬਾਜ਼ੀ ਹੂ।

ਨਾ ਮੈਂ ਜੋਗੀ ਨਾ ਮੈਂ ਜੰਗਮ,
ਨਾ ਮੈਂ ਚਿਲ੍ਹਾ ਕਮਾਇਆ ਹੂ।
ਨਾ ਮੈਂ ਭੱਜ ਮਸੀਤੀ ਵੜਿਆ,
ਨਾ ਤਸਬਾ ਖੜਕਾਇਆ ਹੂ। (ਸੁਲਤਾਨ ਬਾਹੂ)

ਨਾ ਮੈਂ ਮੋਮਨ ਵਿਚ ਮਸੀਤਾਂ,
ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿਚ ਪਲੀਤਾਂ,
ਨਾ ਮੈਂ ਮੂਸਾ ਨਾ ਫਰਔਨ,



ਨਾ ਮੈਂ ਅਰਬੀ ਨਾ ਲਾਹੌਰੀ,
ਨਾ ਮੈਂ ਹਿੰਦੀ ਸ਼ਹਿਰ ਨਾਗੌਰੀ,
ਨਾ ਮੈਂ ਹਿੰਦੂ ਤਰਕ ਪਸ਼ੌਰੀ,
ਨਾ ਮੈਂ ਰਹਿੰਦਾ ਵਿਚ ਨਦੌਨ।

ਹਿੰਦੂ ਨਾ ਨਹੀਂ ਮੁਸਲਮਾਨ,
ਭਏ ਨਿਰੰਜਨ ਤਜ ਅਭਿਮਾਨ,
ਸੁੰਨੀ ਨਾ ਨਹੀਂ ਹਮ ਸ਼ੀਆ,
ਸੁਲ੍ਹਾਕੁਲ ਕਾ ਮਾਰਗ ਲੀਆ।
ਬੁੱਲ੍ਹੇ ਸ਼ਾਹ ਜੋ ਹਰ ਚਿਤ ਲਾਗੇ,
ਹਿੰਦੂ ਤੁਰਕ ਦੂਜਨ ਤਿਆਗੇ। (ਬੁੱਲ੍ਹੇ ਸ਼ਾਹ)
ਅਨੀ ਹੁਸੈਨ ਜੁਲਾਹਾ
ਨਾ ਉਸ ਮੂਲ ਨਾ ਲਾਹਾ
ਨਾ ਉਹ ਮੰਗਿਆ ਨਾ ਪਰਣਾਇਆ
ਨਾ ਉਸ ਗੰਢ ਨਾ ਸਾਹਾ
ਨਾ ਉਹ ਮੋਮਨ ਦਾ ਉਹ ਕਾਫ਼ਰ
ਸੋ ਆਹਾ ਸੋ ਆਹਾ। (ਸ਼ਾਹ ਹੁਸੈਨ)

ਪੰਜਾਬੀ ਸੂਫ਼ੀ ਕਵਿਤਾ ਵਿਚ ਮਨੁੱਖ ਦੀ ਧਰਮ ਜਾਂ ਵਰਣ-ਭੇਖ ਆਧਾਰਿਤ ਅਤੇ ਧਰਮ ਦੇ ਬਾਹਰਮੁਖੀ ਕਰਮਕਾਂਡੀ ਨਿਭਾਅ ਦੋਹਾਂ ਨੂੰ ਅਸਵੀਕਾਰ ਕੀਤਾ ਗਿਆ ਹੈ। ਪੰਜਾਬੀ ਸੂਫ਼ੀ ਕਵੀਆਂ ਨੇ ਆਪਣੇ ਸਮਕਾਲੀ ਵਿਲਾਸੀ ਮੁਸਲਮਾਨ ਸ਼ਾਸਕਾਂ ਅਤੇ ਆਦਰਸ਼ਾਂ ਤੋਂ ਥਿੜਕ ਚੁੱਕੇ ਪੁਜਾਰੀਆਂ ਦੇ ਨੈਤਿਕ ਨਿਘਾਰ ਨੂੰ ਕਟਾਖ਼ਸ਼ ਦਾ ਵਿਸ਼ਾ ਬਣਾਇਆ। ਬੁੱਲ੍ਹਾ ਦੌਲਤ ਤੇ ਸੱਤਾ ਦੇ ਨਸ਼ੇ 'ਚ ਹੰਕਾਰੇ ਹਾਕਮਾਂ ਅਤੇ ਇਨਸਾਨੀ ਫ਼ਰਜ਼ਾਂ ਤੋਂ ਥਿੜਕੇ ਹਲਕਾਏ ਹੋਏ ਪੁਜਾਰੀਆਂ ਦੋਹਾਂ ਨੂੰ ਅੱਡੇ ਹੱਥੀਂ ਲੈਂਦਾ ਹੈ :

ਖਾਵੇਂ ਰਾਸ ਚਬਾਵੇਂ ਬੀੜੇ ਅੰਗ ਪੁਸ਼ਾਕ ਲਗਾਇਆ ਈ,
ਟੇਡੀ ਪਗੜੀ ਆਕੜ ਚੱਲੇਂ, ਜੁੱਤੀ ਪੈਰ ਅੜਾਇਆ ਈ,
ਪਲਦਾ ਏਂ ਤੂੰ ਜਮ ਦਾ ਬੱਕਰਾ, ਆਪਣਾ ਆਪ ਗੁਆਵੇਂਗਾ
ਹਜਬ ਕਰੇਂ ਦਰਵੇਸ਼ੀਂ ਕੋਲੋਂ ਕਦ ਤਕ ਹੁਕਮ ਚਲਾਵੇਂਗਾ।

ਕਈ ਹਾਜੀ ਬਣ ਬਣ ਆਏ ਜੀ, ਗਲ ਨੀਲੇ ਜਾਮੇ ਪਾਏ ਜੀ,
ਹੱਜ ਵੇਚ ਟਕੇ ਲੈ ਖਾਏ ਜੀ, ਕਦੀ ਬਾਤ ਸੱਚੀ ਵੀ ਲੁਕਦੀ ਏ।
ਇਕ ਨੁਕਤੇ ਵਿਚ ਗਲ ਮੁਕਦੀ ਏ।

ਬੁੱਲ੍ਹਿਆ ਧਰਮਸਾਲ ਧਾੜਵੀ ਰਹਿੰਦੇ, ਠਾਕਰ ਦੁਆਰੇ ਠੱਗ

ਵਿਚ ਮਸੀਤਾਂ ਰਹਿਣ ਕੁਸੱਤੀਏ, ਆਸ਼ਕ ਰਹਿਣ ਅਲੱਗ। (ਬੁੱਲ੍ਹੇ ਸ਼ਾਹ)

ਪੰਜਾਬੀ ਸੂਫ਼ੀ ਕਵੀਆਂ, ਭਗਤਾਂ ਅਤੇ ਗੁਰੂ ਸਾਹਿਬਾਨ ਦਾ ਪ੍ਰੇਮਾ-ਭਗਤੀ ਦਾ ਸਿਧਾਂਤ ਸਨਾਤਨੀ ਬ੍ਰਾਹਮਣੀ ਧਰਮ-ਸਾਧਨਾ, ਛੂਤ-ਛਾਤ ਆਧਾਰਿਤ ਮਨੂੰਵਾਦੀ ਵਰਣਪ੍ਰਥਾ ਅਤੇ ਸੱਤਾ ਤੇ ਦੌਲਤ ਤੇ ਅੰਨ੍ਹੇ ਕੀਤੇ ਹਾਕਮਾਂ ਦੀ ਵਿਚਾਰਧਾਰਾ ਜਕੜ ਦੇ ਵਿਰੁੱਧ ਇੱਕ ਬਦਲਵਾਂ ਦਰਸ਼ਨ (alternative vision) ਹੈ। ਸੂਫ਼ੀ ਅਤੇ ਭਗਤੀ ਲਹਿਰ ਨੇ ਸਭ ਮਨੁੱਖਾਂ ਨਾਲ ਪ੍ਰੇਮ, ਬਰਾਬਰੀ, ਚੰਗੇ ਅਮਲ ਅਤੇ ਫ਼ਿਰਕੂ ਵੰਡੀਆਂ ਉਤੋਂ ਉੱਪਰ ਉੱਠਣ ਦਾ ਸੰਕਲਪ ਦਿੱਤਾ। ਪੰਜਾਬੀ ਸੂਫ਼ੀ ਕਵਿਤਾ ਵਿਚ ਇਸ਼ਕ ਤੇ ਸ਼ਰ੍ਹਾ, ਧਾਰਮਿਕ ਭੇਖ ਅਤੇ ਆਚਰਣਿਕ ਉਚਤਾ, ਰੱਬ ਤੇ ਰਾਂਝਾ ਅਤੇ ਗੁਰਬਤ ਤੇ ਦੌਲਤ ਦੇ ਵਿਰੋਧੀ ਜੁੱਟ ਮੱਧਕਾਲੀ ਭਾਰਤੀ ਸਮਾਜ ਦੀ ਡਾਇਲੈਕਟਸ ਵੱਲ ਹੀ ਸੰਕੇਤ ਕਰਦੇ ਹਨ। 'ਗਰੀਬੀ ਗਦਾ ਹਮਾਰੀ' ਅਤੇ 'ਇਸ਼ਕ ਅੱਲਾ ਦੀ ਜਾਤ' ਦੱਬੇ ਕੁਚਲਿਆਂ ਦਾ ਵਿਚਾਰਧਾਰਕ ਪੈਂਤੜਾ ਹੈ, ਜਿਸ ਦੀ ਵਕਾਲਤ ਸੂਫ਼ੀਆਂ, ਭਗਤਾਂ ਅਤੇ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਮੁਹਾਵਰੇ ਵਿਚ ਕੀਤੀ। 'ਇਸ਼ਕ ਸ਼ਰ੍ਹਾ ਕੀ ਨਾਤਾ?' ਕਹਿ ਕੇ ਸੂਫ਼ੀਆਂ ਨੇ ਪੁਜਾਰੀਆਂ ਦੇ ਰੀਤੀਵਾਦੀ ਕਰਮਕਾਂਡ ਅੱਗੇ ਪ੍ਰਸ਼ਨ-ਚਿੰਨ੍ਹ ਲਾ ਦਿੱਤਾ। ਇਸ਼ਕ ਨੂੰ ਅੱਲਾ ਦੀ ਜਾਤ ਕਹਿ ਕੇ ਸੂਫ਼ੀਆਂ ਅਤੇ ਕਿੱਸਾਕਾਰਾਂ ਨੇ ਭਾਵਨਾਮੂਲਕ ਪ੍ਰੇਮਾ-ਭਗਤੀ ਦਾ ਜਿਹੜਾ ਮਾਰਗ ਦਰਸਾਇਆ ਉਹ ਸਧਾਰਨ ਆਦਮੀ ਨੂੰ ਪੁਜਾਰੀਆਂ ਦੇ ਵਿਚਾਰਧਾਰਕ ਗ਼ਲਬੇ ਤੋਂ ਮੁਕਤ ਕਰਦਾ ਹੈ। 'ਚਾਰੇ ਨੈਣ-ਗਡਾਵਡ ਹੋਏ, ਵਿਚ ਵਿਚੋਲਾ ਕੇਹਾ' ਕਹਿ ਕੇ ਸੂਫ਼ੀ ਮਨੁੱਖ ਤੇ ਰੱਬ ਦੇ ਰਿਸ਼ਤੇ ਨੂੰ ਵਿਅਕਤੀਗਤ, ਸਿੱਧਾ ਅਤੇ ਸ਼ਿੱਦਤ ਭਰਪੂਰ ਬਣਾ ਦਿੰਦੇ ਹਨ। ਇਸ਼ਕ ਅਤੇ ਸ਼ਰ੍ਹਾ ਦਾ ਵਿਰੋਧ-ਜੁਟ ਪੁਜਾਰੀ ਵਰਗ ਅਤੇ ਜਨ ਸਧਾਰਨ ਦੇ ਹਿਤਾਂ ਦੇ ਟਕਰਾਉ ਦਾ ਸੂਚਕ ਹੈ। ਇਸ਼ਕ ਦੂਈ ਅਤੇ ਹਉਂ ਨੂੰ ਮਾਰਕੇ ਮਨੁੱਖ ਦੀ ਆਤਮਾ ਨੂੰ ਨਿਰਮਲ ਤੇ ਵਿਸ਼ਾਲ ਕਰਦਾ ਹੈ। ਇਸੇ ਕਰਕੇ ਡਾ. ਨਾਮਵਰ ਸਿੰਘ ਕਹਿੰਦਾ ਹੈ ਕਿ ਸੂਫ਼ੀਆਂ ਨੇ ਭਾਰਤੀ ਚਿੰਤਨ ਵਿਚ (ਧਰਮ, ਅਰਥ, ਕਾਮ, ਮੋਕਸ਼ ਆਦਿ) ਚਾਰ ਪੁਰਸ਼ਾਰਥਾਂ ਦੇ ਨਾਲ ਪੰਜਵਾਂ ਪ੍ਰੇਮ ਦਾ ਪੁਰਸ਼ਾਰਥ ਜੋੜਿਆ।[19] 'ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾ, ਪੰਜਵਾਂ ਮੈਂ ਬਾਲਣ ਆਈਆਂ, ਬਲਾ/ਝੂਲੇ ਲਾਲਣ, ਸਿੰਧੜੀ ਦਾ, ਸੇਵਨ ਦਾ/ਸਖ਼ੀ ਸ਼ਾਹ ਬਾਜ਼ ਕਲੰਦਰ' ਸਿੰਧ ਦੇ ਸੁਹਰਾਵਰਦੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਬਾਰੇ ਗਾਈ ਜਾਂਦੀ ਕਾਫ਼ੀ ਵਿਚ ਇਸੇ ਪੰਜਵੇਂ ਪੁਰਸ਼ਾਰਥ ਵਲ ਇਸ਼ਾਰਾ ਹੈ। ਪੰਜਾਬੀ ਸੂਫ਼ੀ ਕਵੀਆਂ ਨੇ ਇਸ਼ਕ ਨੂੰ ਮਾਨਵੀ ਸਤਿ ਗੁਆ ਚੁਕੀ ਸਨਾਤਨੀ ਧਰਮ-ਸਾਧਨਾ ਦੇ ਬਦਲ ਵਜੋਂ ਇਕ ਉਚੇਰੇ ਆਤਮਿਕ ਮੁੱਲ ਦੇ ਰੂਪ ਵਿਚ ਚਿਤਵਿਆ :

ਕਾਜ਼ੀ ਮੁੱਲਾਂ ਮੱਤੀਂ ਦੇਂਦੇ/ਸਾਨੂੰ ਸ਼ਰ੍ਹਾ ਦਾ ਰਾਹ ਦਸੇਂਦੇ
ਇਸ਼ਕ ਕੀ ਲੱਗੇ ਰਾਹ ਨਾਲ/ਮਨ ਅਟਕਿਅਆ ਬੇਪਰ੍ਵਾਹ ਨਾਲ। (ਸ਼ਾਹ ਹੁਸੈਨ)

ਈਮਾਨ ਸਲਾਮਤ ਹਰ ਕੋਈ ਮੰਗੇ,
ਇਸ਼ਕ ਸਲਾਮਤ ਕੋਈ ਹੂ।
ਮੰਗਣ ਈਮਾਨ ਸ਼ਰਮਾਵਣ,
ਇਸ਼ਕੋ ਦਿਲ ਨੂੰ ਹੈਰਤ ਹੋਈ ਹੂ।
ਜਿਸ ਮੰਜ਼ਿਲਾ ਨੂੰ ਇਸ਼ਕ ਪਹੁੰਚਾਵੇ,
ਈਮਾਨੋਂ ਖ਼ਬਰ ਨਾ ਕੋਈ ਹੂ।



ਇਸ਼ਕ ਸਲਾਮਤ ਰੱਖੀਂ ਬਾਹੂ,
ਈਮਾਨੋਂ ਦਿਆਂ ਧਰੋਈ ਹੂ। (ਸੁਲਤਾਨ ਬਾਹੂ)

ਕਾਫ਼ਿਰ ਹੋਈ ਹਾਂ ਸੁਹਣੇ ਯਾਰ ਪਿੱਛੇ,
ਮੁੱਲਾਂ ਡਿੰਗੀ ਨਮਾਜ਼ ਪੜ੍ਹਾਉਂਦੇ ਨੇ।
ਆਸ਼ਿਕ ਸਜਦਾ ਕਰਦੇ ਮੁਖ ਯਾਰ ਦੇ ਨੂੰ,
ਵੱਲ ਕਾਅਬੇ ਸ਼ੀਸ਼ ਝੁਕਾਉਂਦੇ ਨੇ।
ਦੀਨ ਮਜ਼ਹਬ ਨਹੀਂ ਇਨ੍ਹਾਂ ਆਸ਼ਿਕਾਂ ਦਾ,
ਤਸਬੀ ਤੋੜ ਜੰਜੂ ਗਲ ਪਾਉਂਦੇ ਨੇ।
ਹੈਦਰ ਬਾਰੇ ਜਾਈਏ ਇਨ੍ਹਾਂ ਆਸ਼ਕਾਂ ਦੇ,
ਜਿਹੜੇ ਕੁਫਰੋਂ ਰਾਹ ਨੂੰ ਪਾਉਂਦੇ ਨੇ। (ਅਲੀ ਹੈਦਰ)

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਿਦ ਕੋਲੋਂ ਜਿਉੜਾ ਡਰਿਆ।
ਡੇਰੇ ਜਾ ਠਾਕੁਰ ਦੇ ਵੜਿਆ, ਜਿਥੇ ਵਜਦੇ ਨਾਦ ਹਜ਼ਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ। (ਬੁੱਲ੍ਹੇ ਸ਼ਾਹ)

ਪੰਜਾਬੀ ਸੂਫ਼ੀ ਕਵਿਤਾ ਆਪਣੇ ਧਾਰਮਿਕ ਮੁਹਾਵਰੇ ਦੇ ਬਾਵਜੂਦ ਪ੍ਰਤਿਰੋਧ (resistance) ਦੀ ਕਵਿਤਾ ਹੈ। ਸਮੇਂ-ਸਮੇਂ 'ਤੇ ਸੂਫ਼ੀ ਸਾਧਕ ਆਪਣੇ ਵੇਲੇ ਦੇ ਹਾਕਮਾਂ, ਉਲਮਾਵਾਂ ਅਤੇ ਮੌਲਾਨਿਆਂ ਨਾਲ ਵਿਚਾਰਧਾਰਕ ਪੱਖੋਂ ਟਕਰਾਉਂਦੇ ਹਨ। ਮਨਸੂਰ-ਅਲ-ਹਲਾਜ ਤੋਂ ਲੈ ਕੇ ਦਾਰਾ ਸ਼ਿਕੋਹ ਤੱਕ ਸੂਫ਼ੀ ਸ਼ਹੀਦਾਂ ਦੀ ਇਕ ਲੰਬੀ ਲੜੀ ਹੈ। ਅਕਬਰ ਦੇ ਅਹਿਦ ਤੋਂ ਬਾਅਦ ਸੂਫ਼ੀ ਮੁਗ਼ਲ ਦਰਬਾਰ ਤੋਂ ਦੂਰ ਹੁੰਦੇ ਗਏ। ਦਿੱਲੀ ਦਰਬਾਰ ਨਾਲ ਨਰਾਜ਼ਗੀ ਪਾਰੋਂ ਸਰਮਦ ਦੀ ਸ਼ਹਾਦਤ ਹੋਈ। ਸ਼ਾਹ ਹੁਸੈਨ ਦਾ ਲਾਹੌਰ ਦੇ ਕੋਤਵਾਲ ਮਲਿਕ ਅਲੀ ਨਾਲ ਤਿੱਖਾ ਟਕਰਾਅ ਰਿਹਾ। ਉਹ ਦੁੱਲੇ ਭੱਟੀ ਦੀ ਸ਼ਹਾਦਤ ਵੇਲੇ ਸ਼ਾਹ ਹੁਸੈਨ ਨੂੰ ਗ੍ਰਿਫ਼ਤਾਰ ਕਰਨ ਦੀ ਤਾਕ ਵਿਚ ਹੈ। ਸ਼ਫ਼ਕਤ ਤਨਵੀਰ ਮਿਰਜ਼ਾ ਨੇ ਸ਼ਾਹ ਹੁਸੈਨ ਦੇ ਦੁੱਲੇ ਭੱਟੀ ਅਤੇ ਉਸ ਦੇ ਬਾਗ਼ੀ ਸਾਥੀਆਂ ਨਾਲ ਸੰਬੰਧਾਂ ਦੀ ਸੰਭਾਵਨਾ ਨੂੰ ਮੰਨਿਆ ਹੈ।[20] ਸ਼ੇਖ ਜਲਾਲ ਥਾਨੇਸਰੀ ਦੇ ਖਲੀਫ਼ੇ 'ਰਿਸਾਲਾ ਹਕੀਕਤ' ਤੇ 'ਰਿਸਾਲਾ ਬਲਖੀਆਂ' ਦੇ ਲੇਖਕ ਨਿਜ਼ਾਮ-ਉਦ-ਦੀਨ ਥਾਨੇਸਰੀ ਨੂੰ ਜਹਾਂਗੀਰ ਵੱਲੋਂ 1606 ਈ. 'ਚ ਦੇਸ਼ ਬਦਰ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸ਼ਹਿਜ਼ਾਦਾ ਖ਼ੁਰਮ ਨੂੰ ਅਸ਼ੀਰਵਾਦ ਦਿੱਤਾ ਸੀ।[21] ਸ਼ਾਹਜਹਾਂ ਨੇ ਨਕਸ਼ਵੰਦੀ ਸਿਲਸਿਲੇ ਦੇ ਸੂਫ਼ੀ ਸ਼ੇਖ਼ ਆਦਮ ਬਨੂੜ ਨੂੰ ਵਿਚਾਰਾਂ ਦੇ ਵਿਰੋਧ ਕਾਰਨ ਦੇਸ ਬਦਰ ਕੀਤਾ ਅਤੇ ਉਸ ਦੇ ਛੇ ਪੁੱਤਰਾਂ ਦੀਆਂ ਜਾਇਦਾਦਾਂ ਕੁਰਕ ਕਰਕੇ ਗ੍ਰਿਫ਼ਤਾਰ ਕਰ ਲਿਆ।[22] ਮੁਲਾਣਿਆਂ ਨਾਲ ਵਿਰੋਧ ਕਾਰਨ ਬੁੱਲ੍ਹੇ ਸ਼ਾਹ ਨੂੰ ਕਸੂਰ ਛੱਡਣਾ ਪਿਆ।

ਬਾਬਾ ਫ਼ਰੀਦ ਤੋਂ ਲੈ ਕੇ ਗ਼ੁਲਾਮ ਫ਼ਰੀਦ (ਚਾਚੜਾਂ ਸ਼ਰੀਫ਼) ਤਕ ਸਾਰੇ ਪੰਜਾਬੀ ਸੂਫ਼ੀ ਕਵੀਆਂ ਨੇ ਸਮਾਜਿਕ ਦਰਜੇਬੰਦੀ ਵਿਚ ਹਾਸ਼ੀਏ ਤੇ ਧੱਕੇ ਦੱਬੇ-ਕੁੱਚਲੇ ਲੋਕਾਂ ਦੀ ਗੁਰਬਤ ਅਤੇ ਨਿਮਾਣਗੀ ਨੂੰ ਪ੍ਰਮਾਤਮਾ ਦੇ ਦਰਿ ਉਨ੍ਹਾਂ ਦੀ ਪ੍ਰਵਾਨਗੀ ਦੇ ਪੈਮਾਨੇ ਵਜੋਂ ਪੇਸ਼ ਕੀਤਾ। ਸਾਧਨਹੀਣ ਲੋਕਾਈ ਦੀ ਆਰਥਿਕ ਤੇ ਸਮਾਜਿਕ ਬੇਵਸੀ ਦੇ ਚਿਤਰ ਪੰਜਾਬੀ ਸੂਫ਼ੀ ਕਵਿਤਾ ਦਾ ਕੇਂਦਰੀ ਥੀਮ ਹੈ। ਗਰੀਬੀ ਨੂੰ ਨਿਮਾਣਿਆਂ ਨਿਤਾਣਿਆਂ ਦੀ ਗਦਾ ਕਹਿ ਕੇ ਸੂਫ਼ੀ ਕਵੀ ਪਸਤ ਹੋਈ

ਲੋਕਾਈ ਦੇ ਮਨੋਬਲ ਨੂੰ ਹੋਰ ਡਿੱਗਣ ਤੋਂ ਰੋਕਦੇ ਹਨ। ਉੱਚੀ-ਜਾਤ ਅਤੇ ਅਮਲਾਂ ਦੇ ਵਿਰੋਧ-ਜੁੱਟ ਜਾਂ ਸਾਧਨਹੀਣ ਬੰਦੇ ਦੀ ਆਚਰਣਿਕ ਉੱਚਤਾ ਨੂੰ ਮੁਕਤੀ ਦੇ ਮਾਰਗ ਵਜੋਂ ਪੇਸ਼ ਕਰਕੇ ਸੂਫ਼ੀ ਕਵੀ ਆਪਣੇ ਵੇਲੇ ਦੇ ਵਿਲਾਸੀ ਹਾਕਮਾਂ ਅਤੇ ਕੁਲੀਨ ਵਰਗ ਦੇ ਹਿਤਾਂ ਅਨੁਕੂਲ ਵਗਦੀ ਪੁਜ਼ਾਰੀ ਸ਼੍ਰੇਣੀ ਦੇ ਨੈਤਿਕ ਨਿਘਾਰ ਨੂੰ ਗੁੱਝੇ ਵਿਅੰਗ ਦਾ ਨਿਸ਼ਾਨਾ ਬਣਾਉਂਦੇ ਹਨ। "ਅਮਲਾਂ ਉਤੇ ਹੋਗੁ ਨਿਬੇੜਾ ਕਿਆ ਸੂਫ਼ੀ ਕਿਆ ਭੰਗੀ" ਦੀ ਧੁਨ ਅਲਾਪ ਕੇ ਸ਼ਾਹ ਹੁਸੈਨ ਅਤੇ "ਮੈਂ ਚੂਹਰੇਟੜੀ ਹਾਂ ਸੱਚੇ ਸਾਹਿਬ ਦੇ ਦਰਬਾਰੋਂ" ਦਾ ਹੋਕਾ ਦੇ ਕੇ ਬੁੱਲ੍ਹੇ ਸ਼ਾਹ ਨਿਤਾਣਿਆਂ ਦੀ ਧਿਰ ਬਣਦੇ ਹਨ। ਬਾਬਾ ਫ਼ਰੀਦ ਤੇ ਵਜੀਦ ਦੇ ਸ਼ਲੋਕਾਂ ਵਿੱਚ ਸਮਾਜਿਕ ਅਸਾਂਵੇਪਣ ਤੇ ਆਰਥਿਕ ਨਾ-ਬਰਾਬਰੀ ਬਾਰੇ ਰੋਸ ਦੀ ਸੁਰ ਕਾਫ਼ੀ ਉੱਚੀ ਹੈ। ਅਲੀ ਹੈਦਰ ਸਮਕਾਲੀ ਰਾਜਸੀ ਵਿਵਸਥਾ ਦੇ ਪਤਨ ਲਈ ਜ਼ਿੰਮੇਂਵਾਰ ਰਾਜਿਆਂ ਅਤੇ ਦਰਬਾਰੀਆਂ ਨੂੰ ਫਿੱਟਕਾਰ ਪਾਉਂਦਾ ਹੈ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਸਿੱਖ ਮਿਸਲਾਂ ਦੇ ਉਭਾਰ ਸਮੇਂ ਪੈਦਾ ਹੋਈ ਸਿਆਸੀ ਉਥਲ-ਪੁਥਲ, ਅਫ਼ਰਾਤਫ਼ਰੀ ਅਤੇ ਅਨਾਰਕੀ ਬਾਰੇ ਕਟਾਖ਼ਸ਼ੀ ਟਿੱਪਣੀਆਂ ਹਨ। ਪ੍ਰਮਾਣ ਵਜੋਂ ਕੁਝ ਨਮੂਨੇ ਦੇਖੇ ਜਾ ਸਕਦੇ ਹਨ :

ਫ਼ਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ
ਅਗੈ ਗਏ ਸਿਞਾਪਸਨ ਚੋਟਾਂ ਖਾਸੀ ਕੌਣ। (ਸ਼ੇਖ਼ ਫ਼ਰੀਦ)

ਇਕਨਾ ਖੰਨੀ ਨੂੰ ਤਰਸਾਵੇਂ,
ਇਕ ਵੰਡ ਵੰਡ ਦੇਨਾ ਏ ਸਾਰੀਆਂ ਵੇ।
ਇਕਨਾ ਢੋਲ ਕਲਾਵੇ ਸੀਇਉ,
ਇਕ ਕੰਤਾ ਬਾਝ ਵਿਚਾਰੀਆਂ ਵੇ। (ਸ਼ਾਹ ਹੁਸੈਨ)

ਇਕਨਾ ਨੂੰ ਘਿਉ ਖੰਡ ਨਾ ਮੈਦਾ ਭਾਵਈ,
ਬਹੁਤੀ ਬਹੁਤੀ ਮਾਇਆ ਚੱਲੀ ਆਵਈ,
ਇਕਨਾ ਨਾਹੀਂ ਸਾਗ ਅਲੂਣਾ ਪੇਟ ਭਰ,
ਵਜੀਦਾ ਕੌਣ ਸਾਹਿਬੁ ਨੂੰ ਆਖੇ ਇੰਜ ਨਹੀਂ ਇੰਜ ਕਰ। (ਵਜੀਦ)

ਭੀ ਜ਼ਹਿਰ ਨਹੀਂ ਜੋ ਖਾ ਮਰਨ ਕੁਝ ਸ਼ਰਮ ਨਾ ਹਿੰਦੋਸਤਾਨੀਆਂ ਨੂੰ।
ਕਯਾ ਹਯਾ ਇਨ੍ਹਾਂ ਰਾਜਿਆਂ ਨੂੰ,
ਕੁਝ ਲਜ ਨਹੀਂ ਤੁਰਾਨੀਆਂ ਨੂੰ।
ਭੈੜੇ ਭਰ ਭਰ ਦੇਣ ਖਜ਼ਾਨੇ,
ਫ਼ਾਰਸੀਆਂ ਖੁਰਸਾਨੀਆਂ ਨੂੰ।
ਹੈਦਰ ਆਖ ਇਨ੍ਹਾਂ ਹੀਜੜਿਆਂ ਨੂੰ,
ਹੇਜ ਨਾ ਮਰਦਾਨੀਆਂ ਨੂੰ। (ਅਲੀ ਹੈਦਰ)

ਉਪਰੋਕਤ ਮਿਸਾਲਾਂ ਪੰਜਾਬੀ ਸੂਫ਼ੀ ਕਵੀਆਂ ਦੀ ਰਾਜਸੀ ਚੇਤਨਾ, ਸਮਾਜਿਕ ਪ੍ਰਸਥਿਤੀਆਂ ਤੇ ਠੋਸ ਹਕੀਕਤਾਂ ਦੀ ਸੋਝੀ ਦੇ ਪ੍ਰਮਾਣ ਤਾਂ ਹਨ ਹੀ, ਇਹ ਸਮਾਜਿਕ ਬੇਨਿਸਾਫੀਆਂ ਪ੍ਰਤੀ ਉਨ੍ਹਾਂ



ਦੇ ਪ੍ਰਤਿਰੋਧ ਦਾ ਬੋਧ ਵੀ ਕਰਵਾਉਂਦੀਆਂ ਹਨ। ਇਸੇ ਕਰਕੇ ਡਾ. ਅਤਰ ਸਿੰਘ, ਸਿਸੁਰ ਕੁਮਾਰ ਦਾਸ, ਸ਼ਾਰਲੋਟ ਵਾਦੇਵਿਲ ਅਤੇ ਡੀ.ਪੀ. ਮੁਕਰਜੀ ਪੰਜਾਬੀ ਸੂਫ਼ੀ ਕਵਿਤਾ ਨੂੰ ਰਹੱਸਮਈ ਅਨੁਭਵ ਦੇ ਪ੍ਰਗਟਾਵੇ ਤੱਕ ਸੀਮਤ ਕਾਵਿ-ਉਚਾਰ ਸਮਝਣ ਦੀ ਥਾਂ ਇਕ ਵਿਦਰੋਹੀ ਲਹਿਰ ਵਜੋਂ ਸਮਝਣ ਦੀ ਵਕਾਲਤ ਕਰਦੇ ਹਨ। ਇਥੇ ਸੂਫ਼ੀ ਕਵੀ ਗੁਲਾਮ ਫ਼ਰੀਦ (ਚਾਚੜਾਂ) ਦੇ ਕਸੀਦੇ ਜਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਵਿਚ ਉਹ ਆਪਣੇ ਮੁਰੀਦ ਨਵਾਬ ਬਹਾਵਲਪੁਰ ਸਾਦਿਕ ਮੁਹੰਮਦ ਖਾਂ ਰਾਬਿਆ ਨੂੰ ਅੰਗਰੇਜ਼ ਸਰਕਾਰ ਦੇ ਰੈਂਜੀਡੈਂਟ ਦਾ ਵਿਰੋਧ ਕਰਨ ਲਈ ਹਮਾਇਤ ਦਿੰਦਾ ਹੈ। ਯਾਦ ਰਹੇ ਲਾਹੌਰ ਦਰਬਾਰ ਤੇ ਮੁਲਤਾਨ ਫ਼ਤਹਿ ਕਰਨ ਤੋਂ ਬਾਅਦ ਬਰਤਾਨਵੀ ਬਸਤੀਵਾਦੀ ਸਰਕਾਰ ਦੀ ਅੱਖ ਬਹਾਵਲਪੁਰ ਰਿਆਸਤ ਨੂੰ ਆਪਣੀ ਬਸਤੀ ਬਣਾਉਣ ਉਪਰ ਸੀ :

ਸਹਿਜੋ ਫਲੋਂ ਸੇਜ ਸਹਾਤੋਂ। ਬਖਤ ਤੇ ਤਖਤ ਕੂ ਜੋੜ ਛਕਾਤੋਂ॥
ਅਪਨੇ ਮੁਲਕ ਕੁ ਆਪ ਵਸਾਤੋਂ। ਪੱਟ ਅੰਗਰੇਜ਼ੀ ਥਾਨੇ॥ (ਗ਼ੁਲਾਮ ਫ਼ਰੀਦ)

ਅੰਤ ਵਿੱਚ ਮੱਧਕਾਲੀ ਭਗਤੀ ਸਹਿਤ ਅਤੇ ਪੰਜਾਬੀ ਸੂਫ਼ੀ ਕਵਿਤਾ ਦੀ ਵਿਦਰੋਹੀ ਸੁਰ ਬਾਰੇ ਡੀ.ਪੀ. ਮੁਕਰਜੀ ਦਾ ਇਹ ਕਥਨ ਉਚੇਚੇ ਧਿਆਨ ਦੀ ਮੰਗ ਕਰਦਾ ਹੈ:

Mystic cults and literatures were more sharply dissident. Their emphasis on the individual was as much a protest against priestly rule as their doctrine of love was against the law of Karma, the way of knowledge (jnan-marga) and rituals of the Brahmins. The very fact,that mysticism, including Sufism, was the utmost limit of protest is an evidence of the closed nature of the soceity. In an open society other manifestations of the protest and desired changes are possible, but in a closed society mysticism appears to be the oly way out of the shell.[23]

ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਹਰਭਜਨ ਸਿੰਘ ਹੁੰਦਲ ਦੀਆਂ ਦੋ ਨਵੀਆਂ ਪੁਸਤਕਾਂ

**1. ਸਿਤਾਰਿਆਂ ਦੀ ਸੱਥ ਵਿਸ਼ਵ ਕਲਾਕਾਰਾਂ ਦੇ ਰੇਖਾ ਚਿੱਤਰ**

ਪੰਨੇ 222 ਮੁੱਲ 250/-

**2. ਚਿੱਤਰਕਾਰ ਜਰਨੈਲ ਸਿੰਘ**

ਮੁੱਲ 100/- ਪੰਨੇ 96

**ਮਨਪ੍ਰੀਤ ਪ੍ਰਕਾਸ਼ਨ**

ਗੀਤਾ ਕਾਲੋਨੀ, ਦਿੱਲੀ - 31 ਫੋਨ- ਫੋਨ 001 22451046

# ਪਾਟਦੀ ਧੁੰਦ-ਇੱਕ ਜਾਇਜ਼ਾ

ਸੁਰਜੀਤ ਗਿੱਲ

ਜ਼ੋਰਾ ਸਿੰਘ ਸੰਧੂ ਇੱਕ ਪਰੋੜ ਲੇਖਕ ਹੈ। ਉਹ ਸੱਠਵਿਆਂ ਵਿੱਚ ਲਿਖਦਾ ਰਿਹਾ ਹੈ, ਫਿਰ ਘਰੇਲੂ ਕਾਰਨਾਂ ਕਰਕੇ ਇਕਦਮ ਲਿਖਣਾ ਛੱਡ ਗਿਆ ਸੀ ਪਰ ਉਹ ਪਾਠਕਾਂ ਦੇ ਚੇਤਿਆਂ ਵਿੱਚ ਵੱਸਿਆ ਰਿਹਾ। ਹੁਣ ਜਦੋਂ ਕੁਝ ਵਰ੍ਹੇ ਪਹਿਲਾਂ ਉਹਨੇ ਮੁੜ ਲਿਖਣਾ ਆਰੰਭ ਕੀਤਾ ਤਾਂ ਇਹ ਲੋੜ ਵੀ ਮਹਿਸੂਸ ਹੋਈ ਕਿ ਉਸ ਦੀਆਂ ਪੁਰਾਣੀਆਂ ਕਹਾਣੀਆਂ ਜਿਹੜੀਆਂ ਇਸ ਸਮੇਂ ਉਸਦੀ ਵਿਰਾਸਤ ਹਨ, ਨੂੰ ਮੁੜ ਲੱਭਕੇ, ਸੋਧ ਕੇ ਤੇ ਸੰਪਾਦਿਤ ਕਰਕੇ ਇੱਕ ਸੰਗ੍ਰਹਿ ਵਿੱਚ ਇਕੱਠਾ ਕੀਤਾ ਜਾਵੇ। ਇਨ੍ਹਾਂ ਯਤਨਾਂ ਦਾ ਸਿੱਟਾ ਇਹ ਕਹਾਣੀ ਸੰਗ੍ਰਹਿ 'ਪਾਟਦੀ ਧੁੰਦ' ਹੈ। ਸੰਗ੍ਰਹਿ ਦਾ ਨਾਮ ਉਸਦੀ ਚਰਚਿਤ ਕਹਾਣੀ 'ਤੇ ਰੱਖਿਆ ਗਿਆ ਹੈ। 'ਪਾਟਦੀ ਧੁੰਦ' ਵਿਚ ਜ਼ੋਰਾ ਸਿੰਘ ਨੇ ਆਪਣੇ ਸਮੇਂ ਦੀ ਸਮਕਾਲੀ ਸੋਚ ਦਾ ਪ੍ਰਗਟਾਵਾ ਕੀਤਾ ਹੈ। ਕਲਾਤਮਿਕ ਪੱਖੋਂ ਇਹ ਕਹਾਣੀ ਗੁੰਝਲਦਾਰ ਹੈ। ਇਸਦੇ ਅੰਤ 'ਤੇ ਹੀ ਤਾਂ ਲੱਗਦਾ ਹੈ ਕਿ ਇਹ ਗੁੰਝਲ ਕੀ ਹੈ? ਉਹ ਗੁੰਝਲ ਅਸਲ ਵਿੱਚ ਇਕ ਦਲਿਤ ਕੁੜੀ ਜੰਗੀਰੋ ਦੀ ਹੈ ਜਿਹੜੀ ਪੰਜ ਸਾਲ ਤੋਂ ਮਰੀ ਹੋਈ ਸਮਝੀ ਜਾਂਦੀ ਸੀ ਪਰ ਉਹ ਪਿੰਡ ਦੇ ਇੱਕ ਦਲਿਤ ਮੁੰਡੇ ਕੋਲ ਭੈਣ ਦੇ ਤੌਰ 'ਤੇ ਰਹਿ ਰਹੀ ਸੀ। ਇਸ ਕਹਾਣੀ ਵਿੱਚ ਜਾਗੀਰਦਾਰੀ ਦੇ ਸਰਮਾਏਦਾਰੀ ਪਾਸੇ ਵੱਲ ਵਧਣ ਦਾ ਵਰਨਣ ਹੈ। ਨਾਇਕ ਦਾ ਪਿਤਾ ਜਾਗੀਰਦਾਰ ਦਾ ਮੁਜ਼ਾਰਾ ਹੈ ਅਤੇ ਮੁਜ਼ਾਰਿਆਂ ਦਾ ਆਗੂ ਹੈ। ਜਾਗੀਰਦਾਰ ਉਸਦੇ ਗੋਲੀ ਮਾਰਦਾ ਹੈ ਕਿਉਂਕਿ ਨਾਇਕ ਦੇ ਪਿਤਾ ਨਾਲ ਸੀਰੀ ਰਿਹਾ ਵਿਅਕਤੀ ਦਲਿਤ ਕੁੜੀ ਦੀ ਲੁੱਟੀ ਜਾਂਦੀ ਪੱਤ ਬਚਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਉਥੇ ਉਸਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਦਾ ਪੁੱਤ ਇਸ ਕਰਕੇ ਬਚ ਜਾਂਦਾ ਹੈ ਕਿਉਂਕਿ ਜਾਗੀਰਦਾਰ ਦੀ ਬੰਦੂਕ ਵਿਚ ਕਾਰਤੂਸ ਨਹੀਂ ਸੀ। ਉਹੀ ਦਲਿਤ ਮੁੰਡਾ ਜੰਗੀਰੋ ਨੂੰ ਬਚਾ ਕੇ ਲੈ ਜਾਂਦਾ ਹੈ ਪ੍ਰੰਤੂ ਗੁਪਤ ਹੀ ਰਹਿੰਦਾ ਹੈ। ਕੁੜੀ ਦਾ ਪਿਉ ਭਗਤੂ ਉਨ੍ਹਾਂ ਦੀ ਭਾਲ ਵਿੱਚ ਹੈ ਤੇ ਸਮਝਦਾ ਹੈ ਕਿ ਜੰਗੀਰ ਮਰ ਗਈ ਹੈ। ਨਾਇਕ ਜਿਸਨੂੰ ਮੁਜ਼ਾਰਾ ਆਗੂ ਦਾ ਪੁੱਤ ਹੋਣ ਦੀ ਸਜ਼ਾ ਮਿਲਦੀ ਹੈ। ਜਾਗੀਰਦਾਰ ਵੱਲੋਂ ਅਫ਼ੀਮ ਰੱਖਕੇ ਕੈਦ ਕਰਵਾਇਆ ਹੁੰਦਾ ਹੈ। ਇਸ ਪਿੱਛੋਂ ਉਹ ਪੰਜ ਸਾਲ ਸਿਨੇਮੇ ਦਾ ਗੇਟ ਕੀਪਰ ਬਣਕੇ ਗੁਜ਼ਾਰਾ ਕਰਦਾ ਹੈ। ਲੇਖਕ ਸਾਰੀ ਕਹਾਣੀ ਵਿਚ ਜਾਗੀਰਦਾਰਾਂ ਵੱਲੋਂ ਲੋਕਾਂ ਦਾ ਸ਼ੋਸ਼ਣ ਤੇ ਜਬਰ ਦਾ ਵਰਨਣ ਕਰਦਾ ਹੈ।

"ਇੱਕ ਕੁੜੀ ਇੱਕ ਖ਼ੂਨ" ਕਹਾਣੀ ਵੀ ਪਹਿਲੀ ਕਹਾਣੀ ਵਾਂਗ ਗੁੰਝਲਦਾਰ ਕਥਾਨਕ ਵਾਲੀ ਹੈ। ਇਹ ਇਕ ਨਿਮਨ ਪਰਿਵਾਰ ਦੀ ਕਥਾ ਹੈ। ਇਸ ਪਰਿਵਾਰ ਦਾ ਮੋਢੀ ਘਰ ਚਲਾਉਣ ਲਈ ਇਕ ਪ੍ਰਾਈਵੇਟ ਸਕੂਲ ਦੀ ਟੀਚਰੀ ਕਰਦਾ ਹੈ। ਨਾਇਕ ਪਾਲ ਪੜ੍ਹ ਰਿਹਾ ਹੈ ਤੇ ਉਸਦੀ ਵੱਡੀ ਭੈਣ ਸੁਰਜੀਤ ਟਿਊਸ਼ਨਾਂ ਕਰਕੇ ਘਰ ਚਲਾਉਣ ਵਿਚ ਸਹਾਈ ਹੁੰਦੀ ਹੈ। ਉਹ ਰਾਤ ਸਮੇਂ ਪੁਲਿਸ ਅਫਸਰਾਂ ਦੀਆਂ ਭੈਣਾਂ ਨੂੰ ਟਿਊਸ਼ਨਾਂ ਪੜ੍ਹਾਉਂਦੀ ਹੈ। ਉਹੀ ਪੁਲਿਸ ਅਫ਼ਸਰ ਬਦਨੀਤ ਹੋ ਜਾਂਦਾ ਹੈ ਤੇ ਕੁੜੀ ਦੀ ਇੱਜ਼ਤ ਲੁੱਟਦਾ ਹੈ। ਕੁੜੀ ਦੇ ਪਿਉ ਨੂੰ ਮਰਵਾ ਕੇ ਉਸਦੇ ਪੁੱਤ ਪਾਲ ਨੂੰ ਉਸੇ ਦੇ ਕਤਲ ਦੇ ਦੋਸ਼ ਵਿੱਚ ਜੇਲ੍ਹ ਕਰਵਾ ਦਿੰਦਾ ਹੈ। ਇਹ ਕਹਾਣੀ ਪੁਲਿਸ ਦੇ ਧੱਕੇ ਤੇ ਜ਼ਬਰ ਦੀ ਕਰੂਰ ਪੇਸ਼ਕਾਰੀ ਹੈ।

ਜਿਵੇਂ ਮੈਂ ਪਹਿਲਾਂ ਵੀ ਕਿਹਾ ਸੀ ਕਿ ਜ਼ੋਰਾ ਸਿੰਘ ਸੰਧੂ ਨੂੰ ਉਸ ਸਮੇਂ ਯਥਾਰਥ ਦੀ ਬਹੁਤੀ ਸਮਝ ਨਹੀਂ ਸੀ। ਕੇਵਲ ਇੱਕ ਆਦਰਸ਼ ਦੀ ਪੂਰਤੀ ਲਈ ਕਹਾਣੀ ਨੂੰ ਉਸਦੀ ਲੋੜ ਅਨੁਸਾਰ ਢਾਲਿਆ ਜਾਂਦਾ ਸੀ। ਕਹਾਣੀ 'ਫੌਲਾਦ ਪਿਘਲ ਗਿਆ" ਵਿੱਚ ਖੱਬੀਖਾਨ ਜੱਟ ਵੈਲੀ ਨੂੰ ਇਸੇ ਆਦਰਸ਼ ਦੀ ਪੂਰਤੀ ਹਿੱਤ ਪਿਘਲਦੇ ਦਿਖਾਇਆ ਹੈ। ਝੰਡਾ ਆਪਣੇ ਸਮੇਂ ਦਾ ਬਦਮਾਸ਼ ਤੇ ਧੱਕੜ ਵਿਅਕਤੀ ਹੈ। ਉਹ ਜਗਤੇ ਤੋਂ ਕੁੱਟ ਖਾ ਕੇ ਹੋਰ ਭੂਸਰਦਾ ਹੈ ਪਰ ਅੰਤ ਵਿੱਚ ਉਹ ਗਾਂਧੀਵਾਦੀ ਹੋ ਜਾਂਦਾ ਹੈ ਤੇ ਜਗਤੇ ਦੇ ਗੋਲੀ ਮਾਰਨ ਦੀ ਥਾਂ ਪੁਆੜੇ ਦੀ ਜੜ੍ਹ ਆਪਣੀ ਘੋੜੀ ਦੇ ਗੋਲੀਆਂ ਮਾਰ ਦਿੰਦਾ ਹੈ ਅਤੇ ਆਪਣੇ ਭਰਾ ਗੰਡੇ ਤੇ ਭਗਤੇ ਨੂੰ ਜੱਫੀ ਪਾ ਲੈਂਦਾ ਹੈ। ਅਜਿਹਾ ਬਹੁਤ ਘੱਟ ਵਾਪਰਦਾ। ਮਨੁੱਖੀ ਫਿਤਰਤ ਇੱਕਦਮ ਨਹੀਂ ਬਦਲਦੀ ਸਗੋਂ ਉਸ ਪਿੱਛੇ ਕੋਈ ਠੋਸ ਕਾਰਨ ਕੰਮ ਕਰਦਾ ਹੈ। ਜ਼ੋਰਾ ਸਿੰਘ ਸੰਧੂ ਝੰਡੇ ਵਿੱਚ ਆਏ ਬਦਲਾਵ ਦਾ ਕਾਰਨ ਲੱਭਣ ਵਿੱਚ



ਮਾਤ ਖਾ ਗਿਆ ਹੈ।

ਜ਼ੋਰਾ ਸਿੰਘ ਸੰਧੂ ਨੂੰ ਪੜ੍ਹਕੇ ਪਤਾ ਲੱਗਦਾ ਹੈ ਕਿ ਉਹ ਆਪਣੇ ਸਮੇਂ ਦੇ ਜਾਗੀਰੂ ਸੰਸਕਾਰਾਂ ਨੂੰ ਤੋੜ ਨਹੀਂ ਸਕਿਆ ਸੀ। "ਗੁਲਾਬ ਖਿੜ ਪਿਆ" ਕਹਾਣੀ ਵਿੱਚ ਲੰਮਾ ਵਿਸਥਾਰ ਇਨ੍ਹਾਂ ਸਦਾਚਾਰਕ ਨਿਯਮਾਂ ਨੂੰ ਟੁੱਟਣ ਤੋਂ ਬਚਾਉਣ ਲਈ ਦਿੱਤਾ ਗਿਆ ਹੈ। ਨਾਇਕ ਤੇ ਨਾਇਕਾ ਭੈਣ ਭਰਾ ਹਨ ਤੇ ਪੜ੍ਹੇ-ਲਿਖੇ ਵੀ ਹਨ। ਨਾਇਕਾ ਜੱਗੀ ਨਾਂਅ ਦੇ ਇੱਕ ਵਿਅਕਤੀ ਨੂੰ ਜੋ ਉਸਦੇ ਸਰੀਰਕ ਤੇ ਮਾਨਸਿਕ ਹਾਣ ਦਾ ਹੁੰਦਾ ਹੈ, ਪਸੰਦ ਕਰਦੀ ਹੈ ਪ੍ਰੰਤੂ ਇਹ ਨਹੀਂ ਕਹਿ ਸਕਦੀ ਕਿ ਮੈਂ ਉਸ ਨਾਲ ਵਿਆਹ ਕਰਵਾਉਣਾ ਹੈ। ਗੁਲਾਬ ਤਾਂ ਖਿੜਦਾ ਹੈ ਜਦੋਂ ਉਸ ਦੇ ਭਰਾ ਨੂੰ ਇਸ ਗੱਲ ਦੀ ਸਮਝ ਆਉਂਦੀ ਹੈ।

"ਉਹ ਦਿਨ ਤੇ ਆਹ ਦਿਨ" ਕਹਾਣੀ ਵਿੱਚ ਲੇਖਕ ਇੱਕ ਜੱਟ ਮੁੰਡੇ ਦੇ ਪਿਆਰ ਦਾ ਘਾਣ ਹੋਣ ਬਾਰੇ ਦੱਸਦਾ ਹੈ। ਉਸ ਦਾ ਪਿਆਰ ਖੁੱਸ ਜਾਣ 'ਤੇ ਉਹ ਦੋ ਕਤਲ ਕਰਕੇ ਆਪ ਮਰਨ ਬਾਰੇ ਸੋਚਦਾ ਹੈ ਪ੍ਰੰਤੂ ਭਰਾ ਦੀ ਸਲਾਹ 'ਤੇ ਆਪਣੇ ਅੰਦਰਲੀ ਆਤਮਾ ਦੀ ਕੂਕ ਸੁਣਕੇ ਹਟ ਜਾਂਦਾ ਹੈ। ਉਹ ਰਿਵਾਲਵਰ ਸੁੱਟ ਕੇ ਆਪਣੀ ਪ੍ਰੇਮਿਕਾ ਦੀ ਖੁਸ਼ੀ ਵਿੱਚ ਖੁਸ਼ੀ ਦੇਖਦਾ ਹੈ।

ਜ਼ੋਰਾ ਸਿੰਘ ਸੰਧੂ ਦੀ ਕਹਾਣੀ "ਮੰਗ" ਵਿਸ਼ੇਸ਼ ਧਿਆਨ ਮੰਗਦੀ ਹੈ। ਦੋ ਮੱਧਵਰਗੀ ਵਿਅਕਤੀ ਹਰਚਰਨ ਤੇ ਪਾਲ ਇਕੱਠੇ ਪੜ੍ਹਦੇ ਹਨ। ਉਹ ਲੰਮਾ ਸਮਾਂ ਇਕੱਠੇ ਰਹਿਣ 'ਤੇ ਇਕੋ ਜਮਾਤੀ ਦਰਜੇ ਕਾਰਨ ਜੀਵਨ ਸਾਥੀ ਬਣਨ ਦਾ ਫੈਸਲਾ ਕਰਦੇ ਹਨ। ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ ਤੇ ਦੋਨੋਂ ਪਰਿਵਾਰ ਵੀ ਖੁਸ਼ ਹਨ। ਅਚਾਨਕ ਇੱਕ ਹਾਦਸੇ ਵਿੱਚ ਨਾਇਕ ਹਰਚਰਨ ਦੇ ਪਿਤਾ ਦਾ ਦਿਹਾਂਤ ਹੋ ਜਾਂਦਾ ਹੈ ਤੇ ਫਿਰ ਸਭ ਕੁਝ ਉਲਟਾ ਹੋ ਜਾਂਦਾ ਹੈ। ਨਵੀਂ ਸਥਿਤੀ ਵਿੱਚ ਨਾਇਕ ਦਾ ਪਹਿਲਾਂ ਵਾਲਾ ਸਮਾਜਿਕ ਤੇ ਆਰਥਿਕ ਦਰਜਾ ਨਹੀਂ ਰਹਿੰਦਾ। ਇੱਥੇ ਜਮਾਤੀ ਕਿਰਦਾਰ ਖੁੱਲ੍ਹ ਕੇ ਸਾਹਮਣੇ ਆਉਂਦਾ ਹੈ। ਨਾਇਕਾ ਪਾਲ ਦਾ ਪਿਤਾ ਨਾਇਕਾ ਦਾ ਹੱਥ ਹਰਚਰਨ ਨੂੰ ਦੇਣ ਤੋਂ ਇਨਕਾਰ ਹੀ ਨਹੀਂ ਕਰਦਾ ਸਗੋਂ ਨਾਇਕ ਹੀ ਹੱਤਕ ਵੀ ਕਰਦਾ ਹੈ। ਇਸ 'ਤੇ ਮੱਧਵਰਗੀ ਨਾਇਕਾ ਜਾਲ ਵਿਚ ਫਸੀ ਮੱਛੀ ਵਾਂਗ ਤਾਂ ਤੜਫਦੀ ਹੈ ਪਰ ਅਮਲ ਵਿੱਚ ਕੁਝ ਨਹੀਂ ਕਰਦੀ। ਹਾਰਿਆ ਨਾਇਕ ਵੀ ਹਾਰ ਜਾਂਦਾ ਹੈ। ਨਾਇਕਾ ਸਮਾਂ ਪਾ ਕੇ ਆਪਣੇ ਦਰਜੇ ਅਨੁਸਾਰ ਵਿਆਹੀ ਜਾਂਦੀ ਹੈ। ਇਸੇ ਸਮੇਂ ਦੌਰਾਨ ਨਾਇਕ ਸਖ਼ਤ ਮਿਹਨਤ ਕਰਦਾ ਹੈ ਤੇ ਆਰਥਿਕ ਤੌਰ 'ਤੇ ਡਿੱਗੇ ਘਰ ਨੂੰ ਮੁੜ ਖੜ੍ਹਾ ਕਰ ਲੈਂਦਾ ਹੈ, ਭੈਣ ਤੇ ਭਰਾ ਨੂੰ ਵਿੱਦਿਆ ਦਿਵਾਉਂਦਾ ਹੈ, ਭਰਾ ਨੂੰ ਉੱਚ ਵਿੱਦਿਆ ਦਿਵਾਉਂਦਾ ਹੈ। ਉਹ ਆਪ ਵਿਆਹ ਨਹੀਂ ਕਰਵਾਉਂਦਾ। ਨਾਇਕਾ ਵੀ ਸੰਤਾਪ ਭੋਗਦੀ ਹੈ। ਉਹ ਇਸ ਤੋਂ ਮੁਕਤ ਹੋਣ ਲਈ ਨਾਇਕ ਨੂੰ ਛੋਟੀ ਭੈਣ ਰਾਜ ਨਾਲ ਵਿਆਹ ਕਰਵਾਉਣ ਦੀ ਗੱਲ ਮਨਵਾਉਣ ਦੀ ਮੰਗ ਮੰਨਣ ਲਈ ਸੱਦਦੀ ਹੈ। ਉਹ ਖੁਦ ਇਹ ਗੱਲ ਨਹੀਂ ਕਰ ਸਕਦੀ ਪ੍ਰੰਤੂ ਉਸ ਤੋਂ ਪਹਿਲਾਂ ਆਪਣੇ ਛੋਟੇ ਭਰਾ ਗੁਰਬਚਨ ਲਈ ਰਾਜ ਨੂੰ ਮੰਗ ਲੈਂਦਾ ਹੈ। ਉਹ ਵੀ ਜਮਾਤੀ ਹਨ ਤੇ ਇੱਕ ਦੂਜੇ ਨੂੰ ਚਾਹੁੰਦੇ ਹਨ। ਇਸ ਗੱਲ ਦੀ ਪੁਸ਼ਟੀ ਲਈ ਰਾਜ ਦੀ ਚਿੱਠੀ ਕੱਢਦੀ ਹੈ ਜਿਸ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੇ ਪਿਆਰ ਦਾ ਹਸ਼ਰ ਪਾਲ ਤੇ ਹਰਚਰਨ ਵਾਲਾ ਨਹੀਂ ਹੋਵੇਗਾ। ਸਾਰੀ ਕਹਾਣੀ ਸੁਖਾਵਾਂ ਮੋੜ ਲੈ ਲਾਂਦੀ ਹੈ। ਨਾਇਕਾ ਇਸ ਗੱਲ 'ਤੇ ਹੈਰਾਨ ਵੀ ਹੁੰਦੀ ਹੈ ਤੇ ਸੰਤੁਸ਼ਟ ਵੀ ਹੋ ਜਾਂਦੀ ਹੈ। ਇਸ ਸਾਰੀ ਕਹਾਣੀ ਵਿੱਚ ਅਧੂਰੇ ਰਹਿ ਗਏ ਪਿਆਰ ਦਾ ਸੰਤਾਪ ਜਿਹੜਾ ਨਾਇਕ ਤੇ ਨਾਇਕਾ ਭੋਗਦੇ ਹਨ, ਉਹ ਅਦੁੱਤੀ ਹੈ। ਸਾਹਿਤ ਪ੍ਰੀਤ ਦਾ ਵਰਨਣ ਬਹੁਤ ਉੱਤਮ ਹੈ। ਇਸਦੇ ਨਾਲ ਹੀ ਇਹ ਗੱਲ ਵੀ ਪ੍ਰਤੱਖ ਕਰਦਾ ਹੈ ਕਿ ਆਰਥਿਕ ਅਸਾਵੇਂਪਣ ਦਾ ਰੋੜਾ ਅੱਜ ਵੀ ਪਿਆਰ ਦੇ ਰਸਤੇ ਵਿੱਚ ਪਿਆ ਹੈ।

"ਅੰਮਾਂ" ਕਹਾਣੀ ਵਿੱਚ ਲੇਖਕ ਮੁੜ ਸਦਾਚਾਰ ਦਾ ਵਰਨਣ ਕਰਦਾ ਹੈ। ਇਸ ਕਥਾ ਵਿੱਚ ਸਰੀਰਕ ਪੱਖੋਂ ਅਤ੍ਰਿਪਤ ਨਾਇਕਾ, ਨਾਇਕ ਤੋਂ ਤ੍ਰਿਪਤੀ ਦੀ ਮੰਗ ਕਰਦੀ ਹੈ। ਸ਼ਰੀਕੇ ਵਿਚੋਂ ਨਾਇਕ ਦੀ ਹਾਨਣ ਹੋਣ 'ਤੇ ਵੀ ਵੱਡੇ ਥਾਂ 'ਤੇ ਹੈ। ਉਹ ਨਾਇਕ ਦੀ ਅੰਮਾਂ ਲੱਗਦੀ ਹੈ ਪਰ ਪੂਰਨ ਭਗਤ ਵਾਲੇ ਕੰਪਲੈਕਸ ਦਾ ਮਾਰਿਆ ਨਾਇਕ ਅਜਿਹਾ ਨਹੀਂ ਕਰਦਾ।

"ਸਾਜ਼ਿਸ਼" ਕਹਾਣੀ ਵੀ ਅਧੂਰੇ ਪਿਆਰ ਦੀ ਕਥਾ ਹੈ। ਨਾਇਕ ਤੇ ਨਾਇਕਾ ਦਾ ਵਿਆਹ ਨਹੀਂ ਹੁੰਦਾ ਪ੍ਰੰਤੂ ਇੱਕ ਹੋਰ ਪਾਤਰ ਲੋਕਾਂ ਵਿੱਚ ਇਹ ਗੱਲ ਫੈਲਾ ਦਿੰਦਾ ਹੈ ਕਿ ਨਾਇਕਾ ਵਿਆਹ ਵਾਲੇ ਦਿਨ ਤੋਂ ਪਹਿਲੀ ਰਾਤ ਨਾਇਕ ਦੇ ਕੋਲ ਕੱਟ ਕੇ ਗਈ ਹੈ। ਅਸਲ ਵਿੱਚ ਲੇਖਕ ਇਸਨੂੰ

ਇੱਕ ਸਾਜ਼ਿਸ਼ ਦੱਸਦਾ ਹੈ ਕਿਉਂਕਿ ਇਹ ਗੱਲ ਹਕੀਕਤ ਵਿੱਚ ਸਾਰੀ ਸਹੀ ਨਹੀਂ ਹੈ। ਇਹ ਗੱਲ ਕੇਵਲ ਨਾਇਕ ਦੇ ਆਠਰੇ ਜ਼ਖ਼ਮਾਂ ਨੂੰ ਉਚੇੜਨ ਦਾ ਹੀ ਕੰਮ ਕਰਦੀ ਹੈ।

"ਚੰਨ ਨਾ ਚੜ੍ਹੇ" ਵੀ ਜਾਗੀਰੂ ਸਦਾਚਾਰ ਦਾ ਦੋਗਲਾਪਣ ਸਪੱਸ਼ਟ ਕਰਦੀ ਹੈ ਜਾਗੀਰੂ ਸਦਾਚਾਰ ਇੱਕ ਪਾਸੇ ਇਹ ਕਹਿੰਦਾ ਹੈ ਕਿ ਸੈਕਸ ਮਨੁੱਖੀ ਜੀਵਨ ਦੀ ਅਹਿਮ ਲੋੜ ਹੈ। ਦੂਜੇ ਪਾਸੇ ਇਸ ਦੀ ਵਿਆਹ ਤੋਂ ਬਾਹਰੀ ਤ੍ਰਿਪਤੀ ਨੂੰ ਨਿੰਦਦਾ ਹੈ ਤੇ ਨਾਜਾਇਜ਼ ਦੱਸਦਾ ਹੈ। ਪ੍ਰੰਤੂ ਹਕੀਕਤ ਤਾਂ ਹਕੀਕਤ ਹੈ ਜਿਹੜੀ ਲੁਕਾਇਆਂ ਨਹੀਂ ਲੁਕਦੀ। ਅਜਿਹੇ ਸੰਬੰਧ ਆਮ ਜੁੜਦੇ ਹਨ। ਇਸ ਕਹਾਣੀ ਵਿੱਚ ਬੁੱਢੇ ਸੂਬੇਦਾਰ ਦੀ ਜਵਾਨ ਪਤਨੀ ਦੇ ਹਰਨਾਮੇ ਨਾਮੀ ਪਾਤਰ ਨਾਲ ਸੰਬੰਧ ਜੁੜਦੇ ਹਨ। ਇੱਕ ਰਾਤ ਹੋਰ ਪਾਤਰ ਉਸ ਨੂੰ ਦੇਖ ਲੈਂਦਾ ਹੈ ਤੇ ਚਰਚਾ ਕਰਦਾ ਹੈ। ਇਸ ਤਰ੍ਹਾਂ ਹਰਨਾਮੀ ਦੀ ਨਮੋਸ਼ੀ ਹੁੰਦੀ ਹੈ। ਇਹ ਚਰਚਾ ਸੱਥ ਵਿੱਚ ਤੇ ਆਮ ਮੁੰਡੀਹੀਰ ਵਿੱਚ ਹੁੰਦੀ ਹੈ ਪਰ ਸਿਆਣਿਆਂ ਤੱਕ ਨਹੀਂ ਪੁੱਜਦੀ। ਹਰਨਾਮਾ ਇਸ ਬਦਨਾਮੀ ਤੋਂ ਬਚਿਆ ਮਹਿਸੂਸ ਕਰਦਾ ਹੈ। ਕਹਾਣੀ ਵਿੱਚ ਲੇਖਕ ਨੇ ਪੇਂਡੂ ਸੱਭਿਆਚਾਰ ਦਾ ਖ਼ੂਬ ਵਰਨਣ ਕੀਤਾ ਹੈ।

"ਦਾਹੜੀ ਤੇ ਖਤਰਾ" ਕਹਾਣੀ ਵਿੱਚ ਲੇਖਕ ਚਿੱਟੀ ਤੇ ਕਾਲੀ ਦਾਹੜੀ ਦਾ ਟਾਕਰਾ ਕਰਕੇ ਦੱਸਦਾ ਹੈ ਕਿ ਕਾਲੀ ਦਾਹੜੀ ਇਸ ਲਈ ਖਤਰਨਾਕ ਹੈ ਕਿਉਂਕਿ ਉਸ ਸਮੇਂ ਵਿਅਕਤੀ ਜਵਾਨ ਹੁੰਦਾ ਹੈ। ਚਿੱਟੀ ਦਾਹੜੀ ਬੁਢਾਪੇ ਦੀ ਨਿਸ਼ਾਨੀ ਹੈ। ਲੇਖਕ ਨੇ ਇਹ ਦੱਸਿਆ ਕਿ ਚਿੱਟੀ ਦਾਹੜੀ ਵਾਲਾ ਕਹਿ ਤਾਂ ਭਾਵੇਂ ਕੁਝ ਲਵੇ ਪਰ ਉਹ ਕਾਰਜਸ਼ੀਲ ਨਹੀਂ ਹੁੰਦਾ। ਜਾਪਦਾ ਹੈ ਕਿ ਇਹ ਕਹਾਣੀ ਲਿਖਣ ਸਮੇਂ ਲੇਖਕ ਆਪ ਕਾਲੀ ਦਾਹੜੀ ਵਾਲਾ ਸੀ। "ਪਹਿਲੀ ਦੰਦੀ" ਇੱਕ ਰੁਮਾਂਟਿਕ ਕਹਾਣੀ ਹੈ ਜਿਹੜੀ ਕਲਾਮਈ ਢੰਗਾਂ ਨਾਲ ਲਿਖੀ ਗਈ ਹੈ।

"ਰਿਜ਼ਕ" ਕਹਾਣੀ ਲੇਖਕ ਵੱਲੋਂ ਨਵੇਂ ਦੌਰ ਵਿੱਚ ਲਿਖੀਆਂ ਜਾ ਰਹੀਆਂ ਕਹਾਣੀਆਂ ਵਿੱਚੋਂ ਇੱਕ ਹੈ। ਇਸ ਕਹਾਣੀ ਵਿੱਚ ਇੱਕ ਦਲਿਤ ਔਰਤ ਇੱਕ ਘਰ ਵਿਚੋਂ ਗੋਹੂ ਕੂੜਾ ਕਰਨ ਦਾ ਕੰਮ ਖੁੱਸਣ ਦਾ ਝੋਰਾ ਕਰਦੀ ਹੈ, ਕਿਉਂਕਿ ਇਸ ਨਾਲ ਰੋਟੀ ਜਾਂ ਰਿਜ਼ਕ ਜੁੜਿਆ ਹੋਇਆ ਹੈ।

"ਪੋਹ ਦੀ ਇੱਕ ਰਾਤ" ਨਾਜਾਇਜ਼ ਸੰਬੰਧਾਂ ਦਾ ਖੁੱਲ੍ਹਕੇ ਪ੍ਰਗਟਾਵਾ ਹੈ ਜਿਸ ਵਿਚ ਨਾਇਕ ਖੇਤ ਰਾਖੀ ਦੇ ਬਹਾਨੇ ਇੱਕ ਪਰਾਈ ਇਸਤਰੀ ਭੋਗਦਾ ਹੈ ਪ੍ਰੰਤੂ ਉਸ ਨੂੰ ਦੇਖੇ ਜਾਣ ਦਾ ਡਰ ਹੈ ਤੇ ਝੌਲੇ ਪੈਂਦੇ ਹਨ। ਇਹ ਸਾਰਾ ਕੁਝ ਉਸ ਅੰਦਰਲੇ ਗੁਨਾਹ ਦਾ ਅਹਿਸਾਸ ਹੈ।

"ਆਲਣ" ਨਵੀਂ ਕਹਾਣੀ ਹੈ ਜਿਸ ਵਿੱਚ ਲੇਖਕ ਸਾਧਨਹੀਣਾਂ ਦੀ ਗਰੀਬੀ ਦਾ ਸੂਖਮ ਢੰਗ ਨਾਲ ਵਰਨਣ ਕਰਦਾ ਹੈ। ਆਲਣ ਮਾਲਵੇ ਵਿੱਚ ਪੱਕੇ ਹੋਏ ਸਾਗ ਵਿੱਚ ਉਸਨੂੰ ਘੋਟਣ ਸਮੇਂ ਪਾਏ ਜਾਂਦੇ ਥੋੜ੍ਹੀ ਮਾਤਰਾ ਵਿੱਚ ਮੱਕੀ ਜਾਂ ਬਾਜਰੇ ਦੇ ਆਟੇ ਨੂੰ ਕਹਿੰਦੇ ਹਨ। ਇੱਕ ਦਲਿਤ ਔਰਤ ਨੂੰ ਇਹ ਵੀ ਪ੍ਰਾਪਤ ਨਹੀਂ ਹੁੰਦਾ।

"ਅਸੀਸ" ਜਾਸੂਸੀ ਤਰਜ਼ ਦੀ ਕਹਾਣੀ ਹੈ। ਹਕੀਕਤ ਵਿਚ ਇਹ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਗੁਪਤ ਵਾਸ ਸਮੇਂ ਬਾਰੇ ਹੈ। ਉਹ ਲੋਕਾਂ ਵਿੱਚ ਖਾਸ ਕਰਕੇ ਰਿਆਸਤ ਵਿਚ Legendry ਸਥਾਨ ਪ੍ਰਾਪਤ ਕਰ ਗਿਆ ਸੀ। ਲੋਕ ਉਸਦੀ ਹੁਸ਼ਿਆਰੀ, ਚੌਕਸੀ ਤੇ ਪੁਲਿਸ ਤੋਂ ਬਚ ਨਿਕਲਣ ਦੇ ਢੰਗ ਤਰੀਕਿਆਂ ਤੋਂ ਬਹੁਤ ਪ੍ਰਭਾਵਿਤ ਸਨ। ਲੇਖਕ ਨੇ ਇਸ ਪ੍ਰਭਾਵ ਅਧੀਨ ਇਸ ਕਥਾ ਦੀ ਰਚਨਾ ਕੀਤੀ ਹੈ। ਕਥਾ ਬਹੁਤ ਰੌਚਕ ਤੇ ਕਲਾਮਈ ਹੈ।

"ਸੁਪਨੇ ਮਹਿਕਾਂ ਕੈਦ ਨਾ ਹੁੰਦੇ" ਕਹਾਣੀ ਵਿੱਚ ਲੇਖਕ ਬਚਪਨ ਵਿੱਚ ਅਧੂਰੇ ਰਹਿ ਗਏ ਸੁਪਨਿਆਂ ਦੀ ਗੱਲ ਕਰਦਾ ਹੈ। ਜਾਗੀਰੂ ਜਬਰ ਕਾਰਨ ਨਾਇਕ ਤੇ ਨਾਇਕਾ ਪਿੰਡੋਂ ਉੱਜੜ ਜਾਂਦੇ ਹਨ। ਪੜ੍ਹ ਕੇ ਕੁਝ ਬਣਨ ਲਈ ਲਏ ਸੁਪਨੇ ਮਰ ਜਾਂਦੇ ਹਨ। ਉਨ੍ਹਾਂ ਦੀ ਆਰਥਿਕ ਸਥਿਤੀ ਇੱਕੋ ਜਿਹੀ ਹੋਣ ਕਾਰਨ ਨਾਇਕ ਨੇ ਨਾਇਕਾ ਵਿਆਹ ਤੇ ਬੰਧਨ ਵਿੱਚ ਬੱਝ ਕੇ ਅਗਲੇਰੀ ਜ਼ਿੰਦਗੀ ਦੇ ਸੰਘਰਸ਼ ਲਈ ਇਕੱਠੇ ਹੋ ਜਾਂਦੇ ਹਨ।

"ਬਚਨ" ਕਹਾਣੀ ਆਦਰਸ਼ਵਾਦ ਤੇ ਭਾਵੁਕਤਾ ਦਾ ਮਿਸ਼ਰਣ ਹੈ। ਇਸ ਵਿੱਚ ਪੁਰਾਣੇ ਟੁੱਟ ਰਹੇ ਸੰਸਕਾਰ ਤੇ ਵਿੱਦਿਆ ਦੇ ਚਾਨਣ ਨਾਲ ਆ ਰਹੀ ਨਵੀਂ ਜਾਗ੍ਰਿਤੀ, ਹੋ ਰਿਹਾ ਵਿਕਾਸ ਆਦਿ ਦਾ ਵਨਰਣ ਹੈ। ਇਸ ਵਿਕਾਸ ਵਿੱਚ ਪਿੰਡਾਂ ਵਿੱਚ ਜੰਮੀਂ ਕੁੜੀ ਜਿਸਦਾ ਪਰਿਵਾਰ ਜੁਲਾਹੇ ਦਾ ਕਿੱਤਾ ਕਰਦਾ ਰਿਹਾ ਸੀ ਵਿਕਾਸ ਤੋਂ ਬਾਅਦ ਵੀ ਉਨ੍ਹਾਂ ਵਿੱਚ ਬਦਲਾਵ ਨਹੀਂ ਆਉਂਦਾ ਕਿਉਂਕਿ ਪਿੰਡਾਂ ਵਿੱਚ ਬੈਠੇ ਸਿੱਖ ਜਾਂ ਜੁਲਾਹੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਵਿਦਾਸੀਆਂ



ਤੋਂ ਜੁਲਾਹੇ ਬਣੇ ਸਨ। ਉਨ੍ਹਾਂ ਨੂੰ ਆਸ ਸੀ ਕਿ ਕਿੱਤਾ ਬਦਲਣ ਨਾਲ ਜਾਤੀ ਵੀ ਬਦਲ ਜਾਵੇਗੀ ਪ੍ਰੰਤੂ ਸਰਬਸਾਂਝੀ ਸਿੱਖੀ 'ਤੇ ਕਾਬਜ਼ ਜ਼ਮੀਨਾਂ ਵਾਲੇ ਜੱਟ ਅਜਿਹਾ ਨਹੀਂ ਹੋਣ ਦਿੰਦੇ। ਉਨ੍ਹਾਂ ਨੂੰ ਛੋਟੇ ਲੋਕਾਂ ਦਾ ਵਿਕਾਸ ਹਜ਼ਮ ਨਹੀਂ ਹੁੰਦਾ। ਕਹਾਣੀ ਦੇ ਸਾਰੇ ਪਾਤਰ ਸੰਧੂ ਸਰਦਾਰ ਤੇ ਧਨੀ ਅਗਰਵਾਲ ਤੋਂ ਬਿਨਾਂ ਆਦਰਸ਼ਕ ਹਨ। ਹਕੀਕਤ ਵਿੱਚ ਲੇਖਕ ਕਹਾਣੀ ਵਿੱਚ ਯਥਾਰਥ ਦੀ ਥਾਂ ਇੱਛਤ-ਯਥਾਰਥ ਦੀ ਵਿਧੀ ਵਰਤਦਾ ਹੈ। ਇਹ ਕਹਾਣੀ ਆਪਣੇ ਸਮੇਂ ਦੀ ਪ੍ਰਤੀਨਿਧ ਕਹਾਣੀ ਹੈ।

ਮੁੱਢ ਵਿੱਚ ਸ਼ਾਮਿਲ ਇਕ ਕਹਾਣੀ "ਕਣਕ ਦੇ ਦਾਣੇ ਤੇ ਖੂਨ ਦੇ ਟੇਪੇ" ਅਖੌਤੀ ਹਰੇ ਇਨਕਲਾਬ ਤੋਂ ਪਹਿਲਾਂ ਦੀ ਕਹਾਣੀ ਜਾਪਦੀ ਹੈ, ਜਿਸ ਸਮੇਂ ਖੇਤੀ ਦੇ ਪੁਰਾਣੇ ਸੰਦਾਂ ਦੀ ਵਰਤੋਂ ਹੁੰਦੀ ਸੀ, ਸਿੰਚਾਈ ਦੇ ਨਵੇਂ ਸਾਧਨ ਅਜੇ ਆਏ ਨਹੀਂ ਸਨ। ਜਿਹੜੀ ਉਪਜ ਹੁੰਦੀ ਸੀ ਉਹ ਵੀ ਬਹੁਤ ਸਸਤੀ ਵਿਕਦੀ ਸੀ ਪ੍ਰੰਤੂ ਪਿੰਡਾਂ ਉੱਤੇ ਵੀ ਨਵਾਂ ਬੁਰਜਵਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਸੀ। ਲੋਕਾਂ ਦੀਆਂ ਤਰਜੀਹਾਂ ਬਦਲ ਗਈਆਂ ਸਨ। ਲੋਕ ਪਿੰਡ ਵਿੱਚ ਸਧਾਰਨ ਜੀਵਨ ਜਿਉਣ ਦੀ ਥਾਂ ਵਿੱਦਿਆ ਪ੍ਰਾਪਤ ਕਰਕੇ ਵਿਕਾਸ ਦੇ ਇੱਛੁਕ ਹੋ ਗਏ ਸਨ ਪਰ ਨਿਮਨ ਕਿਸਾਨੀ ਦੀ ਆਰਥਿਕਤਾ ਨਵਾਂ ਬੋਝ ਚੁੱਕਣ ਤੋਂ ਅਸਮਰਥ ਸੀ। ਇਸ ਕਹਾਣੀ ਵਿੱਚ ਲੇਖਕ ਇਹੋ ਕੁਝ ਦਰਸਾਉਂਦਾ ਹੈ ਪਰ ਉਹ ਆਪਣੀ ਆਦਰਸ਼ਵਾਦੀ ਸੋਚ ਅਨੁਸਾਰ ਨਾਇਕ ਤੋਂ ਸ਼ਰਾਬ ਰਾਹੀਂ ਗਲਤ ਕੰਮਾਂ ਦੇ ਰਾਹ ਪੈਣ ਤੋਂ ਰੋਕਦਾ ਹੈ। ਇਸ ਤਰ੍ਹਾਂ ਕਰਦਾ ਲੇਖਕ ਆਪਣੇ ਕਹਾਣੀਕਾਰ ਹੋਣ ਦਾ ਦਾਅਵਾ ਕਰਦਾ ਹੈ।

ਅੰਤ ਵਿੱਚ ਮੈਂ ਜ਼ੋਰਾ ਸਿੰਘ ਦੀਆਂ ਸਭ ਕਹਾਣੀਆਂ ਦਾ ਜਾਇਜ਼ਾ ਲੈਣ ਉਪਰੰਤ ਉਹਦੀ ਕਹਾਣੀ ਕਲਾ ਬਾਰੇ ਹੇਠ ਦਿੱਤੇ ਕੁਝ ਨਿਸ਼ਕਰਸ਼ ਕੱਢੇ ਹਨ —

—ਜ਼ੋਰਾ ਸਿੰਘ ਦੀਆਂ ਕਹਾਣੀਆਂ ਆਪਣੇ ਤੇ ਆਪਣੇ ਸਮੇਂ ਦੇ ਸਮਾਜਿਕ-ਆਰਥਿਕ ਮਸਲੇ ਪੇਸ਼ ਕਰਦੀਆਂ ਹਨ।

—ਇਹ ਕਹਾਣੀਆਂ ਯਥਾਰਥਵਾਦ ਦੀ ਥਾਂ ਆਦਰਸ਼ਵਾਦ ਦਾ ਟੀਚਾ ਮਿਥਕੇ ਲਿਖੀਆਂ ਗਈਆਂ ਹਨ। ਇਹ ਕਹਾਣੀਆਂ ਲਿਖਣ ਸਮੇਂ ਜਾਗੀਰੂ ਸੰਸਕਾਰ ਲੇਖਕ ਦੀ ਸੋਚ 'ਤੇ ਪੂਰੀ ਤਰ੍ਹਾਂ ਕਾਬਜ਼ ਸਨ। ਲੇਖਕ ਆਦਰਸ਼ਵਾਦ ਦੇ ਦਾਇਰੇ ਅੰਦਰ ਕਿਤੇ-ਕਿਤੇ ਸਦਾਚਾਰ ਦੇ ਘੇਰੇ ਨਾਲ ਟਕਰਾਉਂਦਾ ਹੈ ਪ੍ਰੰਤੂ ਉਨ੍ਹਾਂ ਨੂੰ ਤੋੜਨ ਦੀ ਜੁਰਅਤ ਨਹੀਂ ਕਰਦਾ।

—ਬਹੁਤੀਆਂ ਕਹਾਣੀਆਂ ਗੁੰਝਲਦਾਰ ਹਨ ਜਿਨ੍ਹਾਂ ਦੇ ਪਹਿਲੇ ਪਾਠ 'ਤੇ ਸਾਧਾਰਨ ਪਾਠਕ ਦੇ ਕੁਝ ਵੀ ਪੱਲੇ ਨਹੀਂ ਪੈਂਦਾ। ਕੁਝ ਪਾਠ ਕਰਨ ਉਪਰੰਤ ਹੀ ਗੱਲ ਸਮਝ ਆਉਂਦੀ ਹੈ।

—ਕਹਾਣੀਆਂ ਦੇ ਸਿਰਲੇਖ ਪਾਤਰਾਂ ਦੇ ਨਾਮ ਵਾਂਗ ਹੀ ਇਕਹਿਰੇ ਹਨ। ਉਸ ਵੇਲੇ ਕਿਸਾਨੀ ਵਿੱਚ ਵਿਅਕਤੀ ਦੇ ਦੂਹਰੇ-ਤੀਹਰੇ ਨਾਮ ਰੱਖਣ ਦੀ ਪਿਰਤ ਨਹੀਂ ਸੀ। ਮਿਸਾਲ ਵਜੋਂ ਗੁਰਚਰਨ, ਪ੍ਰੀਤਮ, ਹਰਚਰਨ ਆਦਿ। ਇਸੇ ਤਰ੍ਹਾਂ ਕੁੜੀਆਂ ਦੇ ਨਾਮ ਵੀ ਮੁੰਡਿਆਂ ਵਰਗੇ ਹੁੰਦੇ ਸੀ ਜਿਨ੍ਹਾਂ ਦਾ ਅੰਤਰ ਕੌਰ ਜਾਂ ਸਿੰਘ ਲਿਖਕੇ ਕੀਤਾ ਜਾਂਦਾ ਸੀ।

—ਇਨ੍ਹਾਂ ਕਹਾਣੀਆਂ ਵਿਚਲੇ ਪਾਤਰਾਂ ਦੀ ਬੋਲੀ ਆਮ ਲੋਕ ਬੋਲੀ ਹੈ ਜਿਸ ਵਿੱਚ ਹਾਲੇ ਪਿੱਛੇ ਆਈ ਮੱਧਵਰਗੀ ਅੰਗਰੇਜ਼ੀ ਸ਼ਬਦਾਵਲੀ ਨਹੀਂ ਵਰਤੀ ਗਈ। ਇਸ ਲਈ ਜ਼ੋਰਾ ਸਿੰਘ ਸੰਧੂ ਉਸ ਸਮੇਂ ਲੋਕਾਂ ਦੇ ਨੇੜੇ ਰਹਿਣ ਵਾਲਾ ਕਲਾਕਾਰ ਸੀ।

**ਬਸੰਤ ਵਿਹਾਰ, ਗਲੀ ਨੰਬਰ-8, ਬਠਿੰਡਾ। ਮੋਬਾਇਲ: 94172-48969**

## ਯੁੱਗ ਅੰਤ-ਅੰਤ ਨਹੀਂ

**- ਹਰਿੰਦਰ ਬਰਾੜ**

ਮਨਮੋਹਨ ਬਾਵਾ ਪੰਜਾਬੀ ਨਾਵਲ ਤੇ ਕਹਾਣੀ ਵਿੱਚ ਸਥਾਪਿਤ ਨਾਂ ਹੈ। ਕਥਾਕਾਰ ਵਜੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰਨ ਵਾਲਾ ਬਾਵਾ ਆਪਣੇ ਪਹਿਲੇ ਨਾਵਲ 'ਯੁੱਧ-ਨਾਦ" ਨਾਲ ਹੀ ਚਰਚਿਤ ਹੋ ਗਿਆ ਸੀ। ਇਸ ਤੋਂ ਇਲਾਵਾ ਪੇਂਟਰ ਅਤੇ ਘੁਮੱਕੜ ਬਿਰਤੀ ਵਾਲਾ ਹੋਣ ਕਰਕੇ ਕਈ ਯਾਤਰਾ ਸੰਸਮਰਣ ਤੇ ਸਫਰਨਾਮੇ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਇਤਿਹਾਸ ਉਸਦਾ ਮਨਪਸੰਦ ਵਿਸ਼ਾ ਹੈ, ਪ੍ਰਕ੍ਰਿਤੀ ਨੂੰ ਉਹ ਵੱਖਰੀ ਦ੍ਰਿਸ਼ਟੀ ਤੋਂ ਵੇਖਦਾ ਹੈ।

ਇਤਿਹਾਸ ਖਾਸ ਕਰਕੇ ਪੰਜਾਬ ਦਾ ਇਤਿਹਾਸ ਤੇ ਇਤਿਹਾਸਿਕ ਨਾਇਕ/ਖਲਨਾਇਕ ਉਸਦੀਆਂ ਰਚਨਾਵਾਂ ਦੇ ਆਧਾਰ ਸ਼ਿਲਾ ਬਣਦੇ ਹਨ। ਆਪਣੀਆਂ ਭੂਗੋਲਿਕ ਸੀਮਾਵਾਂ ਕਾਰਨ ਪੰਜਾਬ ਜੰਗਾਂ-ਯੁੱਧਾਂ ਦਾ ਅਖਾੜਾ ਰਿਹਾ ਹੈ। ਵਿਦੇਸ਼ੀ ਹਮਲਾਵਰਾਂ ਨਾਲ ਲੜਨ ਵਾਲੇ ਪੰਜਾਬ ਵਾਸੀਆਂ ਦੀ ਖਸਲਤ ਵਿੱਚ ਕੁਝ ਨਿਸਚਿਤ ਗੁਣ ਜੁੜ ਗਏ ਜਿਹੜੇ ਪੰਜਾਬ ਵਾਸੀਆਂ ਵਿੱਚ ਵੱਖਰਤਾ ਪੈਦਾ ਕਰਦਾ ਹਨ। ਮਨਮੋਹਨ ਬਾਵਾ ਆਪਣੀਆਂ ਰਚਨਾਵਾਂ ਵਿੱਚ ਇਹਨਾਂ ਵਿਸ਼ੇਸ਼ ਗੁਣਾਂ ਨੂੰ ਅਧਾਰ ਬਣਾ ਕੇ ਇਤਿਹਾਸਕ ਵਰਤਾਰਿਆਂ ਦੇ ਅਸਲ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਵੱਲ ਲੱਗਾ ਰਹਿੰਦਾ ਹੈ। ਮਨਮੋਹਨ ਬਾਵਾ ਦਾ ਨਵਾਂ ਨਾਵਲ 'ਯੁੱਗ ਅੰਤ' ਵੀ ਇਤਿਹਾਸਕ ਕਾਰਨਾਂ ਦੀ ਪੁਣ-ਛਾਣ ਕਰਨ ਲਈ ਕੀਤਾ ਗਿਆ ਨਵਾਂ ਉਪਰਾਲਾ ਹੈ। ਇਹ ਨਾਵਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੇ ਖਾਤਮੇ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਹੈ। ਜਿਸ ਸਮੇਂ ਅੰਗਰੇਜਾਂ ਨੇ ਪੰਜਾਬ ਵਿੱਚ ਪੈਰ ਪਸਾਰਨੇ ਸ਼ੁਰੂ ਕੀਤੇ, ਉਸ ਸਮੇਂ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਪ੍ਰੰਤੂ ਸਖਤ ਔਕੜਾਂ ਬਾਅਦ ਹਾਸਿਲ ਕੀਤਾ ਇਹ ਰਾਜ ਹੌਲੀ-ਹੌਲੀ ਖਿੰਡਰਨ ਲੱਗ ਪਿਆ ਤੇ ਮਹਾਰਾਜਾ ਦੀ ਮੌਤ ਤੋਂ ਬਾਅਦ ਪੂਰੀ ਤਰ੍ਹਾਂ ਖਤਮ ਹੋ ਗਿਆ। ਇਸਦੇ ਅਨੇਕਾਂ ਕਾਰਨਾਂ ਨੂੰ ਮਨਮੋਹਨ ਬਾਵਾ ਇਸ ਨਾਵਲ ਵਿੱਚ ਪੇਸ਼ ਕਰਦਾ ਹੈ। ਇਸਦੇ ਨਾਲ ਹੀ ਇਤਿਹਾਸਕ ਕਾਲ ਪ੍ਰਵਾਹ ਵਿੱਚ ਲੁਪਤ ਰਹਿ ਗਈਆਂ ਘਟਨਾਵਾਂ ਨੂੰ ਤਰਕਭਾਵੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।

ਨਾਵਲ ਦਾ ਆਰੰਭ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਸੱਤ-ਅੱਠ ਸਾਲ ਬਾਅਦ ਦੇ ਸਮੇਂ ਤੋਂ ਹੁੰਦਾ ਹੈ। ਇਸ ਸਮੇਂ ਦੌਰਾਨ ਅੰਗਰੇਜ ਮੁੱਦਕੀ, ਫਿਰੋਜ਼ਪੁਰ ਅਤੇ ਸਭਰਾਓਂ ਵਿਖੇ ਸਿੱਖਾਂ ਨਾਲ ਹੋਈਆਂ ਲੜਾਈਆਂ ਵਿੱਚ ਜਿੱਤ ਪ੍ਰਾਪਤ ਕਰ ਚੁੱਕੇ ਸਨ। ਅੰਗਰੇਜਾਂ ਦਾ ਇਸਤੋਂ ਅਗਲਾ ਨਿਸ਼ਾਨਾ ਮੁਲਤਾਨ ਦੇ ਸ਼ੁਜ਼ਾਹਬਾਦ ਕਿਲ੍ਹੇ 'ਤੇ ਕਬਜ਼ਾ ਕਰਨਾ ਹੁੰਦਾ ਹੈ। ਅੰਗਰੇਜ਼ਾਂ ਦੇ ਇਸ ਕਿਲ੍ਹੇ 'ਤੇ ਕਬਜ਼ਾ ਕਰਨ ਅਤੇ ਵਿਰੋਧ ਵਜੋਂ ਸਿੱਖ ਸਿਪਾਹੀਆਂ ਤੇ ਮੁਲਤਾਨ ਦੇ ਸੂਬੇਦਾਰ ਦੇ ਉਨ੍ਹਾਂ ਨੂੰ ਰੋਕਣ ਲਈ ਹੋਈਆਂ ਟੱਕਰਾਂ ਇਸ ਨਾਵਲ ਦਾ ਮੂਲ ਕਥਾਨਕ ਹੈ। ਇਸ ਦੌਰਾਨ ਹੀ ਅਨੇਕਾਂ ਹੋਰ ਘਟਨਾਵਾਂ ਵੀ ਵਾਪਰਦੀਆਂ ਹਨ ਜਿਨ੍ਹਾਂ ਵਿੱਚ ਬਾਵਾ ਨੇ ਉਪਰੋਕਤ ਹਾਰ ਦੇ ਕਾਰਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਪਰਚਮ ਲਹਿਰਾਉਣ ਵਾਲੇ ਆਗੂਆਂ ਵਿਚੋਂ ਇਸ ਨਾਵਲ ਦਾ ਨਾਇਕ ਕੀਰਤ ਸਿੰਘ ਹੈ ਜਿਹੜਾ ਮਹਾਰਾਜ ਦਾ ਬਹਾਦਰ ਲੜਕਾ ਹੁੰਦਾ ਹੈ। ਉਸਦੇ ਨਾਲ ਸਹਾਇਕ ਕੇਂਦਰੀ ਪਾਤਰ ਵਜੋਂ ਤੋਪਚੀ ਸ਼ਾਹ ਬਖ਼ਸ਼ ਹੁੰਦਾ ਹੈ। ਸ਼ਾਹ ਬਖ਼ਸ਼ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦੇ ਲੇਖਕ ਸ਼ਾਹ ਮਹੁੰਮਦ ਦਾ ਬੇਟਾ ਹੈ। ਇਤਿਹਾਸ ਵਿੱਚ ਭਾਂਵੇਂ ਇਸ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ ਪ੍ਰੰਤੂ ਮਨਮੋਹਨ ਬਾਵਾ ਆਪਣੇ ਨਾਵਲ ਦੇ ਕਥਾਨਕ ਵਿਚ ਉਸਨੂੰ ਆਪਣੇ ਨਾਲ ਅੱਗੇ ਤੋਰ ਲੈਂਦਾ ਹੈ। ਮਨਮੋਹਨ ਬਾਵਾ ਆਪਣੇ ਨਾਵਲ ਵਿੱਚ ਜੰਗਨਾਮੇ ਵਿਚੋਂ ਅਹਿਮ ਤੁਕਾਂ ਦੀ ਪ੍ਰਗੀਤਕ ਜੁਗਤ ਵਜੋਂ ਵਰਤੋਂ ਕਰਦਾ ਹੋਇਆ ਸ਼ਾਹ ਬਖ਼ਸ਼ ਕੋਲੋਂ ਉਸਦੀ ਪ੍ਰਤੀਨਿਧਤਾ ਕਰਵਾਉਂਦਾ ਹੈ। ਨਾਵਲ ਦੇ ਮੁੱਢ ਵਿੱਚ ਕੀਰਤ ਸਿੰਘ ਤੇ ਸ਼ਾਹ ਬਖ਼ਸ਼ ਦੋ ਜਣਿਆ ਨੂੰ ਸ਼ੁਜਾਹਬਾਦ ਪਹੁੰਚਾਉਣ ਲਈ ਤੁਰਦੇ ਹਨ। ਕੀਰਤ ਸਿੰਘ ਮੁਲਤਾਨ ਦੇ ਕਿਲ੍ਹੇਦਾਰ ਸ਼ਾਮ ਸਿੰਘ ਦੇ ਪੁੱਤਰ ਦਲੇਰ ਸਿੰਘ ਨੂੰ ਲਾਹੌਰ ਤੋਂ ਲੈ ਕੇ ਜਾਂਦਾ ਹੈ ਕਿਉਂਕਿ ਉਹਨਾਂ ਨੂੰ ਡਰ ਹੈ ਕਿ ਮੁਲਤਾਨ ਤੇ ਕਬਜ਼ੇ ਦੀ ਇੱਛਾ ਪੂਰਤੀ ਲਈ ਅੰਗਰੇਜ਼ ਦਲੇਰ ਸਿੰਘ ਨੂੰ ਅਗਵਾ ਕਰ ਲੈਣਗੇ। ਸ਼ਾਹ ਬਖ਼ਸ਼ ਰੂਪ ਕੌਰ ਨਾਂਅ ਦੀ ਲੜਕੀ ਨੂੰ ਸਹੀ ਸਲਾਮਤ ਪੁਹੰਚਾਉਣਾ ਚਾਹੁੰਦਾ ਹੈ। ਕੀਰਤ ਸਿੰਘ ਦੇ ਪੁੱਛਣ ਤੇ ਸ਼ਾਹ ਬਖਸ਼ ਦੱਸਦਾ ਹੈ ਕਿ ਅਸਲ ਵਿੱਚ ਰੂਪ ਕੌਰ ਮਹਾਰਾਜ ਰਣਜੀਤ ਸਿੰਘ ਦੀ ਧੀ ਜਾਂ ਕੋਈ ਪੋਤਰੀ ਹੈ। ਕੀਰਤ ਸਿੰਘ ਇਸਤੇ ਸ਼ੰਕਾ ਕਰਦਾ ਹੈ ਤਾਂ ਸ਼ਾਹ ਬਖਸ਼ ਦਾ ਇਹ ਸਵਾਲ ਕਿ "ਫੇਰ ਤੁਸੀਂ ਆਪ ਹੀ ਸੋਚੋ ਕਿ ਉਹਨਾਂ ਦੇ ਘਰ ਪੁੱਤਰ ਹੀ ਕਿਉਂ ਪੈਦਾ ਹੋਏ? ਧੀਆਂ ਕਿਉਂ ਨਹੀਂ?" ਕੀਰਤ ਸਿੰਘ ਦੇ ਨਾਲ ਪਾਠਕਾਂ ਨੂੰ ਵੀ ਸੋਚਣ ਲਈ ਮਜ਼ਬੂਰ ਕਰ ਦਿੰਦਾ ਹੈ। ਉਸ ਸਮੇਂ ਰਾਜਪੂਤਾਂ ਦੇ ਖਾਨਦਾਨ ਵਿੱਚ ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਕੋਝੀ ਰੀਤ ਸੀ। ਮਹਾਰਾਜਾ ਦੀਆਂ ਬਹੁਤ ਸਾਰੀਆਂ ਰਖੇਲਾਂ ਸਨ ਤੇ ਉਨ੍ਹਾਂ ਵਿੱਚੋਂ ਕਿਸੇ ਰਖੇਲ ਨੇ ਆਪਣੀ ਬੇਟੀ ਨੂੰ



ਮਰਨ ਤੋਂ ਬਚਾਉਣ ਲਈ ਕਿਸੇ ਨੂੰ ਪਾਲਣ ਲਈ ਦੇ ਦਿੱਤਾ। ਅੰਗਰੇਜਾਂ ਨੂੰ ਹੁਣ ਉਸ ਬਾਰੇ ਸੂਹ ਮਿਲ ਜਾਂਦੀ ਹੈ। ਇਸ ਲਈ ਰੂਪ ਕੌਰ ਦੀ ਜਾਨ ਖ਼ਤਰਾ ਹੈ ਤੇ ਜਿਸ ਕਾਰਨ ਉਸਨੂੰ ਸੁਰਖਿਅਤ ਥਾਂ ਤੇ ਲਿਜਾਣਾ ਜਰੂਰੀ ਹੈ। ਪ੍ਰੰਤੂ ਫਿਰੰਗੀਆਂ ਨੂੰ ਆਪਣੇ ਜਾਸੂਸਾਂ ਰਾਹੀਂ ਉਹਨਾਂ ਦੇ ਨਿਕਲਣ ਦਾ ਪਤਾ ਲੱਗ ਜਾਂਦਾ ਹੈ। ਉਹ ਉਹਨਾਂ ਦਾ ਪਿੱਛਾ ਕਰਦੇ ਹਨ। ਇੱਕ ਥਾਂ ਲੜਾਈ ਹੁੰਦੀ ਹੈ ਜਿਸ ਵਿੱਚ ਫਰੰਗੀਆਂ ਦੇ ਦੋ ਅਫਸਰ ਜਾਨ੍ਹ ਤੇ ਬਰਾਊਨ ਮਾਰੇ ਜਾਂਦੇ ਹਨ ਅਤੇ ਕੀਰਤ ਸਿੰਘ ਹੋਰੀਂ ਬੱਚਕੇ ਅੱਗੇ ਤੁਰ ਪੈਂਦੇ ਹਨ। ਇਸ ਘਟਨਾ ਤੋਂ ਬਾਅਦ ਮੁਲਤਾਨ ਦੀ ਲੜਾਈ ਦਾ ਮੁੱਢ ਬੱਝ ਜਾਂਦਾ ਹੈ। ਔਖੇ ਹੋਏ ਫਿਰੰਗੀ ਵਧੇਰੇ ਗਿਣਤੀ ਵਿੱਚ ਨਵੀਆਂ ਤੋਪਾਂ ਨਾਲ ਲੈਸ ਹੋ ਕੇ ਹਮਲਾ ਕਰਨ ਦੀ ਤਿਆਰੀ ਕਰਨ ਲੱਗਦੇ ਹਨ। ਇਸ ਲੜਾਈ ਵਿੱਚ ਕੀਰਤ ਸਿੰਘ ਹੋਰਾਂ ਦਾ ਸਾਥੀ ਦੁਰਜਨ ਸਿੰਘ ਬਹੁਤ ਮਦਦ ਕਰਦਾ ਹੈ। ਕੀਰਤ ਸਿੰਘ ਨਾਲ ਗੱਲਬਾਤ ਤੋਂ ਪਤਾ ਚੱਲਦਾ ਹੈ ਕਿ ਦੁਰਜਨ ਸਿੰਘ ਨੀਵੀ ਜਾਤੀ ਨਾਲ ਸੰਬੰਧਿਤ ਹੈ ਜਿਸਦਾ ਬਾਪ ਰਣਜੀਤ ਸਿੰਘ ਦੀ ਫੌਜ ਦਾ ਸਿਪਾਹੀ ਸੀ ਪ੍ਰੰਤੂ ਬਾਅਦ ਵਿੱਚ ਛੋਟੀ ਜਾਤੀ ਦੇ ਸਿਪਾਹੀਆਂ ਨੂੰ ਜ਼ਮੀਨ ਦੇ ਛੋਟੇ-ਛੋਟੇ ਟੁਕੜੇ ਦੇ ਕੇ ਵਾਪਸ ਭੇਜ ਦਿੱਤਾ ਜਾਂਦਾ। ਪਿੰਡ ਵਾਸੀ ਉਸਨੂੰ ਨੀਵੀਂ ਜਾਤੀ ਹੋਣ ਕਰਕੇ ਨਫ਼ਰਤ ਕਰਦੇ ਅਤੇ ਨੀਵੀਂ ਜਾਤੀ ਵਾਲਿਆਂ ਦੀਆਂ ਧੀਆਂ ਭੈਣਾਂ ਨੂੰ ਛੇੜਦੇ। ਦੁਰਜਨ ਸਿੰਘ ਦਾ ਭਰਾ ਇਸਦਾ ਵਿਰੋਧ ਕਰਦਾ ਹੈ ਤਾਂ ਬਦਲੇ ਵਿੱਚ ਉਸਨੂੰ ਕੁੱਟਿਆ ਜਾਂਦਾ ਹੈ। ਦੁਰਜਨ ਸਿੰਘ ਦੱਸਦਾ ਹੈ ਕਿ ਅੱਜ ਅੰਮ੍ਰਿਤ ਛਕਣ ਤੋਂ ਬਾਅਦ ਵੀ ਉਹਨਾਂ ਨਾਲ ਵਿਤਕਰਾ ਉਵੇਂ ਕਾਇਮ ਹੈ। ਕੀਰਤ ਸਿੰਘ ਨੂੰ ਦੁਰਜਨ ਸਿੰਘ ਨਾਲ ਦਿਲੋਂ ਹਮਦਰਦੀ ਹੈ।

ਰੂਪ ਕੌਰ ਨੂੰ ਆਪਣੇ ਵਲੋਂ ਹਿਫ਼ਾਜ਼ਤ ਵਾਲੇ ਥਾਂ ਪਹੁੰਚਾਉਣ ਤੋਂ ਬਾਅਦ ਕੀਰਤ ਸਿੰਘ ਸ਼ੁਜਾਹਬਾਦ ਕਿਲ੍ਹੇ ਦੀ ਸੁਰੱਖਿਆ ਵਿੱਚ ਰੁੱਝਾ ਰਹਿੰਦਾ ਹੈ। ਉਥੇ ਰਹਿੰਦਿਆਂ ਉਸਨੂੰ ਪਤਾ ਲੱਗਦਾ ਕਿ ਰੂਪ ਕੌਰ ਨੂੰ ਦੋ ਮਿਸਰਾਂ ਲੱਖਣ ਸਿੰਘ ਤੇ ਹੁਕਮ ਸਿੰਘ ਨੇ ਅਗਵਾ ਕਰ ਲਿਆ ਹੈ। ਕੀਰਤ ਸਿੰਘ ਉਨ੍ਹਾਂ ਦੀਆਂ ਦੱਸੀਆਂ ਸ਼ਰਤਾਂ ਅਨੁਸਾਰ ਉਹਨਾਂ ਨੂੰ ਮਿਲਦਾ ਹੈ। ਉਹ ਇਕ ਵਾਰ ਪੈਸੇ ਲੈ ਕੇ ਵੀ ਰੂਪ ਕੌਰ ਨੂੰ ਛੱਡਣ ਲਈ ਰਾਜ਼ੀ ਨਹੀਂ ਹੁੰਦੇ। ਕੀਰਤ ਸਿੰਘ ਉਹਨਾਂ ਵਿਰੁੱਧ ਫੌਜੀ ਕਾਰਵਾਈ ਕਰਨ ਬਾਰੇ ਸੋਚਦਾ ਹੈ। ਇਸ ਲੜਾਈ ਵਿੱਚ ਕੀਰਤ ਸਿੰਘ ਦੀ ਮਦਦ ਇੱਕ ਫ਼ਰੰਗੀ ਅਫ਼ਸਰ ਮੈਕਸਵੈੱਲ ਕਰਦਾ ਹੈ ਜਿਹੜਾ ਸਾਂਝੀਆਂ ਮੁਹਿੰਮਾਂ ਸਮੇਂ ਉਸਦਾ ਪੁਰਾਣਾ ਦੋਸਤ ਹੁੰਦਾ। ਉਹਨਾਂ ਵਿੱਚ ਹੋਏ ਆਪਸੀ ਸਮਝੌਤੇ ਮੁਤਾਬਿਕ ਲੱਖਣ ਸਿੰਘ ਨੂੰ ਅਗਵਾ ਕਰ ਲਿਆ ਜਾਂਦਾ ਹੈ ਅਤੇ ਹੁਕਮ ਸਿੰਘ ਨੂੰ ਮਾਰਕੇ ਕੀਰਤ ਸਿੰਘ ਆਪਣਾ ਬਦਲਾ ਪੂਰਾ ਕਰਦਾ ਹੈ। ਇਹ ਹੁਕਮ ਸਿੰਘ ਇਕ ਜਗੀਰਦਾਰ ਮਾਨ ਸਿੰਘ ਦਾ ਗੁੰਡਾ ਪਾਲਿਆ ਹੁੰਦਾ ਹੈ ਜਿਸਦੀ ਸ਼ਹਿ 'ਤੇ ਉਹ ਅੱਯਾਸ਼ੀਆਂ ਕਰਦਾ ਹੈ। ਜਦੋਂ ਆਪਣੀ ਅੱਯਾਸ਼ੀ ਦੌਰਾਨ ਜਗੀਰਦਾਰ ਮਾਨ ਸਿੰਘ ਮਾਮਲਾ ਨਾ ਤਾਰ ਸਕਣ ਕਰਕੇ ਕੀਰਤ ਸਿੰਘ ਦੇ ਵੱਡੇ ਭਰਾ ਨੂੰ ਕਾਠ ਮਰਵਾ ਦਿੰਦਾ ਹੈ ਤਾਂ ਉਸਦੀ ਪਤਨੀ ਗੌਰਾਂ ਨੂੰ ਆਪਣੀ ਦਾਸੀ ਬਣਾ ਲੈਂਦਾ ਹੈ। ਉਹ ਗੌਰਾਂ ਦੀ ਸੁੰਦਰਤਾ ਨੂੰ ਮਾਨਣਾ ਚਾਹੁੰਦਾ ਹੈ ਪਰੰਤੂ ਗੌਰਾਂ ਇਸਦਾ ਵਿਰੋਧ ਕਰਦੀ ਹੈ। ਜਦੋਂ ਕੀਰਤ ਸਿੰਘ ਨੂੰ ਪਿੰਡ ਆਉਣ ਤੇ ਇਸਦਾ ਪਤਾ ਲੱਗਦਾ ਹੈ ਤਾਂ ਗੁੱਸੇ ਵਿੱਚ ਆ ਕੇ ਉਹ ਜਗੀਰਦਾਰ ਮਾਨ ਸਿੰਘ ਦਾ ਕਤਲ ਕਰ ਦਿੰਦਾ ਹੈ ਅਤੇ ਆਪਣੇ ਭਰਾ ਤੇ ਭਰਜਾਈ ਨੂੰ ਉਸਦੀ ਕੈਦ ਵਿੱਚੋਂ ਛੁਡਾ ਲਿਆਉਂਦਾ ਹੈ। ਗੌਰਾਂ ਉਸਦੀ ਭਰਜਾਈ ਬਣਨ ਤੋਂ ਪਹਿਲਾਂ ਉਸਦੇ ਬਚਪਨ ਦੀ ਸਾਥੀ ਸੀ ਜੋ ਉਸਨੂੰ ਬਹੁਤ ਚੰਗੀ ਲੱਗਦੀ ਸੀ ਪ੍ਰੰਤੂ ਕੀਰਤ ਸਿੰਘ ਦੇ ਭਰਾ ਦੁਆਰਾ ਉਸਨੂੰ ਵਿਆਹੁਣ ਤੇ ਉਸਦੀਆਂ ਭਾਵਨਾਵਾਂ ਬਦਲ ਜਾਂਦੀਆਂ ਹਨ। ਜਦੋਂ ਕੀਰਤ ਸਿੰਘ ਦੇ ਵਿਆਹ ਦੀ ਗੱਲ ਚੱਲਦੀ ਹੈ ਤਾਂ ਉਸਦੀ ਭਰਜਾਈ ਪਰੰਪਰਾਗਤ ਰਵਾਇਤ ਅਨੁਸਾਰ ਜ਼ਮੀਨ ਦੀ ਵੰਡ ਰੋਕਣ ਲਈ ਆਪਣੇ ਪਤੀ ਬਚਨ ਸਿੰਘ ਨੂੰ ਕਹਿੰਦੀ ਹੈ ਕਿ ਕੀਰਤ ਸਿੰਘ ਦੇ ਵਿਆਹ ਦੀ ਲੋੜ ਨਹੀਂ ਸਗੋਂ ਉਹ ਉਸਨੂੰ ਸਾਂਭ ਲਵੇਗੀ ਪ੍ਰੰਤੂ ਕੀਰਤ ਸਿੰਘ ਇਸਨੂੰ ਨਾ-ਮੰਨਜ਼ੂਰ ਕਰਦਾ ਹੋਇਆ ਫੌਜ ਵਿੱਚ ਭਰਤੀ ਹੋ ਜਾਂਦਾ ਹੈ। ਕੀਰਤ ਸਿੰਘ ਜ਼ੀਨਤ ਨਾਂ ਦੀ ਕੁੜੀ ਨੂੰ ਪਸੰਦ ਕਰਦਾ ਹੁੰਦਾ ਜਿਹੜੀ ਕਿਸੇ ਰਖੇਲ ਦੀ ਧੀ ਹੁੰਦੀ ਹੈ। ਇਥੇ ਸ਼ੁਜਾਹਬਾਦ ਆਉਣ ਤੇ ਜਦੋਂ ਉਸਨੂੰ ਪਤਾ ਲੱਗਦਾ ਹੈ ਜੀਨਤ ਹੁਣ ਸ਼ਾਮ ਸਿੰਘ ਦੀ ਬੇਗਮ ਬਣ ਚੁੱਕੀ ਹੈ ਤਾਂ ਉਸਦੀਆਂ

ਭਾਵਨਾਵਾਂ ਦਾ ਗਲਾ ਦੂਜੀ ਵਾਰ ਘੁੱਟਿਆ ਜਾਂਦਾ ਹੈ। ਉਹ ਅੰਦਰੋਂ ਅੰਦਰ ਉਸ ਨਾਲ ਪਿਆਰ ਤਾਂ ਕਰਦਾ ਹੈ ਪਰ ਪਾਉਣ ਦੀ ਕੋਸ਼ਿਸ਼ ਕਦੇ ਨਹੀਂ ਕਰਦਾ। ਉਹ ਉਸਦੀ ਤੇ ਉਸਦੇ ਪਰਿਵਾਰ ਦੀ ਰਾਖੀ ਵੀ ਕਰਦਾ ਹੈ। ਦੂਜੇ ਪਾਸੇ ਰੂਪ ਕੌਰ ਕੀਰਤ ਸਿੰਘ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਉਸਨੂੰ ਅਪਨਾਉਣਾ ਚਾਹੁੰਦੀ ਹੈ। ਕੀਰਤ ਸਿੰਘ ਆਪਣੀ ਮਰਿਆਦਾ ਸਮਝਦਾ ਹੋਇਆ ਵਾਜਬ ਦੂਰੀ ਬਣਾ ਕੇ ਰੱਖਦਾ ਹੈ। ਰੂਪ ਕੌਰ ਹਰ ਸਮੇਂ ਉਸ ਨਾਲ ਇਕਾਂਤ ਵਿੱਚ ਰਹਿਣ ਦੀ ਇੱਛਾ ਪਾਲਦੀ ਹੈ ਪ੍ਰੰਤੂ ਕੀਰਤ ਸਿੰਘ ਰੂਪ ਕੌਰ ਨੂੰ ਉਸਦੇ ਕਰਤੱਵ ਦੀ ਯਾਦ ਦਿਵਾਉਂਦਾ ਹੈ। ਰੂਪ ਕੌਰ ਨੂੰ ਬਾਵਾ ਨੇ ਕਾਲਪਨਿਕ ਪਾਤਰ ਵਜੋਂ ਪੇਸ਼ ਕੀਤਾ ਹੈ ਪ੍ਰੰਤੂ ਮਨਮੋਹਨ ਬਾਵਾ ਨੇ ਇਸ ਕਾਲਪਨਿਕ ਪਾਤਰ ਦੀ ਉਸਾਰੀ ਸਿਧਾਂਤਕ ਪੱਖੋਂ ਇਸ ਤਰ੍ਹਾਂ ਕੀਤੀ ਹੈ ਕਿ ਰੂਪ ਕੌਰ ਵਾਸਤਵਿਕ ਪਾਤਰ ਜਾਪਦੀ ਹੈ। ਰੂਪ ਕੌਰ ਵਿੱਚ ਪਹਿਲਾਂ ਪਹਿਲ ਇੱਕ ਸਧਾਰਨ ਔਰਤ ਦੀ ਸੋਚ ਹੈ ਜਿਸ ਅਧੀਨ ਉਹ ਕੀਰਤ ਸਿੰਘ ਨੂੰ ਵੀ ਹਾਸਿਲ ਕਰਨਾ ਚਾਹੁੰਦੀ ਹੈ ਅਤੇ ਮਹਾਰਾਜੇ ਦੀ ਧੀ ਜਾਂ ਪੋਤਰੀ ਹੋਣ ਤੋਂ ਵੀ ਬਚਣਾ ਚਾਹੁੰਦੀ ਹੈ ਪਰੰਤੂ ਹੌਲੀ-ਹੌਲੀ ਉਸਦੇ ਸੁਭਾਅ ਵਿੱਚ ਸਹਿਜਭਾਵੀ ਪਰਿਵਰਤਨ ਆਉਂਦਾ ਹੈ। ਸਿਖਰ ਉਦੋਂ ਹੁੰਦਾ ਹੈ ਜਦੋਂ ਗੁਲਬਾਨੋ ਨਾਂ ਦੀ ਮਹਾਰਾਜਾ ਰਣਜੀਤ ਸਿੰਘ ਦੀ ਰਖੇਲ ਰੂਪ ਕੌਰ ਨੂੰ ਮਿਲਣ ਆਉਂਦੀ ਹੈ। ਉਹੀ ਰੂਪ ਕੌਰ ਦੀ ਅਸਲ ਮਾਂ ਹੁੰਦੀ ਹੈ। ਇਸ ਪਿੱਛੋਂ ਰੂਪ ਕੌਰ ਵਿਚ ਆਤਮਵਿਸ਼ਵਾਸ ਤੇ ਗੰਭੀਰਤਾ ਆ ਜਾਂਦੀ ਹੈ। ਕੀਰਤ ਸਿੰਘ ਨੂੰ ਮਿਲਣ ਲਈ ਬੇਕਰਾਰ ਰਹਿਣ ਵਾਲੀ ਰੂਪ ਕੌਰ ਕੀਰਤ ਸਿੰਘ ਦੇ ਮਿਲਣ ਤੇ ਵੀ ਸਹਿਜ ਰਹਿੰਦੀ ਹੈ। ਉਸਦੀ ਬੋਲ-ਚਾਲ ਵਿੱਚ ਮਹਾਰਾਣੀ ਦੀ ਝਲਕ ਮਿਲਦੀ ਹੈ। ਉਹ ਫਰੰਗੀਆਂ ਵਿਰੁੱਧ ਮੁਲਤਾਨ ਦੀ ਲੜਾਈ ਵਿੱਚ ਸਿੱਖ ਫੌਜ ਦੀ ਅਗਵਾਈ ਕਰਦੀ ਹੈ। ਪਹਿਲੀ ਝੜਪ ਵਿੱਚ ਕੀਰਤ ਸਿੰਘ ਜਖ਼ਮੀ ਹੋ ਜਾਂਦਾ ਹੈ। ਫਰੰਗੀਆਂ ਦੀਆਂ ਨਵੀਆਂ ਤੋਪਾਂ ਅਤੇ ਕੁਝ ਸਿੱਖ ਪਠਾਣਾ ਦੀ ਗੱਦਾਰੀ ਕਾਰਨ ਫੌਜ ਹਾਰ ਜਾਂਦੀ ਹੈ ਤੇ ਮੁਲਤਾਨ ਦਾ ਕਿਲ੍ਹਾ ਫਰੰਗੀਆਂ ਦੇ ਕਬਜ਼ੇ ਹੇਠ ਆ ਜਾਂਦਾ ਹੈ। ਰੂਪ ਕੌਰ ਵੀ ਜ਼ਖ਼ਮੀ ਹੋ ਜਾਂਦੀ ਹੈ ਜਿਸਨੂੰ ਜੰਗਲੀ ਕਬੀਲਿਆਂ ਦੀ ਇੱਕ ਟੋਲੀ ਚੁੱਕ ਕੇ ਲੈ ਜਾਂਦੀ ਹੈ। ਇਹ ਟੋਲੀ ਮੁਰਦਿਆਂ ਦੀਆਂ ਜੇਬਾਂ ਚੋਰੀ ਕਰਨ ਵਾਲਿਆਂ ਦੀ ਹੁੰਦੀ ਹੈ। ਕੀਰਤ ਸਿੰਘ ਉਸਦਾ ਇਲਾਜ ਕਰਨ ਵਾਲੀ ਸੁੰਦਰਾਂ ਨਾਂ ਦੀ ਔਰਤ ਨਾਲ ਵਿਆਹ ਕਰਵਾ ਕੇ ਆਪਣੇ ਜੱਦੀ ਪਿੰਡ ਰਹਿਣ ਲੱਗ ਪੈਂਦਾ ਹੈ। ਕਈ ਸਾਲਾਂ ਬਾਅਦ ਹਾਰੇ ਹੋਏ ਸਿੱਖ ਫਿਰ ਤੋਂ ਇਕੱਠੇ ਹੋਣ ਲੱਗਦੇ ਹਨ ਜਿਨ੍ਹਾਂ ਨਾਲ ਕੀਰਤ ਸਿੰਘ ਵੀ ਮਿਲ ਜਾਂਦਾ ਹੈ ਪ੍ਰੰਤੂ ਰੂਪ ਕੌਰ ਦਾ ਕੋਈ ਥਹੁ-ਪਤਾ ਨਹੀਂ ਲੱਗਦਾ।

ਇਤਿਹਾਸ ਦੇ ਵਿਸ਼ੇ ਨੂੰ ਚੁਣਨਾ ਜਿੰਨਾ ਕਠਿਨ ਕਾਰਜ ਹੈ ਉਸ ਤੋਂ ਵੀ ਵੱਧ ਕਠਿਨ ਉਸਦਾ ਸਹੀ ਨਿਭਾਅ ਕਰਨਾ ਹੁੰਦਾ ਹੈ। ਕਈ ਵਾਰੀ ਲੇਖਕ ਇਸ ਸੰਤੁਲਨ ਨੂੰ ਕਾਇਮ ਨਹੀਂ ਰੱਖ ਪਾਉਂਦੇ ਜਿਸ ਨਾਲ ਇਤਿਹਾਸਕ ਘਟਨਾਵਾਂ ਦੀ ਅਸਲ ਛਵੀ ਖਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ ਪ੍ਰੰਤੂ ਬਾਵਾ ਨੇ ਅਜਿਹਾ ਨਹੀਂ ਵਾਪਰਨ ਦਿੱਤਾ। ਉਸਨੇ ਆਪਣੇ ਕਾਲਪਨਿਕ ਪਾਤਰਾਂ ਨੂੰ ਇਤਿਹਾਸ ਦੀਆਂ ਕੜੀਆਂ ਵਿੱਚ ਇਸ ਤਰ੍ਹਾਂ ਫਿੱਟ ਕੀਤਾ ਹੈ ਕਿ ਉਹ ਕਾਲਪਨਿਕ ਹੁੰਦੇ ਹੋਏ ਵੀ ਵਾਸਤਵਿਕ ਜਾਪਦੇ ਹਨ। ਮਨਮੋਹਨ ਬਾਵਾ ਨੇ ਮੁਸਲਮਾਨ ਪਾਤਰ ਸ਼ਾਹ ਬਖ਼ਸ਼, ਨੀਵੀਂ ਜਾਤੀ ਦੇ ਦੁਰਜਨ ਸਿੰਘ ਤੇ ਫਰੰਗੀ ਅਫਸਰਾਂ ਮੈਕਸਵੈਲ ਤੇ ਲਾਰੈਂਸ ਨੂੰ ਵਿਚਾਰਧਾਰਕ ਪੱਖੋਂ ਸਬੂਤੇ ਵਫਾਦਾਰ ਪਾਤਰਾਂ ਵਜੋਂ ਪੇਸ਼ ਕੀਤਾ ਹੈ। ਮਨਮੋਹਨ ਬਾਵਾ ਨੇ ਅਜਿਹੇ ਪਾਤਰ ਪੇਸ਼ ਕਰਕੇ ਇਹ ਸਪੱਸ਼ਟ ਕੀਤਾ ਹੈ ਕਿ ਜਿੱਥੇ ਇਕ ਪਾਸੇ ਸਿੱਖ ਰਾਜ ਦੇ ਖਾਤਮੇ ਲਈ ਸਿੱਖ ਸਰਦਾਰ, ਡੋਗਰੇ ਤੇ ਪਠਾਣ ਜ਼ੁੰਮੇਵਾਰ ਬਣਦੇ ਹਨ, ਉਥੇ ਦੂਜੇ ਪਾਸੇ ਇਹ ਗੈਰ-ਸਿੱਖ ਪਾਤਰ ਸੱਚੇ ਦਿਲੋਂ ਸਿੱਖ ਰਾਜ ਦੀ ਕਾਇਮੀ ਲਈ ਚਿੰਤਤ ਹਨ। ਸ਼ਾਹ ਬਖ਼ਸ਼ ਇਹ ਕਰਤੱਵ ਜਿੱਥੇ ਮੁਸਲਮਾਨ ਹੋਣ ਦੇ ਨਾਤੇ ਨਿਭਾਉਂਦਾ ਹੈ ਉਥੇ ਦੁਰਜਨ ਸਿੰਘ ਨੀਵੀਂ ਜਾਤ ਹੋਣ ਤੇ ਸਿੱਖਾਂ ਵੱਲੋਂ ਤ੍ਰਿਸਕਾਰੇ ਜਾਣ ਦੇ ਬਾਵਜੂਦ ਸਿੱਖ ਰਾਜ ਦੀ ਕਾਇਮੀ ਚਾਹੁੰਦਾ ਹੈ। ਮਨਮੋਹਨ ਬਾਵਾ ਨੇ ਪਾਤਰਾਂ ਦੇ ਵਿਰੋਧੀ ਜੁੱਟ ਬਣਾ ਕੇ ਉਹਨਾਂ ਦਾ ਤੁਲਨਾਤਮਿਕ ਅਧਿਐਨ ਪੇਸ਼ ਕੀਤਾ ਹੈ।

ਕਿਸੇ ਕੌਮ ਨੂੰ ਗੁਲਾਮ ਰੱਖਣ ਲਈ ਸਭ ਤੋਂ ਪਹਿਲਾਂ ਉਹਨਾਂ ਨੂੰ ਮਾਨਸਿਕ ਤੇ ਵਿਚਾਰਧਾਰਕ ਤੌਰ ਤੇ ਗੁਲਾਮ ਬਣਾਇਆ ਜਾਂਦਾ ਹੈ, ਬਾਅਦ ਵਿੱਚ ਉਹਨਾਂ ਦੇ ਆਰਥਿਕ ਸਾਧਨਾਂ 'ਤੇ ਕਬਜ਼ਾ



ਕਰ ਲਿਆ ਜਾਂਦਾ ਹੈ। ਅਜਿਹਾ ਕਰਨ ਲਈ ਹਕੀਕਤ ਤੋਂ ਉਲਟ ਵਿਗਾੜਾਊ ਤੇ ਭਰਮਪਾਊ ਵਿਚਾਰਾਂ ਦਾ ਪ੍ਰਸਾਰ ਕੀਤਾ ਜਾਂਦਾ ਹੈ। ਕੀਰਤ ਸਿੰਘ ਨਾਲ ਗੱਲਬਾਤ ਦੌਰਾਨ ਫਰੰਗੀ ਅਫ਼ਸਰ ਮੈਕਸਵੈੱਲ ਫਰੰਗੀਆਂ ਦੀ ਇਸ ਨੀਤੀ ਬਾਰੇ ਦੱਸਦਾ ਹੈ ਕਿ ਕਿਸ ਤਰ੍ਹਾਂ ਫਰੰਗੀਆਂ ਨੇ ਚੀਨ ਵਿੱਚ ਅਫੀਮ ਦਾ ਕਾਰੋਬਾਰ ਕਰਕੇ ਉਹਨਾਂ ਨੂੰ ਨਸ਼ੇ ਦਾ ਆਦੀ ਬਣਾ ਦਿੱਤਾ ਹੈ। ਮੈਕਸਵੈੱਲ ਇਹ ਵੀ ਦੱਸਦਾ ਹੈ ਕਿ ਪੰਜਾਬ ਵਿੱਚ ਵੀ ਅਜਿਹੀ ਨੀਤੀ ਲਾਗੂ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਪੰਜਾਬ 'ਤੇ ਕਬਜ਼ਾ ਕਰਨ ਸਮੇਂ ਫਰੰਗੀਆਂ ਨੇ ਸਿੱਖ ਸਰਦਾਰਾਂ ਤੇ ਪਠਾਣਾਂ ਦੀ ਮਾਨਸਿਕਤਾ ਸਮਝ ਕੇ ਉਹਨਾਂ ਨੂੰ ਵਿਚਾਰਧਾਰਕ ਤੌਰ 'ਤੇ ਅਧੀਨ ਕਰ ਲਿਆ। ਆਪਣੀ ਸ਼ਾਨੋ-ਸ਼ੌਕਤ ਤੇ ਐਸ਼-ਪ੍ਰਸਤੀ ਦੇ ਸਾਧਨ ਖੁੱਸ ਜਾਣ ਦੇ ਡਰੋਂ ਕਈ ਸਿੱਖ ਸਰਦਾਰਾਂ, ਰਾਜਿਆਂ ਤੇ ਜਗੀਰਦਾਰਾਂ ਨੇ ਫਰੰਗੀਆਂ ਦੀ ਅਧੀਨਗੀ ਕਬੂਲ ਲਈ। ਇਵਜ਼ਾਨੇ ਵਜੋਂ ਉਹਨਾਂ ਨੂੰ ਇਹ ਸਾਧਨ ਪ੍ਰਦਾਨ ਕਰਕੇ ਆਰਥਿਕ ਆਧਾਰ ਖੋਹ ਲਏ ਗਏ। ਹਾਕਮ ਜਮਾਤ ਦਾ ਮਕਸਦ ਸਦਾ ਮੁਨਾਫਾ ਕਮਾਉਣਾ ਹੁੰਦਾ ਜਿਸਦੀ ਪ੍ਰਾਪਤੀ ਲਈ ਉਹ ਕਬਜ਼ੇ ਹੇਠਲੇ ਸਾਰੇ ਸਾਧਨ ਵਰਤਦੀ ਹੈ। ਨਿਮਨ ਵਰਗ ਦੇ ਲੋਕ ਚੇਤਨਾ ਅਤੇ ਸਾਧਨਾਂ ਤੋਂ ਵਿਹੂਣੇ ਹੁੰਦੇ ਹਨ ਜਿਸ ਕਰਕੇ ਉਹ ਉੱਚ ਵਰਗ ਦੇ ਰਹਿਮੋ-ਕਰਮ ਤੇ ਪਲਦੇ ਹਨ। ਉੱਚ ਵਰਗ ਤੋਂ ਉਹਨਾਂ ਨੂੰ ਕੋਈ ਖ਼ਤਰਾ ਵੀ ਨਹੀਂ ਹੁੰਦਾ। ਪਰੰਤੂ ਮੱਧ ਵਰਗੀ ਜਮਾਤ ਚੇਤੰਨ ਹੁੰਦੀ ਹੈ। ਇਹ ਜਮਾਤ ਆਪਣੇ ਸਾਧਨਾਂ ਨੂੰ ਬਿਹਤਰ ਬਣਾਉਣ ਲਈ ਉੱਚ ਵਰਗ ਵਾਂਗ ਬਣਨਾ ਵੀ ਲੋਚਦੀ ਹੈ। ਇਸ ਕਰਕੇ ਕਿਸੇ ਕਿਸਮ ਦੇ ਇਨਕਲਾਬ ਵਿੱਚ ਜਮਾਤ ਦਾ ਰੋਲ ਫੈਸਲਾਕੁੰਨ ਤਾਕਤ ਵਜੋਂ ਕੰਮ ਕਰਦਾ ਹੈ, ਦੋ ਅੰਗਰੇਜ਼ ਅਫ਼ਸਰ ਇਸ ਜਮਾਤ ਦੇ ਇਨਕਲਾਬੀ ਰੋਲ ਦੀ ਗੱਲ ਕਰਦੇ ਹੋਏ ਇਸ ਤੋਂ ਬਚਕੇ ਰਹਿਣ ਦੀ ਗੱਲ ਕਰਦੇ ਹਨ।

ਮਨਮੋਹਨ ਬਾਵਾ ਨੇ ਸਿੱਖ ਰਾਜ ਦੇ ਖਾਤਮੇ ਸੰਬੰਧੀ ਕਈ ਕਾਰਨਾਂ ਨੂੰ ਪਾਤਰਾਂ ਦੀ ਜ਼ੁਬਾਨੀ ਸਪੱਸ਼ਟ ਕੀਤੀ ਹੈ। ਮਹਾਰਾਜਾ ਰਣਜੀਤ ਸਿੰਘ ਭਾਵੇਂ ਇੱਕ ਨਿਪੁੰਨ ਰਾਜਨੀਤੀਵਾਨ ਸੀ ਪਰੰਤੂ ਨਾਲ ਦੀ ਨਾਲ ਇੱਕ ਸਧਾਰਨ ਆਦਮੀ ਵਾਂਗ ਉਸ ਵਿੱਚ ਅਨੇਕਾਂ ਘਾਟਾਂ ਵੀ ਮੌਜੂਦ ਸਨ। ਉਸਦੇ ਅਨੇਕਾਂ ਰਾਣੀਆਂ ਹੋਣ ਦੇ ਬਾਵਜੂਦ ਹਰ ਸੋਹਣੀ ਲੱਗਣ ਵਾਲੀ ਕੁਆਰੀ ਜਾਂ ਵਿਆਹੀ ਔਰਤ ਨੂੰ ਕਿਸੇ ਵੀ ਕੀਮਤ 'ਤੇ ਹਾਸਲ ਕਰਦਾ ਹੈ। ਉਸਦੇ ਵਿਅਕਤਵ ਵਿੱਚੋਂ ਐਸ਼ ਪ੍ਰਸਤੀ ਦੀ ਝਲਕ ਸਹਿਜੇ ਹੀ ਮਿਲਦੀ ਹੈ। ਮਹਾਰਾਜਾ ਰਣਜੀਤ ਸਿੰਘ ਆਪਣੀ ਸਿਆਣਪ ਦੀ ਥਾਂ ਆਪਣੇ ਸਹਿਯੋਗੀਆਂ ਦੇ ਵਿਚਾਰਾਂ ਦੇ ਅਧਾਰ 'ਤੇ ਵੀ ਫੈਸਲੇ ਕਰ ਦਿੰਦਾ ਸੀ। ਇਸ ਕਾਰਨ ਕਈ ਫੈਸਲੇ ਗਲਤ ਹੋ ਜਾਂਦੇ ਅਤੇ ਲੋਕ ਖੁਸ਼ ਹੋਣ ਦੀ ਥਾਂ ਨਰਾਜ਼ ਹੋ ਜਾਂਦੇ। ਮਹਾਰਾਜ ਦੀਆਂ ਅਜਿਹੀਆਂ ਖਾਮੀਆਂ ਕਾਰਨ ਸਤਲੁਜ ਦੇ ਪਾਰ ਸਿੱਖ ਤੇ ਫਰੰਗੀਆਂ ਨਾਲ ਰਲ ਜਾਂਦੇ ਹਨ। ਮਹਾਰਾਜ ਰਣਜੀਤ ਸਿੰਘ ਦੇ ਨੇੜਲੇ ਡੋਗਰਿਆਂ ਤੇ ਬੇਈਮਾਨ ਸਿੱਖਾਂ ਦੀਆਂ ਗਲਤ ਨੀਤੀਆਂ ਕਾਰਨ ਜਿੱਥੇ ਮਹਾਰਾਜ ਦੀ ਸ਼ਕਤੀ ਖਿੱਲਰ ਗਈ ਉਥੇ ਸਿੱਖ ਰਾਜ ਨੂੰ ਵੀ ਢਾਹ ਲੱਗੀ। ਜਿੱਥੋਂ ਤੱਕ ਰਾਣੀ ਜਿੰਦਾਂ ਦੀ ਗੱਦਾਰੀ ਦਾ ਸਵਾਲ ਹੈ ਤਾਂ ਉਸ ਬਾਰੇ ਮਨਮੋਹਨ ਬਾਵਾ ਨੇ ਸ਼ਾਹ ਮੁਹੰਮਦ ਦੇ ਜੰਗਨਾਮਾ ਦੇ ਹਵਾਲੇ ਨਾਲ ਹੀ ਗੱਲ ਕੀਤੀ ਹੈ। ਸ਼ਾਹ ਮੁਹੰਮਦ ਅਨੁਸਾਰ ਰਾਣੀ ਜਿੰਦਾਂ ਨੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਫਰੰਗੀਆਂ ਦਾ ਸਾਥ ਦਿੱਤਾ। ਪਰੰਤੂ ਸ਼ਾਹ ਮੁਹੰਮਦ ਦੇ ਇਸ ਵਿਚਾਰ 'ਤੇ ਕਈ ਸਾਲ ਚੱਲੀ ਵਿਚਾਰ ਚਰਚਾ ਉਪਰੰਤ ਇਤਿਹਾਸਕਾਰਾਂ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਿਨਾਂ ਇੱਕ-ਦੋ ਅੰਗਰੇਜ਼ੀ ਇਤਿਹਾਸਕਾਰਾਂ ਨੇ ਵੀ ਰਾਣੀ ਜਿੰਦਾਂ ਨੂੰ ਨਿਰਦੋਸ਼ ਦੱਸਿਆ ਹੈ ਪਰੰਤੂ ਮਨਮੋਹਨ ਬਾਵਾ ਨੇ ਆਪਣੇ ਨਾਵਲ ਵਿੱਚ ਸ਼ਾਹ ਮੁਹੰਮਦ ਦੇ ਵਿਚਾਰ ਦੀ ਪੌੜਤਾ ਕਰਦਾ ਹੈ। ਬਾਵਾ ਇਹ ਵੀ ਦੱਸਦਾ ਹੈ ਕਿ ਰਣਜੀਤ ਸਿੰਘ ਦਾ ਰਾਜ ਅਸਲ ਵਿੱਚ ਉਸਦਾ ਆਪਣਾ ਉਸਾਰਿਆ ਹੋਇਆ ਨਹੀਂ ਸੀ। ਰਣਜੀਤ ਸਿੰਘ ਨੇ ਉਸ ਬਣੇ-ਬਣਾਏ ਰਾਜ ਦੀ ਅਗਵਾਈ ਹੀ ਕੀਤੀ ਹੈ ਜਿਸਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ ਤੇ ਬਾਅਦ ਵਿੱਚ ਬੰਦਾ ਬਹਾਦਰ ਨੇ ਉਸਨੂੰ ਪੱਕੇ ਪੈਰੀਂ ਕੀਤਾ। ਰਣਜੀਤ ਸਿੰਘ ਨੇ ਸਿੱਖ ਮਿਸਲਾਂ ਦੀ ਵੱਧਦੀ ਹੋਈ ਸ਼ਕਤੀ ਨੂੰ ਰੋਕਣ ਲਈ ਉਹਨਾਂ ਨੂੰ ਖਤਮ ਕਰ ਦਿੱਤਾ। ਉਸਦੀਆਂ ਆਪਣੀਆਂ ਕਮਜ਼ੋਰੀਆਂ ਹੀ ਸਿੱਖ ਰਾਜ ਦੇ ਅੰਤ ਲਈ ਜ਼ੁੰਮੇਵਾਰ ਬਣਦੀਆਂ ਹਨ।

**ਪਿੰਡ ਤੇ ਡਾਕਖਾਨਾ ਘੋਲੀਆ ਕਲਾਂ ਜਿਲ੍ਹਾ-ਮੋਗਾ-142056**

# ਕਿਰਦੀ ਮਿੱਟੀ

**- ਦਰਸ਼ਨ ਬੁਲੰਦਵੀ**

ਪੁਸਤਕ ਦੇ ਪਾਠ ਉਪਰੰਤ ਸਭ ਤੋਂ ਪ੍ਰਥਮ ਪ੍ਰਭਾਵ ਗ੍ਰਹਿਣ ਹੁੰਦਾ ਹੈ ਕਿ ਬੁਲੰਦਵੀ ਜੀ ਅਜੋਕੇ ਦੌਰ ਦੇ ਰਿਵਾਜ ਅਥਵਾ ਫੈਸ਼ਨ ਅਨੁਸਾਰ ਆਜ਼ਾਦ ਨਜ਼ਮ ਦੇ ਸ਼ਾਇਰ ਹਨ। ਜਿੱਥੇ ਕਿਤੇ ਵੀ ਇਹਨਾਂ ਨੇ ਛੰਦ-ਯੁਕਤ ਕਾਵਿ ਰਚਨ ਦਾ ਪ੍ਰਯਾਸ ਕੀਤਾ ਹੈ, ਲੜਖੜਾ ਗਏ ਹਨ। ਮੇਰੀ ਜਾਹੇ ਛੰਦ-ਮੁਕਤ ਕਾਵਿ ਨੂੰ ਆਪਣਾ ਤੀਬਰ, ਭਾਵ-ਉਤੇਜਕ ਬੱਝਵਾਂ ਅਤੇ ਸਦੀਵੀ ਪ੍ਰਭਾਵ ਸਿਰਜਣ ਲਈ ਅਦੁੱਤੀ ਪ੍ਰਤਿਭਾ ਦੀ ਅਵੱਸ਼ਕਤਾ ਹੁੰਦੀ ਹੈ ਭਾਂਵੇ ਕਿ ਪ੍ਰਤਿਭਾਹੀਣ ਛੰਦ-ਯੁਕਤ ਕਾਵਿ ਵੀ ਮਹਿਜ਼ ਤੁੱਕਬੰਦੀ ਬਣਕੇ ਸਮੇਂ ਦੀ ਧੂੜ ਹੇਠ ਆਪਣੀ ਹੋਂਦ ਦਾ ਚਮਤਕਾਰ ਗਵਾ ਬੈਠਦਾ ਹੈ। ਖਾਕਸਾਰ ਇਸ ਸੰਗ੍ਰਹਿ ਵਿੱਚ ਸ਼ਾਮਿਲ ਰਚਨਾਵਾਂ ਨੂੰ ਵਾਰਤਕੀ-ਕਾਵਿ ਦੀ ਕੋਟੀ ਵਿੱਚ ਸਜਾਉਣਾ ਪਸੰਦ ਕਰੇਗਾ।

ਇਸ ਸੰਗ੍ਰਹਿ ਦੀਆਂ "ਸੁਪਨਾ", "ਲਾਸ਼ਾਂ", "ਪੰਜਾਬ ਨੂੰ" ਅਤੇ "ਮੈਂ ਪੰਜਾਬ ਹਾਂ" ਆਦਿ ਰਚਨਾਵਾਂ ਨੂੰ ਸੂਤਰਬਧ, ਛੰਦ ਰੂਪ ਪ੍ਰਦਾਨ ਕਰਨ ਦਾ ਸੁਚੇਤ ਪ੍ਰਯਾਸ ਕੀਤਾ ਗਿਆ ਹੈ ਪ੍ਰੰਤੂ ਇਹਨਾਂ ਵਿੱਚ ਥਾਂ-ਥਾਂ ਵਜ਼ਨ ਝੋਲੇ ਖਾਂਦਾ ਹੈ। ਸੋਧ/ਇਸਲਾਹ ਦੀ ਸਖਤ ਲੋੜ ਹੈ। 'ਲਾਸ਼ਾਂ' ਅਤੇ 'ਪੰਜਾਬ' ਨੂੰ ਕਵਿਤਾ ਨੂੰ ਬੈਂਤ ਛੰਦ ਵਿੱਚ ਰਚਨ ਦਾ ਪ੍ਰਯੋਗ ਪੂਰਨਭਾਂਤ ਸਫਲ ਨਹੀਂ ਹੋ ਸਕਿਆ। "ਪੰਜਾਬ ਨੂੰ" ਕਵਿਤਾ ਦੀ ਪਹਿਲੀ ਸਤਰ ਦਾ ਵਜ਼ਨ ਹੀ ਅਸ਼ੁੱਧ ਹੈ। ਅਜਿਹੀ ਦਸ਼ਾ "ਮੈਂ ਪੰਜਾਬ ਹਾਂ" ਵਿੱਚ ਅੰਕਿਤ "ਬੰਦਾਂ" ਦੀ ਹੈ।

ਹੋਰ ਰਚਨਾਵਾਂ ਦੇ ਰੂਪਕ-ਪੱਖ ਬਾਰੇ ਵਿਸ਼ਥਾਰ ਵਿੱਚ ਜਾਣ ਦਾ ਦਾਸ ਦਾ ਕੋਈ ਇਰਾਦਾ ਨਹੀਂ। ਇਸ ਲਈ ਇਸ ਪ੍ਰਸੰਗ ਨੂੰ ਏਥੇ ਛੱਡ ਕੇ ਹੋਰ ਪੱਖਾਂ ਨੂੰ ਪੜਚੋਲਣਾ ਸਾਰਥਿਕ ਹੋਵੇਗਾ।

ਬੁਲੰਦਵੀ ਜੀ ਦੇ ਇਸ ਵਾਰਤਕ-ਕਾਵਿ ਵਿੱਚ ਸੂਖਸ਼ਮ ਭਾਵਾਂ ਦਾ ਸੰਚਾਰ ਅਵੱਸ਼ ਹੋਇਆ ਹੈ। ਸਾਰੀਆਂ ਹੀ ਰਚਨਾਵਾਂ ਸਹਿਜ ਭਾਵ ਨਾਲ ਵਿਚਰਦੀਆਂ ਹਨ। ਉਂਝ ਇਹਨਾਂ ਸਤਰਾਂ ਦਾ ਲੇਖਕ 'ਸਹਿਜ' ਸ਼ਬਦ ਨੂੰ ਕਿਸੇ ਸੀਮਾ ਤੱਕ ਹੀ ਪਰਵਾਨ ਕਰਦਾ ਹੈ। ਇਹਨਾਂ ਵਿੱਚ ਖਾਹ-ਮਖਾਹ ਵਾਕਾਂ ਦੀ ਸੁਰੰਚਨਾ ਨੂੰ ਵਿਗਾੜ ਕੇ, ਬੁਝਾਰਤਾਂ ਪਾ ਕੇ ਨਵੀਨਤਾ ਦਾ ਆਤੰਕ ਨਹੀਂ ਸਿਰਜਿਆ ਗਿਆ। ਸਗੋਂ ਪਰਦੱਖਣ ਰਾਹੀਂ ਉਤਪੰਨ ਹੋਏ ਸੰਵੇਗਾਂ ਨੂੰ ਆਪਣੀ ਬੌਧਕ ਅਤੇ ਕਲਾਤਮਿਕ ਸਮਰੱਥਾ ਦੇ ਬਲਬੂਤੇ ਕਾਵਮਿਈ-ਵਾਰਤਕ ਦੇ ਪੈਟਰਨ ਵਿੱਚ ਢਾਲ ਕੇ ਪਰਸਤੁਤ ਕੀਤਾ ਗਿਆ ਹੈ। ਇਹਨਾਂ ਵਿੱਚ ਇਤਿਹਾਸਕ/ਮਿਥਿਹਾਸਕ ਪਾਤਰਾਂ ਨੂੰ ਸਮਕਾਲੀ ਯਥਾਰਥ ਨਾਲ ਜੋੜ ਕੇ ਨਵੇਂ ਅਰਥ ਪ੍ਰਦਾਨ ਕੀਤੇ ਗਏ ਹਨ ਜੋ ਬੁਲੰਦਵੀ ਕਾਵਿ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਸ ਪ੍ਰਸੰਗ ਵਿੱਚ "ਸ਼ਮੀਰ", "ਅੰਗੂਠਾ", "ਕ੍ਰਿਸ਼ਨ ਅਤੇ ਸੁਦਾਮਾ" ਆਦਿ ਰਚਨਾਵਾਂ ਦਾ ਜ਼ਿਕਰ ਹੋ ਸਕਦਾ ਹੈ। ਦੂਜੀ ਮਹੱਤਵਪੂਰਨ ਪ੍ਰਾਪਤੀ ਇਹਨਾਂ ਰਚਨਾਵਾਂ ਦਾ ਸੁਭਾਵਕ ਅਤੇ ਸਮਾਜਿਕ ਸਰੋਕਾਰ ਬਣਦੇ ਹਨ। ਇਹ ਕਿਸੇ ਖਲਾ ਵਿੱਚ ਰਚੀਆਂ ਨਜ਼ਮਾਂ ਨਹੀਂ ਅਤੇ ਨਾਂ ਹੀ ਅਸਮਾਨੋਂ ਉੱਤਰੀਆਂ ਹਨ।

ਪ੍ਰਵਾਸ ਦੇ ਯਥਾਰਥ, ਪੰਜਾਬ ਦੀ ਯਾਦ, ਰੁਮਾਂਸ, ਅਤੇ ਮਾਨਵੀ ਸੰਵੇਦਨਾ ਆਦਿ ਦੇ ਥੀਮ ਵਧੇਰੇ ਉਜਾਗਰ ਹੁੰਦੇ ਹਨ।

'ਹੈਲੋ' ਰਚਨਾ ਅਨੁਸਾਰ ਵਿਕਸਤ ਪੂੰਜੀਵਾਦੀ ਸਮਾਜ ਵਿੱਚ ਮਨੁੱਖ ਇਤਨਾ ਸਵਾਰਥੀ, ਨਿਜਵਾਦੀ, ਸਵੈ-ਕੇਂਦਰਤ ਅਤੇ ਅਲਹਿਦਗੀ-ਮੂਲਕ ਰੁਚੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਸਾਂਝੇ ਕੇਂਦਰੀ ਪਰਿਵਾਰ (Nucear Family) ਦਾ ਤਾਣਾ-ਬਾਣਾ ਬਿਖਰ ਜਾਂਦਾ ਹੈ ਅਤੇ ਉਸ ਵਿੱਚੋਂ ਸਹਾਨਭੂਤੀ, ਮਮਤਾ, ਮੁਹੱਬਤ ਅਤੇ ਦੁਖ-ਸੁੱਖ ਦੀ ਸਾਂਝ ਦੇ ਮਾਨਵੀ ਜਜ਼ਬੇ ਮਨਫ਼ੀ ਹੋ ਜਾਂਦੇ ਹਨ। ਇਹ ਪ੍ਰਕ੍ਰਿਆ ਮਨੁੱਖ ਦੇ ਅਮਾਨਵੀਕਰਣ ਦੀ ਹੈ।

'ਤਸਵੀਰ' ਨਾਮੀ ਰਚਨਾ ਵਿੱਚ ਇੱਕ ਨਾਜ਼ੁਕ ਕਲੀ ਵਰਗੀ ਸੁੰਦਰ ਮੁਟਿਆਰ ਦਾ ਰਿਸ਼ਤਾ ਸਮਾਜਿਕ ਰਹੁ-ਰੀਤਾਂ ਅਨੁਸਾਰ ਇਕ ਹਾਵ-ਭਾਵਹੀਣ, ਪੱਥਰ ਵਰਗੇ ਵਿਅਕਤੀ ਨਾਲ ਜੁੜ ਜਾਂਦਾ ਹੈ। ਉਸ ਮੁਟਿਆਰ ਦੇ ਮਨ ਦੀ ਹੂਕ/ਵੇਦਨਾ ਡਾਢੀ ਸ਼ਿੱਦਤ ਨਾਲ ਇਸ ਰਚਨਾ ਦੀ ਸੰਵੇਦਨਾ ਦੇ ਰੂਪ ਵਿੱਚ ਪ੍ਰਗਟ ਹੋਈ ਹੈ



ਬੁਲੰਦਵੀ ਵਰਗਾ ਸੂਖਸ਼ਮ, ਸੂਝਵਾਨ, ਸੰਵੇਦਨਸ਼ੀਲ ਅਤੇ ਮਾਨਵਵਾਦੀ ਸ਼ਾਇਰ ਹੀ ਅਜਿਹੀ ਦਰਦ ਭਰਪੂਰ ਰਚਨਾ ਕਰ ਸਕਦਾ ਹੈ।

ਇਕ ਹੋਰ ਰਚਨਾ 'ਧੀ' ਵੀ ਸਾਮੰਤਵਾਦੀ/ਜਗੀਰਦਾਰੀ ਨੈਤਿਕਤਾ ਉੱਤੇ ਭਰਵੀਂ ਚੋਟ ਕਰਦੀ ਹੈ, ਜਿਸ ਵਿੱਚ 'ਕੁੜੀਆਂ ਦਾ ਤੇਹਰਵਾਂ' (ਜਨਮ ਦਿਨ) ਨਹੀਂ ਹੁੰਦਾ

ਬੁਲੰਦਵੀ ਵਾਰਤਕ-ਕਾਵਿ ਦੀ ਗੁਣਵੰਤਾ ਇਸ ਤੱਥ ਵਿੱਚ ਲੁਪਤ ਹੈ ਕਿ ਉਹ ਰੂੜੀਵਾਦੀ ਨੈਤਿਕਤਾ ਦੀ ਨਿਖੇਧੀ ਹੀ ਨਹੀਂ ਕਰਦਾ ਸਗੋਂ ਇਸ ਦੇ ਸਮਾਂਨੰਤਰ ਮਾਨਵਵਾਦੀ ਕਦਰਾਂ ਕੀਮਤਾਂ ਦੀ ਸਿਰਜਣਾ ਕਰਦਾ ਹੈ।

'ਰਾਹ' ਨਾਮੀ ਰਚਨਾ ਵਿੱਚ ਸ਼ਾਇਰ ਮਨੁੱਖਤਾ ਦੇ ਪੱਖ ਵਿੱਚ ਅਤੇ ਵਹਿਸ਼ੀਆਨਾ, ਹਿੰਸਾ, ਜੰਗ ਅਤੇ ਸਾੜਫੂਕਵਾਦ ਦੇ ਵਿਰੁੱਧ ਵਿੱਚ ਇਉਂ ਹੋਕਾ ਦਿੰਦਾ ਹੈ-

ਆਓ!<br>
ਇਸ ਰਾਹ ਦੀ ਪਵਿਤਰਤਾ ਬਹਾਲ ਕਰੀਏ<br>
ਰਾਖੀ ਲਈ ਪਹਿਰੇਦਾਰ ਬਣੀਏ

(ਪੰਨਾ 75)

ਏਸੇ ਤਰ੍ਹਾਂ 'ਸਿਤਾਰ' ਨਾਮੀ ਰਚਨਾ ਸੁਹਜ, ਕਲਾ ਅਤੇ ਸੰਗੀਤ ਦੀ ਮਹਾਨਤਾ ਨੂੰ ਪ੍ਰਤੀਬਿੰਬਤ ਕੀਤਾ ਗਿਆ ਹੈ।

ਬੁਲੰਦਵੀ ਜੀ ਦੀ ਸਿਰਜਣ ਪ੍ਰਕਿਰਿਆ ਵਿੱਚ ਡੂੰਘੇ ਉਤਰਨ ਲਈ ਅਸਾਨੂੰ ਉਹਨਾਂ ਦੀ ਮਾਨਸਿਕ ਸੁਰੰਚਨਾ ਦੀ ਥਾਹ ਪਾਉਣੀ ਪਵੇਗੀ ਭਾਵੇਂ ਕਿ ਮਾਨਸਿਕ ਸੁਰੰਚਨਾ ਦਾ ਅਧਾਰ ਵੀ ਪਦਾਰਥਿਕ ਸੁਰੰਚਨਾ ਹੀ ਹੁੰਦੀ ਹੈ। ਮਨੁੱਖੀ ਮਨ ਉੱਤੇ ਆਰਥਿਕ, ਰਾਜਨੀਤਿਕ, ਸਮਾਜਿਕ, ਸਭਿਆਚਾਰਕ ਅਤੇ ਨੈਤਿਕ ਚੌਗਿਰਦਾ ਆਪਣੇ ਪ੍ਰਭਾਵ ਦੀ ਮੋਹਰ ਲਾਉਂਦਾ ਹੈ। ਬੁਲੰਦਵੀ ਚੇਤੰਨ ਅਤੇ ਸੰਵੇਦਨਸ਼ੀਲ ਮਨੁੱਖ ਹਨ। ਸੁਭਾਵਿਕ ਤੌਰ ਤੇ ਆਪਣੇ ਸਮਾਜਿਕ ਵਾਤਾਵਰਣ ਵਿੱਚ ਸਥੂਲ ਅਤੇ ਸੂਖਸ਼ਮ ਰੂਪ ਵਿੱਚ ਘਟਦੀਆਂ ਘਟਨਾਵਾਂ ਅਤੇ ਪਰਿਵਰਤਨਾਂ ਨੂੰ ਆਪਣੀਆਂ ਗਿਆਨ ਇੰਦਰੀਆਂ ਦੇ ਪਰਤੱਖਣ ਅਤੇ ਬੋਧ ਰਾਹੀਂ ਗ੍ਰਹਿਣ ਕਰਨ ਵਿੱਚ ਰੁੱਝੇ ਰਹਿੰਦੇ ਹਨ। ਆਮ ਮਨੁੱਖ ਨਾਲੋਂ ਵਧੇਰੇ ਬੇਜੋੜ ਸੰਵੇਦਨਸ਼ੀਲ ਹੋਣ ਕਾਰਨ ਇਹਨਾਂ ਵਰਤਾਰਿਆਂ ਦਾ ਤੇਜ਼, ਤੀਬਰ, ਉਤੇਜਤ ਅਤੇ ਦੁਵੀਵਰਤ ਪ੍ਰਭਾਵ ਗ੍ਰਹਿਣ ਕਰਦੇ ਹਨ ਜਿਸਦੇ ਫਲਸਰੂਪ ਉਹਨਾਂ ਦੇ ਮਨ ਵਿੱਚ ਸਥਾਈ/ਅਸਥਾਈ ਸੰਵੇਗ ਉਤਪੰਨ ਹੁੰਦੇ ਹਨ ਜਿਹਨਾਂ ਨੂੰ ਉਹ ਆਮ ਲੋਕਾਈ ਅਤੇ ਆਪਣੇ ਪਾਠਕਾਂ/ਸਰੋਤਿਆਂ ਨਾਲ ਸਾਂਝੇ ਕਰਨ ਲਈ ਬੇਵਸ ਅਤੇ ਬਿਹਬਲ ਹੋ ਉਠਦੇ ਹਨ। ਇਸ ਪ੍ਰਕਾਰ ਉਹਨਾਂ ਦੀ ਰਚਨਾ ਦਾ ਜਨਮ ਹੁੰਦਾ ਹੈ।

ਉਹ ਇਸ ਕਰਕੇ ਵੀ ਭਾਗਸ਼ਾਲੀ ਹਨ ਕਿ ਜੀਵਨ ਯਥਾਰਥ ਦਾ ਬੋਧ ਕਰਨ ਲਈ ਇਤਿਹਾਸਕ ਦਵੰਦਵਾਦੀ ਪਦਾਰਥਵਾਦ ਦੀ ਵਿਗਿਆਨਕ ਵਿਧੀ ਅਪਨਾਉਂਦੇ ਹਨ। ਉਹ ਕਿਤੇ ਕਿਤੇ ਟਪਲੇ ਵੀ ਖਾ ਜਾਂਦੇ ਹਨ ਜਿਵੇਂ ਇਸ ਸੰਗ੍ਰਹਿ ਵਿੱਚ ਅੰਕਿਤ ਪ੍ਰਥਮ ਰਚਨਾ 'ਬੁੱਕਲ ਦੀ ਅੱਗ' ਦੇ ਪ੍ਰਸੰਗ ਵਿੱਚ ਵਾਪਰਿਆ ਹੈ। ਓਪਰੀ ਨਜ਼ਰੇ ਵੇਖਿਆ ਇਹ ਰਚਨਾ ਪਰਵਾਸ ਦੇ ਯਥਾਰਥ ਨੂੰ ਪੇਸ਼ ਕਰਦੀ ਜਾਪਦੀ ਹੈ ਪਰੰਤੂ ਇਸ ਵਿੱਚ 'ਕੁੱਖ ਦਾ ਦਰਦ', 'ਬੁੱਕਲ ਦੀ ਅੱਗ' ਵਿੱਚ ਇਸ ਕਾਰਨ ਪਰਿਵਰਤਿਤ ਹੋ ਜਾਂਦਾ ਹੈ ਕਿਉਂਕਿ ਸ਼ਾਇਰ ਵਿਕਸਤ ਪੂੰਜੀਵਾਦੀ ਦੇਸ਼ (ਇੰਗਲੈਂਡ) ਵਿੱਚ ਜੰਮੀ ਪਲੀ ਪੀੜ੍ਹੀ ਪਾਸੋਂ ਪੂਰਵਨਿਸ਼ਚਿਤ, ਪੂਰਬੀ ਸਮਾਜ ਦੀਆਂ ਕਦਰਾਂ ਕੀਮਤਾਂ ਅਪਨਾਉਣ ਦੀ ਅਖਾਂਕਿਆ ਰੱਖਦਾ ਹੈ। ਇਸ ਰਚਨਾ ਵਿੱਚ ਸ਼ਾਇਰ ਅਚੇਤ ਹੀ ਰੂੜੀਵਾਦੀ ਨੈਤਿਕਤਾ ਦਾ ਪੱਖ ਪੂਰ ਜਾਂਦਾ ਹੈ।

ਬੁਲੰਦਵੀ ਜੀ ਸਧਾਰਨ ਤੌਰ ਤੇ ਪੂੰਜੀਵਾਦੀ ਸਮਾਜ ਦੇ ਅਮਾਨਵੀ ਕਿਰਦਾਰ ਜਿਵੇਂ ਬਾਜ਼ਾਰਬਾਦ, ਖਪਤਵਾਦ, ਭੋਗਵਾਦ ਅਤੇ ਛਲਕਪਟਵਾਦ ਨੂੰ ਆਪਣੀਆਂ ਰਚਨਾਵਾਂ ਦਾ

ਵਾਹਣ ਬਣਾ ਕੇ ਇਸ ਦਾ ਪਰਦਾ ਫਾਸ਼ ਹੀ ਨਹੀਂ ਕਰਦੇ ਸਗੋਂ ਸੰਭਾਵੀ ਮਾਨਵਵਾਦੀ ਜੀਵਨ ਮੁੱਲਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ। ਇਸ ਵਿਸ਼ਲੇਸ਼ਣ ਦੀ ਪ੍ਰਕਿਰਿਆ ਰਾਹੀਂ ਸਥਿਤੀਆਂ/ਪ੍ਰਸਥਿਤੀਆਂ ਸੰਬੰਧੀ ਤੱਥ-ਮੂਲਕ ਗਿਆਨ ਪ੍ਰਾਪਤ ਕਰਦੇ ਹਨ ਅਤੇ ਸੰਸਲੇਸ਼ਣ ਰਾਹੀ ਵਸਤੂਆਂ/ਵਰਤਾਰਿਆਂ ਦਾ ਬਿੰਬ ਸਿਰਜਦੇ ਹਨ। ਦੂਜੇ ਸ਼ਬਦਾਂ ਵਿੱਚ ਉਹ ਮਨ ਵਿੱਚ ਉਤਪੰਨ ਹੋਏ ਸੰਵੇਗਾਂ ਨੂੰ ਸ਼ਾਬਦਿਕ/ਚਿੰਨਾਤਮਿਕ ਰੂਪ ਪ੍ਰਦਾਨ ਕਰਕੇ ਕਾਵਿ-ਕਲਾ ਰਾਹੀਂ ਸਮੂਰਤ ਕਰਨ ਦਾ ਉਪਰਾਲਾ ਕਰਦੇ ਹਨ। ਇਸ ਪ੍ਰਕਿਰਿਆ ਵਿੱਚ ਉਹਨਾਂ ਦੀ ਸ਼ੈਲੀ ਸਹਿਜ ਅਤੇ ਸੁਭਾਵਿਕ ਗੁਣ ਅਖਤਿਆਰ ਕਰਦੀ ਹੈ ਅਤੇ ਉਹਨਾਂ ਦੀਆਂ ਅਧਿਕਤਮ ਰਚਨਾਵਾਂ ਦੇ ਆਦਿ ਬਿੰਦੂ ਦਾ ਸਫ਼ਰ ਅਤੇ ਵਿਕਾਸ ਪਏ-ਦਾਅ ਵੱਲ ਵੱਧਦਾ ਹੋਇਆ ਆਪਣੀ ਚਰਮ ਸੀਮਾਂ ਤੱਕ ਪੁੱਜਦਾ ਹੈ। ਇਹੋ ਹੀ ਕਾਰਨ ਹੈ ਕਿ ਉਹਨਾਂ ਦੀਆਂ ਵਧੇਰੇ ਰਚਨਾਵਾਂ ਸਮਰੂਪੀ ਹਨ।

ਬੁਲੰਦਵੀ ਜੀ ਵਿਸ਼ਵ ਦ੍ਰਿਸ਼ਟੀ ਦੇ ਧਾਰਨੀ ਜਾਗਰੂਕ ਮਨੁੱਖ ਹਨ। ਉਹ ਇਸ ਦ੍ਰਿਸ਼ਟੀ ਦੇ ਸੰਚਾਰ ਲਈ ਸੰਬੋਧਨੀ, ਸਿੱਧੀ, ਸਪੱਸ਼ਟ ਅਤੇ ਜੋਸ਼ੀਲੀ ਵਿਧੀ ਅਪਣਾਉਣ ਦੀ ਥਾਂ ਕਿਤੇ ਕਿਤੇ ਮੱਧਮ ਅਤੇ ਕਿਤੇ-ਕਿਤੇ ਨੀਵੀਂ ਸੁਰ ਦੀ ਜੁਗਤ ਅਪਣਾਉਂਦੇ ਹਨ। ਕਈਆਂ ਰਚਨਾਵਾਂ ਵਿੱਚ ਉਹ ਧੁੰਦ ਦੇ ਧਾਰਨੀ ਤਾਂ  ਹੋ ਜਾਂਦੇ ਹਨ ਪਰੰਤੂ ਉਹਨਾਂ ਦਾ ਵਿਸ਼ਵ-ਵਿਆਪੀ ਸਿਧਾਂਤਕ ਦ੍ਰਿਸ਼ਟੀਕੋਣ ਉਹਨਾਂ ਨੂੰ ਮਾਨਸਿਕ ਦੁਬਿਧਾ ਦੇ ਧੁੰਧੂਕਾਰੇ ਵਿੱਚ ਗਵਾਚਣ ਤੋਂ ਬਚਾ ਲੈਂਦਾ ਹੈ। ਉਹਨਾਂ ਦੀ ਕਾਲਪਨਾਤਮਿਕ ਉਡਾਰੀ ਵਿੱਚ ਕੁਦਰਤ ਦੇ ਪਾਸਾਰ ਉਪਲੱਬਧ ਹਨ। ਉਹਨਾਂ ਦੀ ਪ੍ਰੇਰਨਾ ਦੇ ਸਰੋਤ ਰਹੱਸਵਾਦੀ ਜਗਤ ਵਿੱਚ ਨਹੀਂ ਵਿਚਰਦੇ ਸਗੋਂ ਮਾਨਵ ਦੀ ਹੋਣੀ ਨਾਲ ਭਲੀਭਾਂਤ ਸੰਯੁਕਤ ਹਨ। ਉਹਨਾਂ ਦੀਆਂ ਕਈ ਰਚਨਾਵਾਂ ਛੰਦ-ਸਿਧਾਂਤ (ਪਿੰਗਲ, ਆਰੂਜ) ਤਾਂ ਕੀ ਲੈਅ, ਤਾਲ ਦੀ ਪਰਖ ਪੜਤਾਲ ਤੋਂ ਵੀ ਕਿਤੇ ਉਰੇ ਰਹਿ ਜਾਂਦੀਆਂ ਹਨ। ਜਿਸ ਕਰਕੇ ਉਹਨਾਂ ਦਾ ਪ੍ਰਭਾਵ ਰਸ-ਭਰਪੂਰ ਬੱਝਵਾਂ ਅਤੇ ਸਦੀਵੀ ਪੈਣ ਦੀ ਬਜਾਏ ਸ਼ਬਦਾਂ ਦੇ ਜਾਲ ਵਿੱਚ ਖਿੰਡ-ਪੁੰਡ ਜਾਂਦਾ ਹੈ।

ਬੁਲੰਦਵੀ ਵਿੱਚ ਆਹਲਾ ਦਰਜੇ ਦਾ ਸ਼ਾਇਰ ਹੋਣ ਦੀ ਸੰਭਵਾਨਾਵਾਂ ਮੌਜੂਦ ਹਨ। ਉਹਨਾਂ ਦੀਆਂ ਕੁੱਝ ਰਚਨਾਵਾਂ ਭਾਵ-ਉਤੇਜਕ ਵੀ ਹਨ। ਬੁਲੰਦਵੀ ਜੀ ਦਾ ਸ਼ੁੱਭਚਿੰਤਕ ਹੋਣ ਦੇ ਨਾਤੇ ਮੈਂ ਉਹਨਾਂ ਪਾਸੋਂ ਭਵਿੱਖ ਵਿੱਚ ਰਸ ਭਰਪੂਰ ਅਤੇ ਸ਼ਕਤੀਸ਼ਾਲੀ ਰਚਨਾਵਾਂ ਦੀ ਕਾਮਨਾ ਕਰਦਾ ਹਾਂ।

- ਗੁਰਨਾਮ ਢਿੱਲੋਂ

## ਫਾਸ਼ੀਵਾਦ ਨੂੰ ਵੰਗਾਰ

'ਫਾਸ਼ੀਵਾਦ ਨੂੰ ਵੰਗਾਰ' ਡੋਲੋਰਸ ਇਬਾਰੂਰੀ (ਲਾ ਪਾਸੀਓਨਾਰੀਆ) ਦੁਆਰਾ ਲਿਖੀ ਹੋਈ ਉਸ ਦੀ ਆਪਣੀ ਜੀਵਨੀ ਹੈ। ਜਿਹੜੀ ਲੰਮਾਂ ਸਮਾਂ ਸਪੇਨ ਦੀ ਕੌਮਊਨਿਸਟ ਪਾਰਟੀ ਦੀ ਜਨਰਲ ਸੈਕਟਰੀ ਰਹੀ ਤੇ ਆਪਣੀ ਮੌਤ ਦੇ ਦਿਨ ਤੱਕ ਉਹ ਪਾਰਟੀ ਦੀ ਪ੍ਰਧਾਨ ਬਣੀ ਰਹੀਂ। ਭਾਵੇਂ ਓਪਰੀ ਨਜ਼ਰੇ ਦੇਖਿਆਂ ਇਹ ਪੁਸਤਕ ਸਵੈ ਜੀਵਨੀ ਘੱਟ ਪਰ ਰਾਜਸੀ ਘਟਨਾ ਕ੍ਰਮ ਦਾ ਬਿਰਤਾਂਤ ਵੱਧ ਜਾਪਦੀ ਹੈ ਪਰ ਅਸਲ ਵਿਚ ਇਸ ਪੁਸਤਕ ਦੀ ਇਤਿਹਾਸਕ ਮਹੱਤਤਾ ਵੀ ਇਸੇ ਵਿਚ ਹੀ ਹੈ ਕਿ ਇਹ ਪੁਸਤਕ ਉਸ ਔਰਤ ਦੀ ਲਿਖੀ ਹੋਈ ਹੈ ਜਿਹੜੀ ਨਿੱਜੀ ਜੀਵਨ ਤੋਂ ਉੱਪਰ ਉੱਠ ਕੇ ਸਮਾਜਕ ਜੀਵਨ ਬਤੀਤ ਕਰਦੀ ਹੈ। ਜਿਸ ਦਾ ਨਿਜ ਸਮਾਜ ਨਾਲ ਇਕ ਮਿਕ ਹੋ ਕੇ ਸਮਾਜਕ ਨਿਜ ਬਣ ਜਾਂਦਾ ਹੈ। ਇਹੋ ਹੀ ਕਾਰਨ ਹੈ ਕਿ ਇਹ ਸਵੈ ਜੀਵਨ ਵੀ ਉਸ ਦੇ ਨਿੱਜੀ ਜੀਵਨ ਵਾਰੇ ਘੱਟ ਸਗੋਂ ਉਸ ਦੇ ਸਮਾਜਕ ਜੀਵਨ ਬਾਰੇ ਵੱਧ ਜਾਣਕਾਰੀ ਪ੍ਰਦਾਨ ਕਰਦੀ ਹੈ।

ਇਕ ਖਾਨ ਮਜਦੂਰ ਦੀ ਧੀ ਉਸ ਪਿੰਡ ਵਿਚ ਪੈਦਾ ਹੁੰਦੀ ਹੈ ਜਿੱਥੇ ਜਿੱਥੇ ਸਾਰੇ ਲੋਕ ਖਾਨ ਵਿਚ ਕੰਮ ਕਰਦੇ ਹਨ। ਦਿਨ ਰਾਤ ਖਾਨ ਵਿਚ ਕੰਮ ਕਰਨਾ ਹੀ ਉਨ੍ਹਾਂ ਦੀ ਜਿੰਦਗੀ ਹੈ। ਇੱਥੇ ਹੀ ਉਹ ਮਰ ਮੁਕ ਜਾਂਦੇ ਹਨ। ਉਨ੍ਹਾਂ ਲੋਕਾਂ ਦਾ ਬੜਾ ਹੀ ਨਿੱਕਾ ਜਿਹਾ ਇਤਿਹਾਸ ਹੈ। ਘਰ ਤੋਂ ਕੰਮ ਤੇ ਕੰਮ ਤੋਂ ਘਰ ਬਸ ਇਹ ਹੀ ਉਨ੍ਹਾਂ ਦੀ ਜਿੰਦਗੀ ਹੈ। ਇਹ ਵਰਤਾਰਾ ਕਿਸੇ ਇਕ ਖਾਨ ਮਜਦੂਰ ਦਾ ਵਰਤਾਰਾ ਨਹੀਂ ਸਗੋਂ ਖਾਨਾ ਵਿਚ ਕੰਮ ਕਰਦੇ ਸਾਰੇ ਹੀ ਕਿਰਤੀਆਂ ਦੀ ਕਿਸਮਤ ਵਿਚ ਇਹ ਹੀ ਲਿਖਿਆ ਹੋਇਆ ਹੈ। ਉਹ ਭਾਵੇਂ ਬਹੁਤਾ ਪੜ੍ਹ ਨਹੀਂ ਸਕਦੀ ਪਰ ਅੱਖਰ ਗਿਆਨ ਤੱਕ ਪਹੁੰਚ ਜਾਂਦੀ ਹੈ। ਜਿੱਥੇ ਕਾਰਲ ਮਾਰਕਸ ਦੀਆਂ ਲਿਖਤਾਂ 2ਪੜਕੇ ਉਸ ਦੀ ਸਮਝਦਾਰੀ ਬਣਦੀ ਹੈ ਕਿ ਇਸ ਸਮਾਜ ਪ੍ਰਬੰਧ ਨੂੰ ਬਦਲਿਆ ਜਾ ਸਕਦਾ ਹੈ। ਜਿੰਦਗੀ ਦੇ ਨਿੱਕੇ ਵੱਡੇ ਮਸਲਿਆਂ ਦੀ ਸਮਝ ਇਕ ਦਿਨ ਇਸ ਮਕਾਮ ਤੇ ਪਹੁੰਚ ਜਾਂਦੀ ਹੈ ਕਿ ਮਜਦੂਰ ਕੋਲ ਹੋਰ ਕੋਈ ਬਦਲ ਹੀ ਨਹੀਂ ਹੈ ਜਿੰਦਗੀ ਦਾ ਇਕੋਂ ਇਕ ਰਸਤਾ ਸੰਘਰਸ਼ ਹੀ ਹੈ ਤੇ ਉਸ ਦਿਨ ਤੋਂ ਬਆਦ ਉਹ ਸੰਘਰਸ਼ ਦਰ ਸੰਘਰਸ਼ ਕਰਦੀ ਹੋਈ ਨਿੱਜੀ ਜੀਵਨ ਨੂੰ ਲੋਕ ਜੀਵਨ ਵਿਚ ਅਭੇਦ ਕਰ ਦਿੰਦੀ ਹੈ।

ਇਸ ਪੁਤਕਰ ਵਿੱਚੋਂ ਸਪੇਨ ਦੀ ਕੌਮਨਿਸ਼ਟ ਪਾਰਟੀ ਦਾ ਇਤਿਹਾਸ ਵੀ ਦੇਖਿਆ ਜਾ ਸਕਦਾ ਹੈ। ਦੂਜੀ ਸੰਸਾਰ ਜੰਗ ਤੇ ਉਸ ਦੀ ਭਿਆਨਕ ਤਬਾਹੀ ਦੇ ਬਿਰਤਾਂਤ ਨੂੰ ਵੀ ਪੜ੍ਹਿਆ ਜਾ ਸਕਦਾ ਹੈ। ਬਾਲਸ਼ਿਵਕ ਇਨਕਲਾਬ ਤੇ ਤੀਜੀ ਇਟਰਨੈਸ਼ਨਲ ਦੇ ਦੁਫਾੜ ਨੂੰ ਵੀ ਸਮਝਿਆ ਜਾ ਸਕਦਾ ਹੈ। ਸੰਘਰਸ਼ ਤੇ ਕੁਰਬਾਨੀ ਦੀ ਭਾਵਨਾ ਨਾਲ ਨੱਕੋ ਨੱਕ ਭਰੀ ਲਾ ਪਾਸੀਓਨਾਰੀਆ ਸਪੇਨ ਦੇ ਲੋਕਾਂ ਲਈ ਹੀ ਨਹੀਂ ਲੜਦੀ ਸਗੋਂ ਉਹ ਸੰਸਾਰ ਫਾਸ਼ੀਵਾਦ ਦੀਆਂ ਜੜ੍ਹਾਂ ਧਰਤੀ 'ਤੇ ਪੱਕੇ ਤੌਰ 'ਤੇ ਨਾ ਲੱਗ ਜਾਣ ਇਸ ਲਈ ਵੀ ਲੋਕ ਘੋਲ ਉਸਾਰਦੀ ਹੈ ਭਾਂਵੇ ਇਸ ਲਈ ਉਸ ਨੂੰ ਬਹੁਤ ਵੱਡੀ ਕੀਮਤ ਤਾਰਨੀ ਪੈਂਦੀ ਹੈ ਪਰ ਉਹ ਤਾਰਦੀ ਹੈ। ਉਸਦੇ ਲੋਕ ਇਸ ਯੁਧ ਦੀ ਭੇਟਾ ਚੜ੍ਹ ਜਾਂਦੇ ਹਨ। ਉਸ ਦੇ ਪਰਿਵਾਰ ਦੇ ਮੈਂਬਰ ਇਸ ਦੀ ਭੇਟਾ ਚੜ੍ਹਦੇ ਹਨ ਪਰ ਉਹ ਹਰ ਕੋਸ਼ਿਸ਼ ਦੇ ਬਾਵਜੂਦ ਲੜਦੀ ਹੈ ਕਿ ਇਹ ਫਾਸ਼ੀਵਾਦ ਦਾ ਅੱਥਰਾ ਘੋੜਾ ਜੇ ਸਪੇਨ ਦੀ ਧਰਤੀ ਤੇ ਨਾ ਰੋਕਿਆ ਗਿਆ ਤਾਂ ਇਹ ਦੁਨੀਆਂ ਭਰ ਦੀਆਂ ਹਰਿਆਲੀਆਂ ਚੁਗਣ ਲਈ ਦੇਸ਼ਾਂ ਦੀਆਂ ਭੂਗੋਲਿਕ ਹੱਦਾਂ ਬਿਨ੍ਹਾਂ ਕਿਸੇ ਵੀ ਰੋਕ ਦੇ ਟੱਪਦਾ ਰਹੇਗਾ। ਹਿਟਲਰ ਦੀ ਸੱਤਾ ਨੂੰ ਵੰਗਾਰਨਾ ਤੇ ਉਸ ਨਾਲ ਲੰਮਾਂ ਸਮਾਂ ਟੱਕਰ ਲੈਣੀ ਜੋ ਸਪੇਨ ਦੇ ਲੋਕਾਂ ਦੇ ਹਿੱਸੇ ਆਇਆ ਤੇ ਇਸ ਦੀ ਅਗਵਾਈ ਇਸ ਮਹਾਨ ਔਰਤ ਨੇ ਬਿਨ੍ਹਾ ਕਿਸੇ ਵੀ ਖੌਫ ਦੇ ਕੀਤੀ।

ਇਸ ਜੀਵਨੀ ਦੀ ਵੱਖਰਤਾ ਇਸ ਗੱਲ ਵਿਚ ਹੈ ਕਿ ਉਹ ਕੇਂਦਰ ਵਿਚ ਲੋਕਾਂ ਨੂੰ ਰੱਖਦੀ ਹੈ ਲੋਕਾਂ ਦੇ ਮਸਲਿਆਂ ਨੂੰ ਰੱਖਦੀ ਹੈ। ਉਸ ਦਾ ਨਿੱਜ ਸਾਰੀ ਜੀਵਨੀ ਵਿਚ ਕਿਤੇ ਵੀ ਭਾਰੂ ਨਹੀਂ ਹੁੰਦਾ। ਉਸ ਦੇ ਛੇ ਬੱਚੇ ਸਨ ਜਿਨ੍ਹਾਂ ਵਿੱਚੋਂ ਚਾਰ ਤਾਂ ਘਰ ਦੀਆਂ ਆਰਥਿਕ ਤੰਗੀਆਂ ਨੇ ਖਾ ਲਏ ਪੰਜਵਾਂ ਜੀਵਤ ਬੇਟਾ ਰੂਬਿਨ ਹਿਟਲਰ ਦੇ ਫਾਸ਼ੀਵਾਦ ਦੇ ਖਿਲਾਫ ਲੜਦਾ ਹੋਇਆ ਸਹੀਦ ਹੋ ਗਿਆ। ਪਰ ਉਹ ਸਵੈ ਜੀਵਨੀ ਵਿਚ ਨਾ ਤਾਂ ਕਿਤੇ ਉਲਾਰ ਹੁੰਦੀ ਹੈ ਨਾ ਕਿਤੇ ਉਹ ਭਾਵਕ ਹੁੰਦੀ ਹੈ। ਸਪੇਨ ਦੀਆਂ ਰਾਜਸੀ, ਸਮਾਜਕ, ਆਰਥਿਕ ਤੇ ਸਭਿਆਚਾਰਕ ਪ੍ਰਸਿਥੀਆਂ ਦਾ ਵਰਨਣ ਕਰਦੀ ਹੋਈ ਉਹ ਮਾਰਕਸਵਾਦੀ ਆਗੂ ਵਾਂਗ ਹੀ ਵਿਚਰਦੀ ਹੈ ਤੇ ਮਾਰਕਸੀ ਚਿੰਤਕ ਵਾਂਗ ਹੀ ਸਾਰੀਆਂ ਪਰਸਿਥਤੀਆਂ ਦਾ ਪੁਨਰ ਮੁਲੰਕਣ ਕਰਦੀ ਹੋਈ ਪੁਨਰਸਿਰਜਣ ਕਰਦੀ ਹੈ।

ਇਸ ਸਵੈ ਜੀਵਨੀ ਦਾ ਪੰਜਾਬੀ ਅਨੁਵਾਦ ਬੂਟਾ ਸਿੰਘ ਨੇ ਪੰਜਾਬੀ ਸਭਿਆਚਾਰਕ ਦਰਿਸ਼ਟੀ ਤੋਂ ਏਨਾ ਖੁੱਬਕੇ ਕੀਤਾ ਹੈ ਕਿ ਇਹ ਪੁਸਤਕ ਸਪੇਨ ਤੋਂ ਅੰਗਰੇਜੀ ਵਿਚ ਹੋਈ ਤੇ ਫਿਰ ਅੰਗਰੇਜ਼ੀ ਤੋਂ ਪੰਜਾਬੀ ਵਿਚ ਹੋਈ ਇਹ ਮਹਿਸੂਸ ਹੀ ਨਹੀਂ ਹੁੰਦਾ। ਇਸ ਲਈ ਅਨੁਵਾਦਕ ਜਿੱਥੇ ਵਧਾਈ ਦਾ ਹੱਕਦਾਰ ਹੈ ਉੱਥੇ ਪੰਜ ਆਬ ਪ੍ਰਕਾਸ਼ਨ ਜਲੰਧਰ ਵੀ ਵਧਾਈ ਦਾ ਹੱਕਦਾਰ ਹੈ ਜਿਸ ਨੇ ਇਸ ਵੱਡ ਅਕਾਰੀ ਪੁਸਤਕ ਨੂੰ ਪੰਜਾਬੀ ਵਿਚ ਪ੍ਰਕਾਸ਼ਤ ਕਰਕੇ ਪੰਜਾਬੀ ਪਾਠਕਾ ਲਈ ਇਸ ਸੰਸਾਰ ਪ੍ਰਸਿਧ ਪੁਸਤਕ ਤਕ ਪਹੁੰਚ ਕਰਵਾਈ ਹੈ।

- ਡਾ. ਤੇਜਿੰਦਰ ਵਿਰਲੀ (
9464797400 )

## ਪੁਸਤਕ ਪ੍ਰਾਪਤੀ

1. ਦੂਜੇ ਸ਼ਬਦਾਂ 'ਚ (ਕਵਿਤਾ) ਮਨਮੋਹਨ, ਪੰਨੇ 111 ਮੁੱਲ 140/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
2. ਛਾਂ ਕਿੱਕਰਾਂ ਦੀ (ਗ਼ਜ਼ਲਾਂ) ਕਸ਼ਮੀਰ ਨੀਰ, ਪੰਨੇ 104, ਮੁੱਲ 150/- ਆਰਸੀ ਪਬਲਿਸ਼ਰਜ਼, ਦਿੱਲੀ
3. ਵਿਲਕਦਾ ਰੁੱਖ (ਕਵਿਤਾਵਾਂ) ਮਲਕੀਤ ਜੌੜਾ, ਮੁੱਲ 120/-, ਪੰਨੇ 96, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
4. ਉੱਠ ਗਏ ਗਵਾਢੋਂ ਯਾਰ (ਸਫ਼ਰਨਾਮਾ ਪਾਕਿਸਤਾਨ) ਹਰਨੇਕ ਸਿੰਘ ਘੜੂਆ, ਪੰਨੇ 270, ਮੁੱਲ 300/- ਚੇਤਨਾ ਪ੍ਰਕਾਸ਼ਨ, ਲੁਧਿਆਣਾ
5. ਛੇਵਾਂ ਦਰਿਆ (ਨਾਵਲ) ਸੁਰਿੰਦਰ ਸਿੰਘ ਸੇਠੀ, ਪੰਨੇ 176, ਮੁੱਲ 180/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
6. ਫਾਸੀਵਾਦ ਨੂੰ ਵੰਗਾਰ (ਸਵੈ-ਜੀਵਨੀ ਡੋਲੋਰਸ ਇਬਾਰੂਰੀ ਪੰਜਾਬੀ ਅਨੁਵਾਦ ਬੂਟਾ ਸਿੰਘ, ਪੰਨੇ 344, ਮੁੱਲ 200/- ਪੰਜਾਬ ਆਬ ਪ੍ਰਕਾਸ਼ਨ, ਜਲੰਧਰ
7. ਸੱਚ-ਸੁਰਚ (ਸਵੈ-ਜੀਵਨੀ) ਸੁਰਿੰਦਰ ਜੀਤ ਕੌਰ ਯੂਨੀਸਟਾਰ, ਚੰਡੀਗੜ੍ਹ
8. ਸ਼ੀਸ਼ੇ ਦੀ ਜੂਨ (ਕਵਿਤਾ) ਅਤਿੰਦਰ ਸੰਧੂ ਪੰਨੇ 112, ਮੁੱਲ 160/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ
9. ਚੋਣਵੀਂ ਕਵਿਤਾ (ਬਾਬਾ ਨਜਮੀ) ਪੰਨੇ 204, ਮੁੱਲ 150/- ਪੰਜਨਾਦ ਪ੍ਰਕਾਸ਼ਨ, ਲਾਂਬੜਾ (ਜਲੰਧਰ)
10. ਰਤਨ ਕੋਠੜੀ ਖੁੱਲੀ ਅਨੂਪ (ਸ਼ਬਦ-ਚਿੱਤਰ) ਸੰਪਾਦਕ/ਲੇਖਕ ਨ. ਸ. ਰਤਨ ਪੰਨੇ 80, ਮੁੱਲ 75/- ਸਾਰੰਗ ਲੋਕ ਮੁਹਾਲੀ
11. ਆਪਣਾ-ਆਪਣਾ ਆਕਾਸ਼ (ਲੰਮੀ ਕਵਿਤਾ) ਅਜਾਇਬ ਕਮਲ, ਮੁੱਲ 200/-, ਪੰਨੇ 120, ਯੂਨੀਸਟਾਰ ਚੰਡੀਗੜ੍ਹ
12. ਨਾ ਅੰਤ, ਨਾ ਆਦਿ (ਲੰਮੀ ਗ਼ਜ਼ਲ) ਸੁਰਜੀਤ ਜੱਜ, ਪੰਨੇ 160, ਮੁੱਲ 200/- ਚੇਤਨਾ ਪ੍ਰਕਾਸ਼ਨ, ਲੁਧਿਆਣਾ
13. ਚਰਾਗਾਹਾਂ ਤੋਂ ਪਾਰ (ਕਵਿਤਾ) ਹਰਵਿੰਦਰ ਭੰਡਾਲ, ਪੰਨੇ 84, ਮੁੱਲ 100/- ਚੇਤਨਾ ਪ੍ਰਕਾਸ਼ਨ, ਲੁਧਿਆਣਾ
14. ਰਿਸ਼ਤਿਆਂ ਦਾ ਮਹਿਲ (ਕਵਿਤਾਵਾਂ) ਗੁਰਦਿਆਲ ਪੱਲਾ, ਮੁੱਲ 125/- ਪੰਨੇ 95, ਯੂਨੀਸਟਾਰ ਬੁਕਸ, ਚੰਡੀਗੜ੍ਹ
15. ਮਹਿਫ਼ਲ ਮਹਿਫ਼ਲ (ਗ਼ਜ਼ਲਾਂ) ਗੁਰਦੀਪ, ਮੁੱਲ 140/-, ਪੰਨੇ 113, ਯੂਨੀਸਟਾਰ ਬੁਕਸ, ਚੰਡੀਗੜ੍ਹ
16. ਤਿੰਨ ਤਾਲ (ਗ਼ਜ਼ਲਾਂ) ਅਜਾਇਬ ਚਿੱਤਰਕਾਰ, ਮੁੱਲ 250/-, ਪੰਨੇ 248, ਯੂਨੀਸਟਾਰ ਬੁਕਸ, ਚੰਡੀਗੜ੍ਹ
17. ਕਹਿ ਰਿਹਾਂ ਹਾਂ ਗ਼ਜ਼ਲ ਮੈਂ (ਸਮੁੱਚੀਆਂ ਗ਼ਜ਼ਲਾਂ) ਖੁਸ਼ਵੰਤ ਕੰਵਲ, ਪੰਨੇ 304, ਮੁੱਲ 350/- ਯੂਨੀਸਟਾਰ ਬੁਕਸ ਚੰਡੀਗੜ੍ਹ
18. ਮੋਰ ਪੰਖ (ਗ਼ਜ਼ਲਾਂ) ਗੁਰਭਜਨ ਗਿੱਲ, ਪੰਨੇ 120, ਮੁੱਲ 140/- ਚੇਤਨਾ ਪ੍ਰਕਾਸ਼ਨ, ਲੁਧਿਆਣਾ
19. ਪੰਜਾਬੀ ਗ਼ਜ਼ਲ ਦਾ ਮਾਣ, ਸੁਲੱਖਣ ਸਰਹੱਦੀ, ਮੁੱਲ 100/-, ਪੰਨੇ 96, ਲੋਕਧਾਰਾ, ਅੰਮ੍ਰਿਤਸਰ
20. ਖਾਮੋਸ਼ੀ ਦੀ ਮੌਤ (ਕਵਿਤਾਵਾਂ) ਡਾ. ਗਗਨਦੀਪ ਕੌਰ, ਪੰਨੇ 80, ਮੁੱਲ 100/- ਬਲਰਾਜ ਸਾਹਨੀ ਪ੍ਰਕਾਸ਼ਨ, ਬਠਿੰਡਾ
21. ਮਖੌਟਿਆਂ ਦੇ ਆਰ-ਪਾਰ (ਕਵਿਤਾਵਾਂ), ਪੰਨੇ 152, ਮੁੱਲ 100/- ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਗੁਰੂ ਕੀ ਨਗਰੀ, ਬਠਿੰਡਾ
22. ਮੈਂ ਸ਼ਿਖੰਡੀ ਨਹੀਂ (ਨਾਵਲ) ਰਾਮ ਸਰੂਪ ਰਿਖੀ, ਪੰਨੇ 250, ਮੁੱਲ 250/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
23. ਜਸਟਿਸ ਅਜੀਤ ਸਿੰਘ ਬੈਂਸ (ਜੀਵਨੀ) ਖੋਜੀ ਕਾਫ਼ਰ, ਮੁੱਲ 150/- ਪੰਨੇ 150/- ਸਿੰਘ ਬ੍ਰਦਰਜ਼, ਅੰਮ੍ਰਿਤਸਰ




# ਸਰਲ ਪਿੰਗਲ ਅਤੇ ਅਰੂਜ਼

ਸਰਹੱਦੀ ਜੀ ਦੀ ਇਸ ਪੁਸਤਕ ਵਿਚ ਪਿੰਗਲ ਅਤੇ ਅਰੂਜ਼ ਨੂੰ ਸਰਲਤਾ ਨਾਲ ਪੇਸ਼ ਕੀਤਾ ਗਿਆ ਹੈ। ਇਸ ਵਿਚ ਪੰਜਾਬੀ ਦੇ 500 ਸ਼ਾਇਰਾਂ ਦੇ 2000 ਸ਼ਿਅਰਾਂ ਦੇ ਹਵਾਲੇ ਹਨ।

## ਪ੍ਰਕਾਸ਼ਕ ਯੂਨੀਸਟਾਰ ਬੁੱਕਸ ਚੰਡੀਗੜ੍ਹ

# ਸੰਸਾਰ ਪ੍ਰਸਿੱਧ ਪੁਸਤਕ "ਇਰਫ਼ਾਨ"

ਦਾ ਪੰਜਾਬੀ ਅਨੁਵਾਦ

ਅਨੁਵਾਦਕ-ਸੁਲੱਖਣ ਸਰਹੱਦੀ

ਸਫ਼ੇ- 500 ਮੁੱਲ 500

## ਪ੍ਰਕਾਸ਼ਕ- ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ

Chirag Quarterly Oct-Dec 2010
Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿਮਤ ਯਾਰ ਬਣਾਈ ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ ®

# ਅਮਰ ਪ੍ਰੀਤ

ਅਤੇ

# AMAR PREET

*Growth is Life*

## ਸੰਗਰਾਮ (ਗੋਲੀ ਅਤੇ ਮੈਸ਼)

## ਸੰਤੁਲਿਤ ਪਸ਼ੂ ਖੁਰਾਕ

**ਡੀਲਰਸ਼ਿਪ ਲਈ ਸੰਪਰਕ ਕਰੋ-**

**ਪ੍ਰੀਤ ਫੀਡ ਸੇਲਜ਼ ਤਰਨ ਤਾਰਨ**

ਫੋਨ :-

**01852-222927 (M) 98760-72265**

**Fax:- 01852-225327**